ਅੱਠਵਾਂ ਸਾਲ

# ਪਰਦੇਸ ਟਾਇਮਜ਼

Pardes Times Bi-weekly

ਮਾਂ-ਬੋਲੀ ਨੂੰ ਸਮਰਪਿਤ

ਬਲਬੀਰ ਸਿੰਘ ਐਮ.ਏ. ਮੁੱਖ ਸੰਪਾਦਕ

8th year in Publication

www.pardestimes.com

VOL- 8 No. 182 December 11, 2013 E-mail : info@pardestimes.com Ph.: 510-938-7771, Fax- 510-740-3520

# ਮਿੱਥੇ ਸਮੇਂ ਤੋਂ ਪਹਿਲਾਂ ਨਹੀਂ ਹੋ ਸਕਦੀਆਂ ਭਾਰਤ ਵਿਚ ਲੋਕ ਸਭਾ ਚੋਣਾਂ

## ਮਹਿੰਗਾਈ ਕਾਰਨ ਕਾਂਗਰਸ, ਮੋਦੀ ਕਾਰਨ ਭਾਜਪਾ ਰਹਿ ਸਕਦੀਆਂ ਨੇ ਸੱਤਾ ਤੋਂ ਦੂਰ

ਨਵੀਂ ਦਿੱਲੀ- ਹਾਲ ਹੀ ਵਿਚ ਹੋਈਆਂ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਬੇਸ਼ੱਕ 3 ਸੂਬਿਆਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਭਰਪੂਰ ਸਮਰਥਨ ਮਿਲਿਆ ਹੈ, ਪਰ ਇਹਨਾਂ ਚੋਣਾਂ ਨੂੰ ਆਗਾਮੀ ਲੋਕ ਸਭਾ ਚੋਣਾਂ ਦੇ ਕਾਫੀਏ ਤੋਂ ਨਹੀਂ ਦੇਖਿਆ ਜਾ ਸਕਦਾ। ਇਹਨਾਂ ਚੋਣਾਂ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਕਾਂਗਰਸ ਹੁਣ ਚੋਣ ਮੈਦਾਨ ਵਿਚ ਜਾਣ ਦੀ ਕਾਹਲੀ ਨਹੀਂ ਕਰੇਗੀ। ਮੌਜੂਦਾ ਸੱਤਾਧਾਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਦੇ ਕੋਲ ਹੁਣ ਵੀ ਤਿੰਨ ਮਹੀਨੇ ਦਾ ਸਮਾਂ ਬਾਕੀ ਹੈ। ਇਸ ਸਮੇਂ ਦੀ ਵਰਤੋਂ ਕਾਂਗਰਸ ਹੁਣ ਆਪਣਾ ਅਕਸ ਸੁਧਾਰਨ ਦੀ ਕੋਸ਼ਿਸ਼ ਵਿਚ ਕਰੇਗੀ। ਕਾਂਗਰਸ ਨੂੰ ਸਭ ਤੋਂ ਜ਼ਿਆਦਾ ਮਾਰ ਭ੍ਰਿਸ਼ਟਾਚਾਰ, ਮਹਿੰਗਾਈ ਵਰਗੇ ਮੁੱਦਿਆਂ ਦੇ ਕਾਰਨ ਹੈ। ਇਹ ਅਜਿਹੇ ਮੁੱਦੇ ਹਨ, ਜਿਹੜੇ ਜਨ ਸਧਾਰਨ ਨੂੰ ਸਿੱਧੇ ਤੌਰ ਤੇ ਪ੍ਰਭਾਵਿਤ ਕਰਦੇ ਹਨ। ਅੰਨਾ ਹਜ਼ਾਰੇ ਫੈਕਟਰ ਦੇ ਕਾਰਨ ਕਾਂਗਰਸ ਦੀ ਇੰਨੀ ਬਦਨਾਮੀ ਹੋਈ ਹੈ ਕਿ ਇਸ ਤੋਂ ਬਚਾਅ ਦੇ ਲਈ ਹੁਣ ਇਸ ਪਾਰਟੀ ਦੀ ਸਰਕਾਰ 'ਅੱਕ ਚੱਬਣ' ਦੀ ਪੂਰੀ ਕੋਸ਼ਿਸ਼ ਕਰੇਗੀ। ਲੋਕ ਸਭਾ ਦਾ ਸੈਸ਼ਨ ਸ਼ੁਰੂ ਹੋ ਗਿਆ ਹੈ। ਇਸ ਸੈਸ਼ਨ ਵਿਚ ਕਾਂਗਰਸ ਉਹੀ ਵਿਵਾਦਗ੍ਰਸਤ ਬਿਲ ਲਿਆਉਣ ਜਾ ਰਹੀ ਹੈ, ਜਿਸ ਦੇ ਕਾਰਨ ਇਸ ਸਰਕਾਰ ਦੀ ਅੰਨਾ ਹਜ਼ਾਰੇ ਨੇ ਫੂਕ ਕੱਢੀ ਸੀ। ਕਾਂਗਰਸ ਦੇ ਕੋਲ ਇਸ ਵਕਤ ਲੋਕ ਸਭਾ ਵਿਚ ਬਹੁਮਤ ਨਹੀਂ ਹੈ, ਇਸ ਨੂੰ ਸਪੋਰਟ ਕਰਨ ਵਾਲੀਆਂ ਪ੍ਰਮੁੱਖ ਪਾਰਟੀਆਂ ਬਸਪਾ ਅਤੇ ਸਪਾ ਨੇ ਹਾਲੇ ਲੋਕਪਾਲ ਬਿਲ ਤੇ ਆਪਣਾ ਸਟੈਂਡ ਸਪਸ਼ਟ ਨਹੀਂ ਕੀਤਾ ਹੈ। ਕਾਂਗਰਸ ਇਹ ਜਾਣਦੀ ਹੈ ਕਿ ਉਸ ਕੋਲ ਬਹੁਮਤ ਨਹੀਂ, ਇਸ ਦੇ ਬਾਵਜੂਦ ਵੀ ਉਹ 7 ਅਜਿਹੇ ਬਿਲ ਲਿਆਉਣ ਜਾ ਰਹੀ ਹੈ, ਜਿਹਨਾਂ ਦੇ ਪਾਸ ਨਾ ਹੋਣ ਦੀ ਸੂਰਤ ਵਿਚ ਸਰਕਾਰ ਦਾ ਵੀ ਭੋਗ ਪੈ ਸਕਦਾ ਹੈ। ਪਰ ਆਤਮਘਾਤ ਦੀ ਰਾਜਨੀਤੀ ਤੋਂ ਇਲਾਵਾ ਕਾਂਗਰਸ ਦੇ ਕੋਲ ਕੋਈ ਚਾਰਾ ਬਾਕੀ ਨਹੀਂ ਰਹਿ ਗਿਆ, ਇਸ ਕਰਕੇ ਸਰਕਾਰ ਇਹ ਬਿਲ ਲਿਆਉਣ ਜਾ ਰਹੀ ਹੈ। ਇਹਨਾਂ ਬਿਲਾਂ ਦਾ ਜਿਹੜੀ ਵੀ ਪਾਰਟੀ ਵਿਰੋਧ ਕਰੇਗੀ, ਜਨਤਕ ਸਫ਼ਾਂ ਵਿਚ ਉਸ ਪਾਰਟੀ ਦਾ ਨੁਕਸਾਨ ਹੋਵੇਗਾ ਅਤੇ ਨਿਸਚਿਤ ਹੀ ਭਾਰਤੀ ਜਨਤਾ ਪਾਰਟੀ ਲਈ ਇਹ ਸਮਾਂ ਕਾਫੀ ਗੁੰਝਲਦਾਰ ਹੋਵੇਗਾ।



ਰਾਜਨੀਤੀ ਦੇ ਮਾਹਿਰ ਵਿਦਵਾਨ ਮੰਨਦੇ ਹਨ ਕਿ ਕਾਂਗਰਸ ਨਹੀਂ ਚਾਹੇਗੀ ਕਿ ਉਹ ਸਮੇਂ ਤੋਂ ਪਹਿਲਾਂ ਚੋਣ ਮੈਦਾਨ ਵਿਚ ਜਾਵੇ, ਕਿਉਂਕਿ ਉਸ ਕੋਲ ਆਖਰੀ ਟਿੱਲ ਲਗਾਉਣ ਦੇ ਲਈ ਹਾਲੇ ਵੀ 2 ਕੁ ਮਹੀਨੇ ਦਾ ਸਮਾਂ ਬਾਕੀ ਪਿਆ ਹੈ। ਇਸ ਸਮੇਂ ਦੀ ਵਰਤੋਂ ਕਾਂਗਰਸ ਹੁਣ ਆਪਣੀਆਂ ਯੋਜਨਾਵਾਂ ਨੂੰ ਪ੍ਰਚਾਰਨ ਉਤੇ ਹੀ ਲਗਾਵੇਗੀ ਕਿਉਂਕਿ ਇਸ ਤੋਂ ਇਲਾਵਾ ਕਿਸੇ ਨਵੀਂ ਯੋਜਨਾ ਨੂੰ ਯਥਾਰਥ ਰੂਪ ਦੇਣ ਲਈ ਹੁਣ ਸਮਾਂ ਬਾਕੀ ਨਹੀਂ ਰਹਿ ਗਿਆ ਹੈ। ਜਿੱਥੋਂ ਤੱਕ ਲੀਡਰਸ਼ਿਪ ਦਾ ਸਵਾਲ ਹੈ, ਕਾਂਗਰਸ ਦੇ ਕੋਲ ਤਜਰਬੇਕਾਰ ਲੀਡਰਾਂ ਦੀ ਹੁਣ ਘਾਟ ਮਹਿਸੂਸ ਹੁੰਦੀ ਜਾ ਰਹੀ ਹੈ। ਕਾਂਗਰਸ ਦੇ ਨਵੇਂ ਪ੍ਰਧਾਨ ਰਾਹੁਲ ਗਾਂਧੀ ਨੂੰ ਰਾਜਨੀਤੀ ਦਾ ਗੁੱਝਾ ਗਿਆਨ ਨਹੀਂ ਹੈ, ਉਹ ਵਿਰੋਧੀ ਧਿਰ ਭਾਜਪਾ ਦੇ ਨਵੇਂ ਬਣੇ ਲੀਡਰ ਨਰਿੰਦਰ ਮੋਦੀ ਦੇ ਮੂਹਰੇ ਟਿਕ ਨਹੀਂ ਪਾਉਣਗੇ। ਹੋਰ ਕਿਸੇ ਨੂੰ ਨਹਿਰੂ-ਗਾਂਧੀ ਪਰਿਵਾਰ ਅੱਗੇ ਲਿਆਉਣ ਲਈ ਰਾਜ਼ੀ ਨਹੀਂ ਹੋਵੇਗੀ, ਇਸ ਕਰਕੇ ਕਾਂਗਰਸ ਲੀਡਰਸ਼ਿਪ ਦੇ ਸੰਕਟ ਵਿਚ ਘਿਰੀ ਹੋਣ ਕਰਨ ਉਹੀ ਪੁਰਾਣਾ ਪੱਤਾ ਖੇਡਣ ਦੇ ਰੌਂਅ ਵਿਚ ਹੈ।

ਮੌਜੂਦਾ ਲੋਕ ਸਭਾ ਵਿਚ ਜੇਕਰ ਸਰਕਾਰ ਅੰਨਾ ਹਜ਼ਾਰੇ ਦੀ ਮੰਗ ਤੇ ਆਧਾਰਿਤ ਲੋਕਪਾਲ ਬਿਲ ਲਿਆਉਂਦੀ ਹੈ ਤਾਂ ਇਸ ਨੂੰ ਆਪਣੇ ਦਮ ਤੇ ਪਾਸ ਨਹੀਂ ਕਰਵਾ ਸਕਦੀ। ਇਸ ਬਿਲ ਦੀ ਅਸਫਲਤਾ ਦਾ ਠੀਕਰਾ ਵਿਰੋਧੀ ਪਾਰਟੀਆਂ ਦੇ ਸਿਰ ਭੰਨ ਕੇ ਕਾਂਗਰਸ ਇਸ ਇਲਜ਼ਾਮ ਤੋਂ ਮੁਕਤ ਹੋਣਾ ਚਾਹੁੰਦੀ ਹੈ ਕਿ ਉਹ ਮੁਲਕ ਵਿਚ ਇਕ ਸਮਰੱਥ ਲੋਕ ਪਾਲ ਲਿਆਉਣਾ ਨਹੀਂ ਚਾਹੁੰਦੀ। ਔਰਤਾਂ ਦੀ ਸੁਰੱਖਿਆ ਬਿਲ ਵਿਚ ਸੋਧ ਸਮੇਤ ਖੁਰਾਕ ਸੁਰੱਖਿਆ ਬਿਲ ਅਤੇ ਹੋਰ ਕਈ ਅਜਿਹੇ ਬਿਲ ਹਨ, ਜਿਹੜੇ ਮੁਫਤ ਦੀਆਂ ਰਿਓੜੀਆਂ ਵੰਡਣ ਨਾਲ ਸਬੰਧਤ ਹਨ, ਮੌਜੂਦਾ ਲੋਕ ਸਭਾ ਵਿਚ ਪਾਸ ਕਰਵਾਉਣ ਵਿਚ ਕਾਂਗਰਸ ਸ਼ਾਇਦ ਹੀ ਕਾਮਯਾਬ ਹੋ ਸਕੇ। ਜੇਕਰ ਉਹ ਅਜਿਹਾ ਨਾ ਕਰ ਸਕੀ ਤਾਂ ਬਲੀ ਦਾ ਬੱਕਰਾ ਵਿਰੋਧ ਕਰਨ ਵਾਲੀਆਂ ਪਾਰਟੀਆਂ ਨੂੰ ਬਣਾਉਣ ਦੀ ਕੋਸ਼ਿਸ਼ ਜ਼ਰੂਰ ਕਰੇਗੀ। ਪਰ ਜੇਕਰ ਵਿਰੋਧੀ ਧਿਰਾਂ ਆਪਣੇ ਤੇ ਘੱਟਾ ਪੈਣ ਤੋਂ ਡਰਦੇ ਇਹਨਾਂ ਬਿਲਾਂ ਤੇ ਹਮਾਇਤ ਕਰ ਦਿੰਦੇ ਹਨ ਜਾਂ ਇਹਨਾਂ ਨੂੰ ਆਪਣੇ ਪ੍ਰਸਤਾਵਾਂ ਮੁਤਾਬਕ ਸੋਧ ਕੇ ਪਾਸ ਕਰਵਾ ਲੈਂਦੇ ਹਨ ਤਾਂ ਕਾਂਗਰਸ ਫਿਰ ਆਪਣਾ ਕਾਰਜਕਾਲ

(ਬਾਕੀ ਸਫਾ 8 ਤੇ ਦੇਖੋ)

## ਦਿੱਲੀ ਵਿਚ ਭਾਜਪਾ ਦੀ ਡੰਗ ਟਪਾਊ ਰਾਜਨੀਤੀ

ਦਿੱਲੀ ਵਿਚ ਇਸ ਵਕਤ ਅਜੀਬੋ-ਗਰੀਬ ਸਥਿਤੀ ਬਣੀ ਹੋਈ ਹੈ। 33 ਸੀਟਾਂ ਵਾਲੀ ਸਭ ਤੋਂ ਵੱਡੀ ਪਾਰਟੀ ਭਾਰਤੀ ਜਨਤਾ ਪਾਰਟੀ ਸਰਕਾਰ ਬਣਾਉਣ ਦੀ ਪਹਿਲ ਨਹੀਂ ਕਰ ਰਹੀ ਅਤੇ 28 ਸੀਟਾਂ ਵਾਲੀ ਆਮ ਆਦਮੀ ਪਾਰਟੀ ਨੂੰ ਸਰਕਾਰ ਬਣਾਉਣ ਦੇ ਲਈ ਕਹਿ ਰਹੀ ਹੈ ਆਮ ਆਦਮੀ ਪਾਰਟੀ ਦੇ ਕੋਲ 1 ਹੋਰ ਵਿਧਾਇਕ ਦੀ ਸਪੋਰਟ ਤੋਂ ਇਲਾਵਾ ਹੋਰ ਕਿਸੇ ਪਾਰਟੀ ਤੋਂ ਹਮਾਇਤ ਨਹੀਂ ਹੈ। ਇਸ ਕਰਕੇ ਉਹ ਸਰਕਾਰ ਬਣਾ ਨਹੀਂ ਸਕਦੀ। ਇੱਧਰ ਆਮ ਆਦਮੀ ਪਾਰਟੀ ਦੀ ਚਿੰਤਾ ਇਸ ਗੱਲ ਨੂੰ ਲੈ ਕੇ ਵੀ ਹੈ ਕਿ ਉਹ ਦੇ ਵਿਧਾਇਕਾਂ ਦੀ ਕਿਤੇ ਖਰੀਦੋ-ਫਰੋਖਤ ਨਾ ਕਰ ਲਈ ਜਾਵੇ। ਇਸੇ ਵਿਚਕਾਰ ਨਵੇਂ ਚੁਣੇ ਵਿਧਾਇਕਾਂ ਨੂੰ ਇਹ ਚਿੰਤਾ ਵੀ ਸਤਾ ਰਹੀ ਹੈ ਕਿ ਕਿਤੇ ਦਿੱਲੀ ਵਿਚ ਦੁਬਾਰਾ ਚੋਣਾਂ ਨਾ ਹੋ ਜਾਣ, ਕਿਉਂਕਿ ਸਥਿਤੀ ਬਹੁਤ ਪੇਚੀਦਾ ਬਣੀ ਹੋਈ ਹੈ। ਇਸ ਹਾਲਤ ਵਿਚ ਦਿੱਲੀ 'ਚ ਕਿਸੇ ਵੀ ਪਾਰਟੀ ਦੀ ਸਰਕਾਰ ਬਣਨੀ ਬਹੁਤ ਮੁਸ਼ਕਿਲ ਹੈ ਅਤੇ ਇਕ ਦੋ ਦਿਨ ਵਿਚ ਜੇਕਰ ਕੋਈ ਹੱਲ ਨਾ ਨਿਕਲਿਆ ਤਾਂ ਉਪ ਰਾਜਪਾਲ ਦਿੱਲੀ ਵਿਚ ਗਵਰਨਰੀ ਰਾਜ ਦਾ ਐਲਾਨ ਕਰ ਸਕਦੇ ਹਨ। ਇਸ ਤੋਂ ਬਾਅਦ ਦਿੱਲੀ ਵਿਚ ਲੋਕ ਸਭਾ ਚੋਣਾਂ ਦੇ ਨਾਲ ਹੀ ਵਿਧਾਨ ਸਭਾ ਚੋਣਾਂ ਹੋ ਸਕਦੀਆਂ ਹਨ। ਹਾਲਾਂਕਿ ਨਵੀਂ ਬਣੀ ਪਾਰਟੀ ਆਮ ਆਦਮੀ ਪਾਰਟੀ ਨੂੰ ਭਾਜਪਾ ਅਤੇ ਕਾਂਗਰਸ ਦੇ ਮੁਕਾਬਲੇ ਕਿਤੇ ਜ਼ਿਆਦਾ ਵੋਟ ਮਿਲੀ ਹੈ, ਪਰ ਉਹ ਬਹੁਮਤ ਤੋਂ ਕਾਫੀ ਦੂਰ ਹੈ। ਭਾਜਪਾ ਨੂੰ ਪਹਿਲ ਕਰਦਿਆਂ ਸਰਕਾਰ ਬਣਾਉਣੀ ਚਾਹੀਦੀ ਹੈ ਕਿਉਂਕਿ ਆਮ ਆਦਮੀ ਪਾਰਟੀ ਇਸ ਹੈਸੀਅਤ ਵਿਚ ਨਹੀਂ ਕਿ ਉਹ ਆਸਾਨੀ ਨਾਲ ਸਰਕਾਰ ਬਣਾ ਸਕੇ। ਜਿੱਥੋਂ ਤੱਕ ਭਾਜਪਾ ਦਾ ਸਬੰਧ ਹੈ, ਦਿੱਲੀ ਦੇ ਜਾਗਰੂਕ ਵੋਟਰਾਂ ਦੀਆਂ ਮੁਸ਼ਕਿਲਾਂ ਨਾਲ ਨਜਿੱਠਣ ਦੀ ਉਸ ਵਿਚ ਤਾਕਤ ਨਹੀਂ ਹੈ, ਇਸ ਕਰਕੇ ਹੀ ਉਹ ਹੁਣ ਆਪਣੇ ਕਦਮ ਪਿੱਛੇ ਖਿੱਚ ਰਹੀ ਹੈ।



ਘਰ- ਮਕਾਨ, ਪਲਾਟ ਲੈਣ ਅਤੇ ਵੇਚਣ, ਲੋਨ ਲੈਣ ਅਤੇ ਪ੍ਰਾਪਰਟੀ ਸਬੰਧੀ ਹਰ ਕਿਸਮ ਦੀ ਸਲਾਹ ਲਈ ਸੰਪਰਕ ਕਰੋ

ALLIANCE BAY REALTY

AVTAR SINGH TARI

ਇਲਾਕੇ ਦੇ ਮਸ਼ਹੂਰ ਰਿਐਲਟਰ

510-742-6600 Office
510-742-9100 Fax

DRE # 01366600 Realtor
Email: Avtarstari@yahoo.com
Phone 510-750-5152

37600 Central Ct. #264, Newark, CA 94560

www.AllianceBayRealty.com



See me today and get the discounts and service you deserve

STATE FARM INSURANCE

Gurbinder S Mavi

Insurance Lic# 0F22244

Bus: 650-326-0660, Cell : 408-829-6284

988 El Monte Ave Mountain View, CA 94040

Like a Good Neighbor, State Farm is There www.gmavi.com

State farm mutual Automobile Insurance Company. State Farm Indemnity Company Bloomington. IL

A-1 INTERIOR DECORATION INC.

BEST PRICES IN THE BAY AREA

- KITCHEN CABINETS
- GRANITE COUNTERTOPS
- SINKS & FAUCETS
- HARDWOOD & LAMINATE FLOORS
- DOORS AND WINDOWS
- REMODLING & NEW CONSTRUCTION

FREE ESTIMATES



CELL 510 565-6667 OFFICE 510 732-1555 FAX 510 732-0555

Visit our showroom NOW!!!

3165 ARDEN ROAD, HAYWARD CA- 94545

AUTOBAHN Body & Paint



Specializing in Convenience & Quality



ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ

Baghel Singh Jaswal

Ph: (650) 966-1840, Fax: (650) 966-1023

www.autobahnbodypaint.com

778 Yuba Drive, Mountain View, CA 94041

ਜਸਪਰੀਤ ਸਿੰਘ

ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ

ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ



ਕੈਲੀਫੋਰਨੀਆ ਦਫਤਰ
44790 S.Grimmer blvd. # 204
Fremont, CA 94538
510-657-6444

ਨਿਊਯਾਰਕ ਦਫਤਰ
37-18-73rd ST, Ste401
Jackson Height, NY 11372
718-533-8444

ਸੈਕਰਾਮੈਂਟੋ ਦਫਤਰ
2945 W.Capitol Ave. West
Sacramento CA 95691
916-372-4448

Kash FABRICS

Bridal Boutique

- EXCLUSIVE DESIGNER LEHNGAS, SAREES
- PUNJABI & MASKALI SUITS
- COSTOM PRESSURE STONE JEWELLRY

30 Years the Name You Can Trust



Like us on Facebook

Gurjit Kaur Dhugga, Kashmir Singh Dhugga

email : Kashfabrics@gmail.com
web : www.Kashfabrics.com

510-538-1138 29576 Mission Blvd, Hayward, CA 94544



Allstate. You're in good hands.

Avninder Singh

Insurance Specialist, CA Lic. # 0822501

Auto - Home - Life - Health - Business - Commercial

PH.(510) 441-7490

Toll free (877) 441-7490

30042 MISSION BLVD. SUITE 221 HAYWARD, CA 94544

# ਨਸ਼ਿਆਂ ਦੇ ਸੌਦਾਗਰਾਂ ਦੀ ਸਿਆਸਤਦਾਨਾਂ ਨਾਲ ਮਿਲੀਭੁਗਤ ਗੰਭੀਰ ਚਿੰਤਾ ਦਾ ਵਿਸ਼ਾ

**ਉਜਾਗਰ ਸਿੰਘ**

ਪੰਜਾਬ ਵਿੱਚ ਨਸ਼ਿਆਂ ਦੇ ਸੌਦਾਗਰਾਂ ਦੀ ਸਿਆਸਤਦਾਨਾਂ ਨਾਲ ਮਿਲੀਭੁਗਤ ਗੰਭੀਰ ਚਿੰਤਾ ਦਾ ਵਿਸ਼ਾ ਹੈ। ਪਹਿਲਾਂ ਤਾਂ ਕਿਆਸ-ਅਰਾਈਆਂ ਹੀ ਸਨ ਕਿ ਨਸ਼ਿਆਂ ਦੇ ਵਪਾਰੀ, ਅਧਿਕਾਰੀ ਅਤੇ ਸਿਆਸਤਦਾਨਾਂ ਦੀ ਮਿਲੀਭੁਗਤ ਨਾਲ ਹੀ ਪੰਜਾਬ ਵਿੱਚ ਨਸ਼ਿਆਂ ਦਾ ਕਾਰੋਬਾਰ ਚੱਲ ਰਿਹਾ ਹੈ ਪਰ ਹੁਣ ਤਾਂ ਅਖ਼ਬਾਰਾਂ ਦੱਸ ਰਹੀਆਂ ਹਨ ਕਿ ਇਹ ਬਿਲਕੁਲ ਸੱਚ ਹੈ। ਅਜੇ ਤਾਂ ਅਸੀਂ 80ਵਿਆਂ ਦੇ ਸੰਤਾਪ ਦੇ ਅੱਲੇ ਜ਼ਖ਼ਮਾਂ ਦਾ ਰਿਸਣਾ ਵੀ ਰੋਕ ਨਹੀਂ ਸਕੇ ਕਿ ਹੁਣ ਅਸੀਂ ਇੱਕ ਹਰ ਅਲਾਮਤ ਮੁੱਲ ਲੈ ਰਹੇ ਹਾਂ। ਉਸ ਸੰਤਾਪ ਵਿੱਚ ਸਭ ਤੋਂ ਵੱਧ ਨੁਕਸਾਨ ਪੰਜਾਬੀਆਂ ਦਾ ਹੋਇਆ ਸੀ। ਜੇ ਨੀਝ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਇਹ ਸਾਰਾ ਸਿਲਸਿਲਾ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਲੁੱਟ-ਖਸੁੱਟ, ਕਾਲਾਬਾਜ਼ਾਰੀ ਅਤੇ ਆਰਥਿਕ ਅਸੰਤੁਲਨ ਕਰਕੇ ਪੈਦਾ ਹੋਇਆ ਸੀ। ਉਸ ਸੰਤਾਪ ਕਰਕੇ ਹੀ ਪੰਜਾਬ ਕਰਜ਼ੇ ਵਿੱਚ ਡੁੱਬਿਆ ਅਤੇ ਵਿਕਾਸ ਵਿੱਚ ਪਛੜ ਗਿਆ। ਅੱਜ ਵੀ ਹਾਲਾਤ ਉਹੀ ਬਣ ਰਹੇ ਹਨ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਅਨਿਆਂ, ਲੁੱਟ-ਖੋਹ ਅਤੇ ਪ੍ਰਬੰਧ ਵਿੱਚ ਦਖ਼ਲਅੰਦਾਜ਼ੀ ਨੇ ਆਮ ਲੋਕਾਂ ਦਾ ਜਿਉਣਾ ਦੁੱਭਰ ਕਰ ਦਿੱਤਾ ਹੈ। ਜਦੋਂ ਨੌਜਵਾਨਾਂ ਦੇ ਖ਼ਰਚੇ ਪੂਰੇ ਨਹੀਂ ਹੁੰਦੇ ਤਾਂ ਫਿਰ ਉਹ ਚੋਰੀ ਕਰਨ 'ਤੇ ਉਤਰ ਆਉਂਦੇ ਹਨ। ਜਲਦੀ ਅਮੀਰ ਬਣਨ ਲਈ ਉਹ ਗ਼ੈਰ-ਸਮਾਜੀ ਅਨਸਰਾਂ ਦੇ ਧੱਕੇ ਚੜ੍ਹ ਜਾਂਦੇ ਹਨ। ਉਹ ਨਸ਼ੇ ਕਰਨ ਲੱਗ ਜਾਂਦੇ ਹਨ ਅਤੇ ਨਸ਼ਿਆਂ ਦੇ ਵਪਾਰੀ ਉਨ੍ਹਾਂ ਨੂੰ ਆਪਣੇ ਚੁੰਗਲ ਵਿੱਚ ਫਸਾ ਲੈਂਦੇ ਹਨ, ਜਿਨ੍ਹਾਂ ਦੀਆਂ ਸਿੱਧੀਆਂ ਤਾਰਾਂ ਕੁਝ ਸਿਆਸਤਦਾਨਾਂ ਤੇ ਪੁਲੀਸਤੰਤਰ ਨਾਲ ਜੁੜੀਆਂ ਹੁੰਦੀਆਂ ਹਨ। ਇਹ ਨੌਜਵਾਨ ਉਹ ਹੁੰਦੇ ਹਨ ਜਿਹੜੇ ਪੜ੍ਹਾਈ ਵਿੱਚ ਬਹੁਤੇ ਹੁਸ਼ਿਆਰ ਨਹੀਂ ਹੁੰਦੇ। ਹੁਸ਼ਿਆਰ ਬੱਚੇ ਜਾਂ ਤਾਂ ਮੁਕਾ-ਬਲੇ ਦੇ ਇਮਤਿਹਾਨਾਂ ਵਿੱਚੋਂ ਚੰਗੀਆਂ ਨੌਕਰੀਆਂ ਲਈ ਚੁਣੇ ਜਾਂਦੇ ਹਨ ਜਾਂ ਬਹੁ-ਕਰੋੜੀ ਕੰਪਨੀਆਂ ਵਿੱਚ ਲੱਖਾਂ ਰੁਪਏ ਦੇ ਪੈਕਜ ਲੈ ਕੇ ਚੁਣੇ ਜਾਂਦੇ ਹਨ। ਬਾਕੀ ਮੱਧ ਵਰਗੀ ਬੱਚੇ ਨਾ ਤਾਂ ਖੇਤੀ ਜਾਂ ਮਜ਼ਦੂਰੀ ਕਰਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਚੰਗਾ ਕੰਮ ਮਿਲਦਾ ਹੈ। ਸਰਕਾਰ ਨੇ ਸਰਕਾਰੀ ਨੌਕਰੀਆਂ ਲਈ ਦਰਵਾਜ਼ੇ ਬੰਦ ਕਰ ਦਿੱਤੇ ਹਨ। ਮਾਪੇ ਇਨ੍ਹਾਂ ਬੱਚਿਆਂ ਲਈ ਫ਼ਿਕਰਮੰਦ ਹੁੰਦੇ ਹਨ ਅਤੇ ਜ਼ਮੀਨਾਂ ਵੇਚ ਕੇ ਇਨ੍ਹਾਂ ਨੂੰ ਵਿਦੇਸ਼ ਭੇਜਦੇ ਹਨ ਤਾਂ ਜੋ ਇਹ ਭਟਕ ਕੇ ਨਸ਼ਿਆਂ ਵਿੱਚ ਨਾ ਲੱਗ ਜਾਣ। ਜਿਹੜੇ ਵਿਦੇਸ਼ ਨਹੀਂ ਜਾ ਸਕਦੇ, ਫਿਰ ਉਹ ਨਸ਼ਿਆਂ ਦੇ ਵਪਾਰੀਆਂ ਦੇ ਧੱਕੇ ਚੜ੍ਹ ਜਾਂਦੇ ਹਨ ਕਿਉਂਕਿ ਪੰਜਾਬ ਵਿੱਚ ਬੇਰੁਜ਼ਗਾਰੀ ਸਾਰੀਆਂ ਹੱਦਾਂ-ਬੰਨੇ ਟੱਪ ਚੁੱਕੀ ਹੈ। ਪੰਜਾਬ ਦੇ ਲੋਕਾਂ ਨੇ ਦੂਜੀ ਵਾਰ ਸਪਸ਼ਟ ਬਹੁਮਤ ਦੇ ਕੇ ਅਕਾਲੀ-ਭਾਜਪਾ ਗੱਠਜੋੜ ਵਿੱਚ ਆਪਣਾ ਭਰੋਸਾ ਪ੍ਰਗਟਾਇਆ ਸੀ। ਇਸ ਲਈ ਸਰਕਾਰ ਦਾ ਵੀ ਫ਼ਰਜ਼ ਬਣਦਾ ਹੈ ਕਿ ਆਪਣੇ ਵਾਇਦਿਆਂ 'ਤੇ ਪੂਰੀ ਉਤਰੇ ਪਰ ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਵਿੱਚ ਤਾਂ ਵਾੜ ਹੀ ਖੇਤ ਨੂੰ ਖਾਣ ਲੱਗ ਪਈ ਹੈ। 5000 ਕਰੋੜ ਰੁਪਏ ਦੇ ਨਸ਼ਿਆਂ ਦੇ ਵਪਾਰ ਦਾ ਪਰਦਾਫਾਸ਼ ਹੋਣ 'ਤੇ ਸਰਕਾਰ ਦੀ ਕਾਰਗੁਜ਼ਾਰੀ ਲੋਕਾਂ ਦੇ ਕਟਹਿਰੇ ਵਿੱਚ ਖੜ੍ਹੀ ਹੋ ਗਈ ਹੈ। ਨਸ਼ਿਆਂ ਦੇ ਦੋਵੇਂ ਵਪਾਰੀਆਂ ਦਾ ਕਥਿਤ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧ ਦੱਸਿਆ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਉਨ੍ਹਾਂ ਵਿੱਚੋਂ ਇੱਕ ਤਾਂ ਅਕਾਲੀ ਦਲ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿਓ-ਪੁੱਤ ਐੱਮ.ਐੱਲ.ਏ. ਅਤੇ ਐੱਮ.ਪੀ. ਦੋਵਾਂ ਦਾ ਚੋਣ ਏਜੰਟ ਸੀ। ਹੁਣ ਅੰਮ੍ਰਿਤਸਰ ਜ਼ਿਲ੍ਹੇ ਦੇ ਅਕਾਲੀ ਲੀਡਰ ਮਿਹਣੋ-ਮਿਹਣੀ ਹੋ ਰਹੇ ਹਨ ਕਿ ਉਹ ਵਿਅਕਤੀ ਮੇਰਾ ਨਹੀਂ, ਤੇਰਾ ਹੈ ਪਰ ਉਹ ਹੈ ਤਾਂ ਅਕਾਲੀ ਦਲ ਦਾ ਹੀ।





ਪੁਲੀਸ ਅਨੁਸਾਰ ਇਨ੍ਹਾਂ ਵਿੱਚੋਂ ਇੱਕ ਵਿਅਕਤੀ ਦੀ ਫੈਕਟਰੀ ਵਿੱਚੋਂ 1300 ਕਰੋੜ ਰੁਪਏ ਦੀਆਂ ਗ਼ੈਰ-ਕਾਨੂੰਨੀ ਦਵਾਈਆਂ ਫੜੀਆਂ ਗਈਆਂ ਹਨ ਜਿਸਨੂੰ 'ਆਈਸ ਡਰੱਗ' ਕਹਿੰਦੇ ਹਨ ਤੇ ਇਹ ਗਰੋਹ ਕੌਮਾਂਤਰੀ ਪੱਧਰ ਦਾ ਹੈ, ਜਿਸਦੇ 32 ਪਰਵਾਸੀ ਭਾਰਤੀਆਂ ਨਾਲ ਸਬੰਧ ਹਨ ਜੋ ਇਨ੍ਹਾਂ ਕੋਲੋਂ ਨਸ਼ੇ ਲੈ ਕੇ ਬਾਹਰ ਵੇਚਦੇ ਸਨ। ਇਹ ਉਹ ਗਰੋਹ ਹੈ ਜਿਸਨੇ ਫਗਵਾੜਾ ਵਿਖੇ ਪਿਛਲੇ ਸਾਲ ਇੱਕ ਏ.ਐੱਸ.ਆਈ.ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ, ਜੋ ਇਨ੍ਹਾਂ ਦੀ ਤਲਾਸ਼ੀ ਲੈਣਾ ਚਾਹੁੰਦਾ ਸੀ। ਇਸ ਤੋਂ ਇਹ ਵੀ ਸਪਸ਼ਟ ਹੈ ਕਿ ਗ਼ੈਰ-ਸਮਾਜੀ ਅਨਸਰਾਂ ਦੀ ਉਮਰ ਬਹੁਤੀ ਲੰਮੀ ਨਹੀਂ ਹੁੰਦੀ। ਕਥਿਤ ਤੌਰ 'ਤੇ ਅਕਾਲੀ ਦਲ ਦੇ ਕਾਰਕੁੰਨਾਂ ਨੇ ਪਹਿਲਾਂ ਫ਼ਰੀਦਕੋਟ ਵਿਖੇ ਇੱਕ ਨਾਬਾਲਿਗ ਲੜਕੀ ਨੂੰ ਅਗਵਾ ਕੀਤਾ ਅਤੇ ਪੁਲੀਸ ਨੇ ਡਟ ਕੇ ਉਸ ਦੀ ਸਹਾਇਤਾ ਕੀਤੀ। ਲੋਕਾਂ ਵੱਲੋਂ ਦਬਾਅ ਪਾਏ ਜਾਣ 'ਤੇ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸੇ ਤਰ੍ਹਾਂ ਅੰਮ੍ਰਿਤਸਰ ਵਿਖੇ ਆਪਣੀ ਲੜਕੀ ਦੀ ਇੱਜ਼ਤ ਬਚਾਉਣ ਦੀ ਕੋਸ਼ਿਸ ਕਰ ਰਹੇ ਇੱਕ ਪੁਲੀਸ ਅਫ਼ਸਰ ਨੂੰ ਇੱਕ ਅਕਾਲੀ ਕਾਰਕੁੰਨ ਨੇ ਦਿਨ-ਦਿਹਾੜੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਅਜੇ ਇਹ ਮਸਲਾ ਠੰਢਾ ਨਹੀਂ ਹੋਇਆ ਸੀ ਕਿ ਲੁਧਿਆਣਾ ਦੇ ਇੱਕ ਅਕਾਲੀ ਨੌਜਵਾਨ ਹੋਟਲੀਅਰ ਨੇ ਪੁਲੀਸ ਦੇ ਇੱਕ ਏ.ਆਈ.ਜੀ. ਦੀ ਕੁੱਟਮਾਰ ਕਰ ਕੇ ਲੱਤ ਤੋੜ ਦਿੱਤੀ ਸੀ। ਬਠਿੰਡਾ ਜ਼ਿਲ੍ਹੇ ਵਿੱਚ ਇੱਕ ਨੌਜਵਾਨ ਅਕਾਲੀ ਨੇਤਾ ਦੇ ਘਰੋਂ ਸਮਾਜ ਵਿਰੋਧੀ ਅਨਸਰ ਫੜੇ ਗਏ ਸਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਮੈਂਬਰ ਦੀ ਗੱਡੀ ਵਿੱਚੋਂ ਭੁੱਕੀ ਤੇ ਸ਼ਰਾਬ ਫੜੀ ਗਈ ਸੀ। ਪਿਛਲੇ ਸਾਲ ਇਨ੍ਹਾਂ ਘਟਨਾਵਾਂ ਤੋਂ ਬਾਅਦ ਪੰਜਾਬ ਦੇ ਉਪ- ਮੁੱਖ ਮੰਤਰੀ ਅਤੇ ਗ੍ਰਹਿ ਵਿਭਾਗ ਦੇ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬਿਆਨ ਦਿੱਤਾ ਸੀ ਕਿ ਉਹ ਅਕਾਲੀ ਦਲ ਅਤੇ ਪੁਲੀਸ ਦੀ ਸਕਰੀ-ਨਿੰਗ ਕਰਵਾ ਕੇ ਦੋਸ਼ੀਆਂ ਨੂੰ ਪਾਰਟੀ ਅਤੇ ਸਰਕਾਰ ਤੋਂ ਬਾਹਰ ਦਾ ਰਸਤਾ ਵਿਖਾਉਣਗੇ। ਹੁਣ ਫਿਰ ਉਹੀ ਗੱਲ ਦੁਹਰਾਈ ਜਾ ਰਹੀ ਹੈ।

ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਪੰਜਾਬ ਸਰਕਾਰ ਨੂੰ ਨਸ਼ਿਆਂ ਦੇ ਵਪਾਰੀਆਂ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਸਖ਼ਤ ਕਦਮ ਚੁਕਣੇ ਚਾਹੀਦੇ ਹਨ ਤਾਂ ਜੋ ਸਰਕਾਰ ਦਾ ਵਿਗੜਿਆ ਅਕਸ ਬਹਾਲ ਕੀਤਾ ਜਾ ਸਕੇ। ਜੇ ਸਰਕਾਰ ਨੇ ਸਾਰਥਕ ਕਦਮ ਨਾ ਚੁੱਕੇ ਤਾਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਇਸ ਦਾ ਲਾਹਾ ਲੈ ਸਕਦੀ ਹੈ ਅਤੇ ਹੋ ਸਕਦਾ ਸਰਕਾਰ ਨੂੰ ਲੋਕਾਂ ਦੇ ਰੋਹ ਦੇ ਨਤੀਜੇ ਭੁਗਤਣੇ ਪੈ ਸਕਦੇ ਹਨ।

ਪੰਜਾਬ ਪੁਲੀਸ ਦੇ ਇੱਕ ਸਾਬਕਾ ਡੀ.ਜੀ.ਪੀ. ਦੀ ਅਗਵਾਈ ਵਿੱਚ ਇੱਕ ਪ੍ਰਤੀਨਿਧੀ ਮੰਡਲ ਨੇ ਭਾਰਤ ਦੇ ਚੋਣ ਕਮਿਸ਼ਨਰ ਨੂੰ ਦੱਸਿਆ ਹੈ ਕਿ ਪੰਜਾਬ ਵਿੱਚ 60 ਹਜ਼ਾਰ ਕਰੋੜ ਰੁਪਿਆਂ ਦਾ ਨਸ਼ਿਆਂ ਦਾ ਵਪਾਰ ਚੱਲ ਰਿਹਾ ਹੈ ਅਤੇ ਪੰਚਾਇਤ ਪੱਧਰ ਤੋਂ ਸ਼ੁਰੂ ਹੋ ਕੇ ਲੋਕ ਸਭਾ ਚੋਣਾਂ ਤਕ ਹਰ ਥਾਂ ਨਸ਼ੇ ਵੰਡੇ ਜਾਂਦੇ ਹਨ। ਉਨ੍ਹਾਂ ਇਹ ਵੀ ਕਿਹਾ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਇਸ ਕੰਮ ਵਿੱਚ ਸ਼ਾਮਲ ਹਨ। ਉਂਜ ਤਾਂ ਸਮਾਜ ਵਿਰੋਧੀ ਅਨਸਰ ਹਰ ਸਿਆਸੀ ਪਾਰਟੀ ਵਿੱਚ ਸ਼ਾਮਲ ਹੋ ਚੁੱਕੇ ਹਨ ਪਰ ਰਾਜ ਪ੍ਰਬੰਧ ਚਲਾ ਰਹੀ ਪਾਰਟੀ ਵਿੱਚ ਇਹ ਅਨਸਰ ਜ਼ਿਆਦਾ ਮਾਤਰਾ ਵਿੱਚ ਹਨ। ਇਨ੍ਹਾਂ ਦੋਸ਼ੀਆਂ ਦੀ ਪੁਲੀਸ ਵੱਲੋਂ ਕੀਤੀ ਜਾਂਚ ਰਾਜਨੀਤਕ ਵਿਅਕਤੀਆਂ ਦੀ ਸ਼ਮੂਲੀਅਤ ਦੀ ਗਵਾਹੀ ਭਰਦੀ ਹੈ ਜਿਸਨੂੰ ਅਜੇ ਪੁਲੀਸ ਪੂਰੀ ਛਾਣਬੀਣ ਤੋਂ ਬਾਅਦ ਖੁਲਾਸਾ ਕਰਨ ਦੀ ਗੱਲ ਕਹਿ ਰਹੀ ਹੈ।

ਜੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣਾ ਹੈ ਤਾਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਇੱਕਮੁੱਠ ਹੋ ਕੇ ਆਪਸੀ ਸਹਿਯੋਗ ਨਾਲ ਉਪਰਾਲੇ ਕਰਨੇ ਚਾਹੀਦੇ ਹਨ। ਸਾਰੀਆਂ ਪਾਰਟੀਆਂ ਨੂੰ ਸਾਰੀਆਂ ਚੋਣਾਂ ਵਿੱਚ ਨਸ਼ੇ ਵੰਡਣ ਦੇ ਰੁਝਾਨ ਖ਼ਿਲਾਫ਼ ਸਹੁੰ ਚੁੱਕਣੀ ਚਾਹੀਦੀ ਹੈ ਕਿ ਉਹ ਨਸ਼ੇ ਨਹੀਂ ਵੰਡਣਗੇ। ਜਿਹੜੀ ਪਾਰਟੀ ਜਾਂ ਵਿਅਕਤੀ ਨਸ਼ੇ ਵੰਡੇ, ਉਸ ਦਾ ਸਮਾਜਿਕ ਬਾਈਕਾਟ ਕੀਤਾ ਜਾਵੇ। ਪੰਜਾਬ ਦੇ ਭਵਿੱਖ ਦਾ ਸਵਾਲ ਹੈ। ਅਸੀਂ ਆਪਣੇ ਪੈਰੀਂ ਆਪ ਕੁਹਾੜਾ ਮਾਰਨਾ ਚਾਹੁੰਦੇ ਹਾਂ ਜਾਂ ਸੂਬੇ ਦਾ ਭਵਿੱਖ ਸੁਨਹਿਰਾ ਵੇਖਣਾ ਚਾਹੁੰਦੇ ਹਾਂ, ਇਸ ਦਾ ਫ਼ੈਸਲਾ ਪੰਜਾਬ ਨੂੰ ਵਿਕਾਸ ਜਾਂ ਵਿਨਾਸ਼ ਦੀਆਂ ਲੀਹਾਂ 'ਤੇ ਲੈ ਕੇ ਜਾਵੇਗਾ।

# ਹੁਣ ਸਭ ਦੀਆਂ ਨਜ਼ਰਾਂ 2014 ਦੀਆਂ ਆਮ ਚੋਣਾਂ 'ਤੇ

**ਕਲਿਆਣੀ ਸ਼ੰਕਰ**

5 ਸੂਬਿਆਂ 'ਚ ਵਿਧਾਨ ਸਭਾ ਚੋਣਾਂ ਸੰਪੰਨ ਹੋਣ ਤੋਂ ਬਾਅਦ ਹੁਣ ਸਾਰਾ ਧਿਆਨ ਅਗਲੀਆਂ ਲੋਕ ਸਭਾ ਚੋਣਾਂ ਵੱਲ ਚਲਾ ਗਿਆ ਹੈ, ਜੋ ਕੁਝ ਹੀ ਮਹੀਨੇ ਦੂਰ ਹਨ। ਨਾ ਸਿਰਫ਼ ਮੁੱਖ ਮੰਤਰੀ ਅਤੇ 2 ਕੌਮੀ ਪਾਰਟੀਆਂ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਦਾਅਵੇਦਾਰਾਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ, ਸਗੋਂ ਪੰਜ ਵਿਧਾਨ ਸਭਾਵਾਂ ਦੇ ਚੋਣ ਨਤੀਜੇ ਵੱਡੀ ਲੜਾਈ ਤੋਂ ਪਹਿਲਾਂ ਕੌਮੀ ਦ੍ਰਿਸ਼ 'ਚ ਯੂ. ਪੀ. ਏ. ਅਤੇ ਐੱਨ. ਡੀ. ਏ. ਦੇ ਮਨੋਬਲ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ।

ਉੱਤਰ-ਪੂਰਬ 'ਚ ਪੈਂਦੇ ਛੋਟੇ ਜਿਹੇ ਸੂਬੇ ਮਿਜ਼ੋਰਮ ਦੀਆਂ ਵਿਧਾਨ ਸਭਾ ਚੋਣਾਂ ਰਾਸ਼ਟਰ ਦਾ ਧਿਆਨ ਨਹੀਂ ਖਿੱਚਦੀਆਂ। 2008 'ਚ ਮਿਜ਼ੋ ਨੈਸ਼ਨਲ ਫਰੰਟ ਨੂੰ ਹਰਾ ਕੇ ਕਾਂਗਰਸ ਸੱਤਾ 'ਚ ਆਈ ਸੀ। ਸੱਤਾਧਾਰੀ ਕਾਂਗਰਸ ਨੂੰ ਉਮੀਦ ਹੈ ਕਿ ਉਹ ਮੁੜ ਜਿੱਤ ਕੇ ਸੱਤਾ 'ਚ ਪਰਤੇਗੀ। ਭਾਜਪਾ ਦੀ ਮੌਜੂਦਗੀ ਇਥੇ ਸਿਰਫ਼ ਸੰਕੇਤਕ ਹੈ। ਮਿਜ਼ੋਰਮ ਦੀ ਇਕੋ-ਇਕ ਲੋਕ ਸਭਾ ਸੀਟ ਹੈ, ਜੋ 2009 ਵਿਚ ਕਾਂਗਰਸ ਨੇ ਜਿੱਤੀ ਸੀ।

2003 ਅਤੇ 2008 ਵਿਚ ਪੋਲਿੰਗ ਦੀ ਰੂਪ-ਰੇਖਾ ਨੂੰ ਦੇਖਦਿਆਂ ਇਹ ਸਪੱਸ਼ਟ ਹੈ ਕਿ ਬਾਕੀ 4 ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਦਾ 2004 ਦੇ ਨਾਲ-ਨਾਲ 2009 ਦੀਆਂ ਆਮ ਚੋਣਾਂ 'ਤੇ ਵੀ ਅਸਰ ਪਿਆ ਸੀ। ਦਿੱਲੀ, ਛੱਤੀਸਗੜ੍ਹ ਅਤੇ ਰਾਜਸਥਾਨ ਨੇ ਦਿਖਾਇਆ ਹੈ ਕਿ ਸੂਬਿਆਂ 'ਚ ਜਿੱਤ ਹਾਸਿਲ ਕਰਨ ਨਾਲ ਲੋਕ ਸਭਾ ਚੋਣਾਂ 'ਚ ਵੀ ਜਿੱਤ ਦਾ ਰਾਹ ਪੱਧਰਾ ਹੋ ਜਾਂਦਾ ਹੈ। ਕਾਂਗਰਸ ਨੂੰ ਇਕ ਸਪੱਸ਼ਟ ਲਾਭ ਪ੍ਰਾਪਤ ਹੈ, ਜਿਸ ਦੇ ਇਨ੍ਹਾਂ ਸੂਬਿਆਂ 'ਚੋਂ 41 ਮੈਂਬਰ ਚੁਣੇ ਗਏ, ਜਦਕਿ ਭਾਜਪਾ 72 'ਚੋਂ 29 ਸੀਟਾਂ ਹੀ ਜਿੱਤ ਸਕੀ।

ਕੁਝ ਅਹਿਮ ਕਾਰਕ ਹਨ, ਜੋ ਇਸ ਵਾਰ ਨਤੀਜੇ ਤੈਅ ਕਰਨਗੇ। ਇਨ੍ਹਾਂ 'ਚੋਂ ਇਕ ਕਾਰਕ ਹੈ ਨਵੇਂ ਵੋਟਰਾਂ ਵਲੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਾ। ਸਵਾਲ ਹੈ ਕਿ ਉਹ ਕਿਸ ਨੂੰ ਚੁਣਨਗੇ? ਦੂਜਾ ਕਾਰਕ ਇਹ ਹੈ ਕਿ ਵੋਟਰਾਂ ਦੀ ਤਰਜੀਹ ਕਿਸ ਗੱਲ ਨਾਲ ਤੈਅ ਹੋਵੇਗੀ? ਕੀ ਉਮੀਦਵਾਰਾਂ ਜਾਂ ਉਨ੍ਹਾਂ ਦੇ ਨੇਤਾਵਾਂ ਦੀ ਸ਼ਖ਼ਸੀਅਤ ਨਾਲ ਜਾਂ ਮਹਿੰਗਾਈ ਅਤੇ ਸਿੱਕੇ ਦੇ ਪਸਾਰ ਵਰਗੇ ਮੁੱਦਿਆਂ ਨਾਲ? ਤੀਜਾ, ਮੋਦੀ ਅਤੇ ਕੇਜਰੀਵਾਲ ਵਰਗੇ ਨਵੇਂ ਖਿਡਾਰੀ ਵੋਟਰਾਂ 'ਤੇ ਕਿੰਨਾ ਪ੍ਰਭਾਵ ਪਾ ਸਕਣਗੇ?

ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਅਤੇ ਦਿੱਲੀ ਦੇਸ਼ ਦੇ ਉਨ੍ਹਾਂ ਸੂਬਿਆਂ 'ਚੋਂ ਹਨ, ਜਿਥੇ ਕਾਂਗਰਸ ਅਤੇ ਭਾਜਪਾ ਵਿਚਾਲੇ ਸਿੱਧੀ ਟੱਕਰ ਹੈ। ਇਨ੍ਹਾਂ ਸੂਬਿਆਂ ਅਤੇ ਕੇਂਦਰ ਸ਼ਾਸਿਤ ਖੇਤਰਾਂ 'ਚ 542 ਮੈਂਬਰੀ ਲੋਕ ਸਭਾ ਦੀਆਂ 70 ਤੋਂ ਜ਼ਿਆਦਾ ਸੀਟਾਂ ਹਨ। ਮੌਜੂਦਾ ਵਿਧਾਨ ਸਭਾ ਚੋਣਾਂ 'ਚ ਛੱਤੀਸਗੜ੍ਹ 'ਚ 75 ਫੀਸਦੀ ਤੋਂ ਜ਼ਿਆਦਾ, ਮੱਧ ਪ੍ਰਦੇਸ਼ 'ਚ 71 ਫੀਸਦੀ ਤੋਂ ਜ਼ਿਆਦਾ ਅਤੇ ਮਿਜ਼ੋਰਮ 'ਚ ਲੱਗਭਗ 82 ਫੀਸਦੀ ਪੋਲਿੰਗ ਹੋਈ ਹੈ।

ਰਾਜਸਥਾਨ ਅਤੇ ਦਿੱਲੀ 'ਚ ਵੀ ਪਹਿਲਾਂ ਨਾਲੋਂ ਜ਼ਿਆਦਾ ਵੋਟਰਾਂ ਨੇ ਵੋਟਾਂ ਪਾਈਆਂ ਹਨ। ਇਸ ਨੂੰ ਕਈ ਤਰ੍ਹਾਂ ਨਾਲ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਜਿਥੇ ਕਾਂਗਰਸ ਇਹ ਕਹਿ ਕੇ ਇਸ ਦੇ ਚੰਗਾ ਹੋਣ ਦਾ ਦਾਅਵਾ ਕਰ ਰਹੀ ਹੈ ਕਿ ਜ਼ਿਆਦਾ ਵੋਟਰਾਂ ਦਾ ਬਾਹਰ ਆਉਣਾ ਸੱਤਾਧਾਰੀ ਪਾਰਟੀ ਤੋਂ ਲੋਕਾਂ ਦਾ ਮੋਹ ਭੰਗ ਹੋਣਾ ਹੈ, ਉਥੇ ਹੀ ਭਾਜਪਾ ਇਸ ਨੂੰ ਨੌਜਵਾਨ ਵੋਟਰਾਂ ਦੇ ਭਗਵਾ ਪਾਰਟੀ ਦੇ ਸਮਰਥਨ 'ਚ ਅੱਗੇ ਆਉਣ ਦੇ ਸਿੱਟੇ ਵਜੋਂ ਮੰਨਦੀ ਹੈ। ਇਸ ਵਾਰ ਚੋਣ ਨਤੀਜੇ ਇੰਨੇ ਅਹਿਮ ਕਿਉਂ ਹਨ? ਇਨ੍ਹਾਂ 'ਚ ਦਿਲਚਸਪੀ ਇਸ ਲਈ ਹੈ ਕਿਉਂਕਿ ਇਹ ਚੋਣਾਂ ਆਮ ਚੋਣਾਂ ਤੋਂ ਸਿਰਫ਼ ਕੁਝ ਹੀ ਸਮਾਂ ਪਹਿਲਾਂ ਹੋਈਆਂ ਹਨ। ਇਨ੍ਹਾਂ ਨੂੰ ਅਗਲੀਆਂ ਲੋਕ ਸਭਾ ਚੋਣਾਂ ਦੇ ਪੈਮਾਨੇ ਵਜੋਂ ਵੀ ਦੇਖਿਆ ਜਾ ਰਿਹਾ ਹੈ। ਇਹ ਨਤੀਜੇ ਭਾਜਪਾ ਅਤੇ ਕਾਂਗਰਸ ਲਈ ਬਹੁਤ ਅਹਿਮ ਹਨ, ਜੋ 2014 'ਚ ਸੱਤਾ ਵਿਚ ਆਉਣ ਦੇ ਦਾਅਵੇ ਕਰ ਰਹੀਆਂ ਹਨ। ਹੁਣ ਸਪੱਸ਼ਟ ਹੋ ਜਾਵੇਗਾ ਕਿ ਕਾਂਗਰਸ ਨੂੰ ਉਸ ਦੀ ਮਨਰੇਗਾ, ਖੁਰਾਕ ਸੁਰੱਖਿਆ ਬਿੱਲ ਅਤੇ ਭੌਂ-ਪ੍ਰਾਪਤੀ ਬਿੱਲ ਵਰਗੀਆਂ ਕਲਿਆਣਕਾਰੀ ਯੋਜਨਾਵਾਂ ਵੋਟਾਂ ਦਿਵਾਉਣ 'ਚ ਮਦਦ ਕਰਨਗੀਆਂ ਜਾਂ ਸਰਕਾਰ ਵਿਰੋਧੀ ਲਹਿਰ ਅਤੇ ਮਾੜਾ ਪ੍ਰਸ਼ਾਸਨ ਚੋਣਾਂ ਨੂੰ ਜ਼ਿਆਦ ਪ੍ਰਭਾਵਿਤ ਕਰਨਗੇ?

ਦੂਜਾ, ਇਹ ਭਾਜਪਾ ਵਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਅਤੇ ਖ਼ਾਸ ਕਰਕੇ ਦਿੱਲੀ 'ਚ 'ਆਮ ਆਦਮੀ ਪਾਰਟੀ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵਰਗੇ ਨਵੇਂ ਖਿਡਾਰੀਆਂ ਲਈ ਇਕ ਇਮਤਿਹਾਨ ਹੋਵੇਗਾ। ਮੋਦੀ 'ਤੇ ਉੱਚੇ ਦਾਅ ਲੱਗੇ ਹੋਏ ਹਨ ਕਿਉਂਕਿ ਉਨ੍ਹਾਂ ਨੇ ਗੁਜਰਾਤ ਤੋਂ ਬਾਹਰ ਆਪਣੀ ਵੋਟਾਂ ਹਾਸਿਲ ਕਰਨ ਦੀ ਸਮਰੱਥਾ ਨੂੰ ਸਿੱਧ ਕਰਨਾ ਹੈ। ਭਾਜਪਾ ਦੇ ਅੰਦਰ ਅਤੇ ਬਾਹਰ ਮੋਦੀ ਦੇ ਵਿਰੋਧੀਆਂ ਨੇ ਇਨ੍ਹਾਂ ਚੋਣਾਂ 'ਤੇ ਤਿੱਖੀ ਨਜ਼ਰ ਰੱਖੀ ਹੋਈ ਹੈ।

ਯਕੀਨੀ ਤੌਰ 'ਤੇ ਭਾਜਪਾ ਕੋਲ ਮਜ਼ਬੂਤ ਨੇਤਾ ਹਨ, ਜਿਵੇਂ ਕਿ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਰਮਨ ਸਿੰਘ। ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਵੀ ਸੂਬੇ 'ਚ ਆਪਣੀ ਇਕ ਖ਼ਾਸ ਅਹਿਮੀਅਤ ਰੱਖਦੀ ਹੈ। ਇਕ ਦਿੱਲੀ ਹੈ, ਜਿਥੇ ਭਾਜਪਾ ਦਾ ਕੋਈ ਸ਼ਕਤੀਸ਼ਾਲੀ ਨੇਤਾ ਨਹੀਂ ਹੈ, ਜੋ ਇਸ ਗੱਲ ਦਾ ਸੰਕੇਤ ਹੈ ਕਿ ਮੋਦੀ ਦਾ ਕ੍ਰਿਸ਼ਮਾ ਉਥੇ ਕਿੰਨੇ ਕੁ ਬੇਹਤਰ ਨਤੀਜੇ ਦਿਖਾ ਸਕਦਾ ਹੈ? ਤੀਜਾ, ਭਾਜਪਾ ਅਤੇ ਕਾਂਗਰਸ ਦੋਹਾਂ ਲਈ ਆਪਣੇ ਮੁੱਖ ਮੰਤਰੀਆਂ ਦੀ ਹਰਮਨਪਿਆਰਤਾ ਦਾ ਇਮਤਿਹਾਨ ਹੈ। ਕੀ ਉਹ ਆਪਣੇ ਵਿਕਾਸ ਦੇ ਮੋਰਚੇ ਦੇ ਨਾਲ-ਨਾਲ ਹਰਮਨਪਿਆਰੇ ਉਪਾਵਾਂ ਦੀ ਸਵਾਰੀ ਕਰਨ 'ਚ ਸਫਲ ਹੋ ਸਕਣਗੇ?

ਚੌਥਾ, ਵਿਧਾਨ ਸਭਾ ਚੋਣਾਂ 'ਚ ਇਕ ਚੰਗੀ ਕਾਰਗੁਜ਼ਾਰੀ ਯਕੀਨੀ ਤੌਰ 'ਤੇ 2014 ਦੀਆਂ ਚੋਣਾਂ ਲਈ ਗੱਠਜੋੜਾਂ ਵਾਸਤੇ ਰਾਹ ਪੱਧਰਾ ਕਰੇਗੀ। ਜ਼ਿਆਦਾਤਰ ਖੇਤਰੀ ਪਾਰਟੀਆਂ ਇਸ ਉਡੀਕ 'ਚ ਹਨ ਅਤੇ ਚੋਣਾਂ ਤੋਂ ਬਾਅਦ ਦੇ ਦ੍ਰਿਸ਼ ਲਈ ਉਨ੍ਹਾਂ ਨੇ ਆਪਣੇ ਬਦਲ ਖੁੱਲ੍ਹੇ ਰੱਖੇ ਹੋਏ ਹਨ। ਗੱਠਜੋੜ ਦੇ ਯੁੱਗ 'ਚ ਕੈਮਿਸਟਰੀ ਦੀ ਜਗ੍ਹਾ ਗਣਿਤ ਜ਼ਿਆਦਾ ਕੰਮ ਕਰਦਾ ਹੈ।

ਪੰਜਵਾਂ, ਭਾਜਪਾ ਲਈ ਸਭ ਤੋਂ ਅਹਿਮ ਇਹ ਹੈ ਕਿ ਪਾਰਟੀ ਵਾਸਤੇ ਢੁੱਕਵਾਂ ਮਾਹੌਲ ਬਣਾਉਣ ਲਈ ਉਹ 4-0 ਦਾ ਅੰਕੜਾ ਹਾਸਿਲ ਕਰੇ, ਜਿਸ ਨੂੰ ਪਹਿਲਾਂ ਹੀ ਮੋਦੀ ਦੀ ਅਗਵਾਈ ਹੇਠ ਮਜ਼ਬੂਤੀ ਪ੍ਰਦਾਨ ਕੀਤੀ ਜਾ ਰਹੀ ਹੈ। ਭਾਜਪਾ ਦੇ ਸ਼ਾਸਨ ਵਾਲੇ 2 ਸੂਬਿਆਂ ਤੋਂ ਇਲਾਵਾ ਕਾਂਗਰਸ ਦੇ ਸ਼ਾਸਨ ਵਾਲੇ ਇਕ ਸੂਬੇ ਦਿੱਲੀ ਜਾਂ ਰਾਜਸਥਾਨ 'ਚ ਵੀ ਇਸ ਨੂੰ ਜਿੱਤ ਹਾਸਿਲ ਕਰਨੀ ਪਵੇਗੀ। ਚਾਰ ਹਿੰਦੀ-ਭਾਸ਼ੀ ਸੂਬਿਆਂ 'ਚ 2-2 ਦਾ ਨਤੀਜਾ ਕਾਂਗਰਸ ਲਈ ਢੁੱਕਵਾਂ ਹੋਵੇਗਾ ਕਿਉਂਕਿ ਉਦੋਂ ਇਹ ਦਾਅਵਾ ਕਰ ਸਕਦੀ ਹੈ ਕਿ ਮੋਦੀ ਦੀ ਬਹੁ-ਪ੍ਰਚ-ਾਰਿਤ ਮੁਹਿੰਮ ਨਤੀਜੇ ਨਹੀਂ ਦਿਖਾ ਸਕੀ। ਇਹ ਮੋਦੀ ਨੂੰ ਇਕ ਅਜਿਹੇ ਨੇਤਾ ਵਜੋਂ ਵੀ ਨਿਸ਼ਾਨਾ ਬਣਾ ਸਕਦੀ ਹੈ, ਜਿਸ ਦਾ ਗੁਜਰਾਤ ਤੋਂ ਬਾਹਰ ਬਹੁਤ ਘੱਟ ਪ੍ਰਭਾਵ ਹੈ। ਮੋਦੀ ਪਹਿਲਾਂ ਹੀ ਕੁਝ ਥੱਕੇ-ਥੱਕੇ ਲੱਗ ਰਹੇ ਹਨ ਕਿਉਂਕਿ ਉਨ੍ਹਾਂ ਨੇ ਆਪਣੀ ਚੋਣ ਪ੍ਰਚਾਰ ਮੁਹਿੰਮ ਕਾਂਗਰਸ ਤੋਂ ਕਾਫੀ ਸਮਾਂ ਪਹਿਲਾਂ ਸ਼ੁਰੂ ਕਰ ਦਿੱਤੀ ਸੀ ਅਤੇ ਉਨ੍ਹਾਂ ਨੂੰ ਇਹੋ ਰਫ਼ਤਾਰ ਅਗਲੇ ਕੁਝ ਮਹੀਨਿਆਂ ਤਕ ਬਣਾਈ ਰੱਖਣੀ ਪਵੇਗੀ। ਪਰ ਭਾਜਪਾ ਦੀ 4-0 ਦੀ ਜਿੱਤ ਜਾਂ 3-1 ਦਾ ਨਤੀਜਾ ਵੀ ਕਾਂਗਰਸ 'ਚ ਨਿਰਾਸ਼ਾ ਪੈਦਾ ਕਰੇਗਾ ਅਤੇ ਰਾਹੁਲ ਗਾਂਧੀ ਦੀ ਲੀਡਰਸ਼ਿਪ 'ਤੇ ਸਵਾਲ ਉਠਾਏਗਾ। ਕਾਂਗਰਸ ਦੇ ਰਣਨੀਤੀਕਾਰ ਬੇਸ਼ੱਕ ਸਵਾਲ ਉਠਾ ਸਕਦੇ ਹਨ ਕਿ ਲੋਕ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ 'ਚ ਵੱਖ-ਵੱਖ ਢੰਗ (ਸੋਚ) ਨਾਲ ਵੋਟ ਪਾਉਂਦੇ ਹਨ ਪਰ ਸੱਤਾਧਾਰੀ ਪਾਰਟੀ ਲਈ ਨਾਂਹ-ਪੱਖੀ ਮਾਹੌਲ ਹੀ ਬਣੇਗਾ। ਇਸ ਨਾਲ ਪਾਰਟੀ ਅੰਦਰ ਰਾਹੁਲ ਦੇ ਅਕਸ ਨੂੰ ਵੀ ਠੇਸ ਲੱਗੇਗੀ। ਕੁਲ ਮਿਲਾ ਕੇ ਇਹ ਚੋਣ ਨਤੀਜੇ ਦੇਸ਼ ਦੇ ਮੂਡ ਦਾ ਸੰਕੇਤ ਦੇਣਗੇ ਕਿ 2014 ਦੀਆਂ ਆਮ ਚੋਣਾਂ ਤੋਂ ਬਾਅਦ ਕੀ ਹੋਣ ਵਾਲਾ ਹੈ।

## ਦਰਬਾਰ ਸਾਹਿਬ 'ਚ ਅਣਪਛਾਤੇ ਵਿਅਕਤੀਆਂ ਨੇ ਵੰਡਿਆ ਪ੍ਰਸ਼ਾਦ, ਚਾਰ ਲੋਕ ਬੇਹੋਸ਼

ਅੰਮ੍ਰਿਤਸਰ- ਬੀਤੇ ਦਿਨੀਂ ਸਵੇਰੇ ਜਹਿਰਖੁਰਾਨੀ ਗਿਰੋਹ ਨੇ ਦਰਬਾਰ ਸਾਹਿਬ ਵਿਚ ਮੱਥਾ ਟੇਕਣ ਗਏ 3 ਸ਼ਰਧਾਲੂਆਂ ਨੂੰ ਲੁੱਟਣ ਦੀ ਨੀਅਤ ਨਾਲ ਨਿਸ਼ਾਨਾ ਬਣਾਇਆ ਅਤੇ ਪ੍ਰਸ਼ਾਦ ਵਿਚ ਕੋਈ ਨਸ਼ੀਲਾ ਪਦਾਰਥ ਖੁਆ ਦਿੱਤਾ। ਤਿੰਨੋਂ ਸ਼ਰਧਾਲੂਆਂ ਦੇ ਚੌਥੇ ਸਾਥੀ ਨੇ ਕਿਸੇ ਤਰ੍ਹਾਂ ਉਹਨਾਂ ਨੂੰ ਆਟੋ ਵਿਚ ਬਿਠਾ ਕੇ ਇਲਾਜ ਲਈ ਇਕ ਨਿੱਜੀ ਹਸਪਤਾਲ ਪਹੁੰਚਾਇਆ। ਪ੍ਰਸ਼ਾਦ ਖਾਦ ਵਾਲਿਆਂ ਵਿਚ ਬਲਵਿੰਦਰ ਸਿੰਘ (70), ਸੁਖਦੇਵ ਸਿੰਘ (52) ਅਤੇ ਲਖਬੀਰ ਸਿੰਘ (65) ਸ਼ਾਮਲ ਸਨ। ਉਕਤ ਸਾਰੇ ਸ਼ਰਧਾਲੂ ਰਾਜਸਥਾਨ ਦੇ ਕੋਟਾ ਜ਼ਿਲ੍ਹੇ ਵਿਚ ਬਰਾਤ ਵਿਚ ਇੱਥੇ ਇਕ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਦੇ ਲਈ ਆਏ ਸੀ, ਜੋ ਸਵੇਰੇ ਹੋਟਲ ਵਿਚ ਆਪਣੇ ਚੌਥੇ ਸਾਥੀ ਸੁਖਵਿੰਦਰ ਸਿੰਘ ਦੇ ਨਾਲ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਦੇ ਲਈ ਗਏ। ਘਟਨਾ ਦੀ ਜਾਣਕਾਰੀ ਮਿਲਦੇ ਹੀ ਏ ਸੀ ਪੀ ਅਤੇ ਥਾਣਾ ਇੰਚਾਰਜ ਪੁਲਿਸ ਫੋਰਸ ਦੇ ਨਾਲ ਹਸਪਤਾਲ ਪਹੁੰਚੇ ਅਤੇ ਜ਼ਹਿਰਖੁਰਾਨੀ ਗਿਰੋਹ ਦਾ ਸ਼ਿਕਾਰ ਹੋਏ ਤਿੰਨੋਂ ਸ਼ਰਧਾਲੂਆਂ ਦੇ ਬਿਆਨ ਕਲਮਬੰਦ ਕੀਤੇ। ਬਲਵਿੰਦਰ ਸਿੰਘ ਦੇ ਲੜਕੇ ਰਣਜੀਤ ਸਿੰਘ ਨੇ ਦੱਸਿਆ ਕਿ ਉਹ ਕੋਟਾ ਤੋਂ ਆਪਣੇ 100 ਰਿਸ਼ਤੇਦਾਰਾਂ ਦੇ ਨਾਲ ਇੱਥੇ ਵਿਆਹ ਸਮਾਗਮ ਦੇ ਲਈ ਆਏ ਹੋਏ ਸਨ। ਬਲਵਿੰਦਰ ਸਿੰਘ ਆਪਣੇ 3 ਹੋਰ ਰਿਸ਼ਤੇਦਾਰਾਂ ਨਾਲ ਮੱਥਾ ਟੇਕਣ ਗਏ। ਜਦ ਮੱਥਾ ਟੇਕ ਕੇ ਬਾਹਰ ਨਿਕਲ ਰਹੇ ਸੀ ਤਾਂ ਅਚਾਨਕ ਦੋ ਅਧੇੜ ਉਮਰ ਦੇ ਵਿਅਕਤੀ ਆਏ ਅਤੇ ਉਹਨਾਂ ਨੂੰ ਪ੍ਰਸ਼ਾਦ ਵੰਡ ਕੇ ਉਥੋਂ ਚਲੇ ਗਏ। ਉਹਨਾਂ ਦੇ ਪਿਤਾ ਦੇ ਨਾਲ ਗਿਆ ਸੁਖਵਿੰਦਰ ਸਿੰਘ ਉਸ ਸਮੇਂ ਜੋੜਾ ਘਰ ਗਿਆ ਹੋਇਆ ਸੀ, ਜਿਸ ਕਾਰਨ ਉਹ ਪ੍ਰਸ਼ਾਦ ਨਹੀਂ ਖਾ ਸਕਿਆ। ਜਦ ਉਹ ਤਿੰਨਾਂ ਦੇ ਕੋਲ ਪਹੁੰਚਿਆ ਤਾਂ ਉਸ ਨੇ ਬਾਹਰ ਤੋਂ ਹੋਟਲ ਦੇ ਲਈ ਆਟੋ ਲਿਆ ਅਤੇ ਉਹਨਾਂ ਨੂੰ ਬਿਠਾ ਕੇ ਹੋਟਲ ਲੈ ਆਇਆ। ਰਸਤੇ ਵਿਚ ਹੀ ਤਿੰਨਾਂ ਦੀ ਹਾਲਤ ਵਿਗੜਨ ਲੱਗੀ ਅਤੇ ਉਹਨਾਂ ਨੂੰ ਹਸਪਤਾਲ ਵਿਚ ਭਰਤੀ ਕਰਵਾ ਦਿੱਤਾ ਗਿਆ। ਚੌਂਕੀ ਇੰਚਾਰਜ ਵੱਲੋਂ ਪੁੱਛੇ ਜਾਣ ਤੇ ਉਹਨਾਂ ਦੱਸਿਆ ਕਿ ਇਸ ਮਾਮਲੇ ਵਿਚ ਅਜੇ ਕੋਈ ਪਰਚਾ ਦਰਜ ਨਹੀਂ ਕੀਤਾ ਗਿਆ ਅਤੇ ਇਸ ਨੂੰ ਸਵੇਰੇ ਦੇਖਿਆ ਜਾਵੇਗਾ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਦਾ ਕਹਿਣਾ ਹੈ ਕਿ ਦਰਬਾਰ ਸਾਹਿਬ ਵਿਚ ਜਗ੍ਹਾ ਜਗ੍ਹਾ ਤੇ ਸੀਸੀ ਟੀਵੀ ਕੈਮਰੇ ਲੱਗੇ ਹੋਏ ਹਨ। ਇਹਨਾਂ ਦੀ ਫੁਟੇਜ ਦੇਖ ਕੇ ਪ੍ਰਸ਼ਾਦ ਵੰਡਣ ਵਾਲੇ ਦੀ ਪਛਾਣ ਕੀਤੀ ਜਾਵੇਗੀ। ਦੋਸ਼ੀ ਦੇ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ।



# ਮੰਗਲ ਸਿੰਘ ਭੰਡਾਲ ਦੀ ਸਪੁੱਤਰੀ ਦਾ ਸ਼ੁਭ ਵਿਆਹ






ਪਿਛਲੇ ਹਫਤੇ ਸੈਨਹੋਜ਼ੇ ਗੁਰੂ ਘਰ ਵਿਖੇ ਸ. ਮੰਗਲ ਸਿੰਘ ਭੰਡਾਲ, ਪ੍ਰਸਿੱਧ ਟਰਾਂਸਪੋਰਟਰ ਤੇ ਕਬੱਡੀ ਪ੍ਰਮੋਟਰ ਦੀ ਬੇਟੀ ਜਗਦੀਪ ਕੌਰ ਦਾ ਵਿਆਹ ਰਾਜਮਿੰਦਰ ਸਿੰਘ ਸਪੁੱਤਰ ਸ. ਪਵਿੱਤਰ ਸਿੰਘ ਬੋਪਾਰਾਏ, ਬਾਬਾ ਬਿੱਕਰ ਸਿੰਘ ਜੀ ਦੇ ਪੋਤਰੇ ਦਾ ਸ਼ੁਭ ਵਿਆਹ ਇੱਥੇ ਹੋਇਆ।

ਸਾਰੇ ਕੈਲੇਫੋਰਨੀਆ ਇਲਾਕੇ ਵਿਚੋਂ ਹਰੇਕ ਸਿਰਕੱਢ ਸ਼ਖਸੀਅਤ ਇੱਥੇ ਪਹੁੰਚੀ ਹੋਈ ਸੀ। ਦੂਰ ਦੁਰਾਡਿਉਂ ਵੀ ਸਕੇ ਸਬੰਧੀ ਇਸ ਵਿਆਹ ਵਿਚ ਸ਼ਾਮਲ ਹੋਣ ਲਈ ਪਹੁੰਚੇ। ਸ਼ਾਮ ਨੂੰ ਨਿਊਯਾਰਕ ਵਿਚ ਚਾਂਦਨੀ ਰੈਸਟੋਰੈਂਟ ਤੇ ਬਹੁਤ ਵੱਡੀ ਪਾਰਟੀ ਵਿਚ ਵੀ ਸਭ ਪ੍ਰਮੁੱਖ ਸ਼ਖਸੀਅਤਾਂ ਦੋਵੇਂ ਪਾਸਿਉਂ ਸਕੇ ਸਬੰਧੀਆਂ ਆ ਕੇ ਜੋੜੀ ਨੂੰ ਵਧਾਈ ਦਿੱਤੀ।

ਪਰਦੇਸ ਟਾਇਮਜ਼ ਵੱਲੋਂ ਵੀ ਦੋਹਾਂ ਪਰਿਵਾਰਾਂ ਨੂੰ ਇਸ ਸ਼ੁਭ ਵਿਆਹ ਦੀ ਬਹੁਤ ਬਹੁਤ ਵਧਾਈ।





# ਪੰਜਾਬ ਵਿਚ 3 ਲੱਖ ਲੋਕਾਂ ਨੂੰ ਰੁਜ਼ਗਾਰ ਦਾ ਵਾਅਦਾ

ਮੁਹਾਲੀ- ਪੰਜਾਬ ਸਰਕਾਰ ਵੱਲੋਂ ਇੱਥੇ ਸੈਕਟਰ-81 ਸਥਿਤ ਇੰਡੀਅਨ ਸਕੂਲ ਆਫ ਬਿਜ਼ਨਸ ਦੇ ਕੈਂਪਸ ਵਿੱਚ ਕਰਵਾਇਆ ਦੋ ਰੋਜ਼ਾ 'ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ' ਅੱਜ ਸਮਾਪਤ ਹੋ ਗਿਆ। ਸੰਮੇਲਨ ਦੌਰਾਨ ਦੇਸ਼-ਵਿਦੇਸ਼ ਦੀਆਂ ਨਾਮੀ ਕੰਪਨੀਆਂ ਅਤੇ ਵੱਡੇ ਉਦਯੋਗਿਕ ਘਰਾਣਿਆਂ ਦੀਆਂ ਕਰੀਬ 117 ਕੰਪਨੀਆਂ ਨੇ ਸੂਬੇ ਵਿੱਚ 65 ਹਜ਼ਾਰ ਕਰੋੜ ਰੁਪਏ ਦੇ ਨਿਵੇਸ਼ ਲਈ ਅਹਿਦਨਾਮੇ (ਮੈਮੋਰੰਡਮ ਆਫ ਕਮਿੱਟਮੈਂਟ) 'ਤੇ ਦਸਤਖ਼ਤ ਕੀਤੇ।




ਅੱਜ ਦੂਜੇ ਦਿਨ ਵੱਡੇ ਤੇ ਦਰਮਿਆਨੇ ਸਨਅਤਕਾਰਾਂ ਨੇ 10 ਹਜ਼ਾਰ ਕਰੋੜ ਦੇ ਨਿਵੇਸ਼ ਲਈ ਸਹਿਮਤੀ ਪ੍ਰਗਟਾਈ। ਸੰਮੇਲਨ ਦੀ ਸਫ਼ਲਤਾ ਤੋਂ ਬਾਗੋਬਾਗ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਨਾਮੀ ਕੰਪਨੀਆਂ ਵੱਲੋਂ ਰਾਜ ਵਿੱਚ ਪੂੰਜੀ ਨਿਵੇਸ਼ ਕਰਨ ਲਈ ਦਿਖਾਈ ਦਿਲਚਸਪੀ ਨਾਲ ਤਿੰਨ ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣਗੇ ਅਤੇ ਪੰਜਾਬ ਸਨਅਤੀ ਹੱਬ ਵਜੋਂ ਉਭਰੇਗਾ। ਉਨ੍ਹਾਂ ਅਗਲਾ ਨਿਵੇਸ਼ਕ ਸੰਮੇਲਨ 9 ਤੇ 10 ਦਸੰਬਰ 2014 ਨੂੰ ਲੁਧਿਆਣਾ ਵਿਚ ਕਰਵਾਉਣ ਦਾ ਐਲਾਨ ਕੀਤਾ।

ਨਿਵੇਸ਼ ਸੰਮੇਲਨ ਦੀ ਸਮਾਪਤੀ ਮੌਕੇ ਮੁੱਖ ਮੰਤਰੀ ਨੇ ਸੂਬੇ ਨੂੰ ਸਨਅਤੀ ਧੁਰੇ ਵਜੋਂ ਉਭਾਰਨ ਲਈ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਦੂਰਅੰਦੇਸ਼ੀ ਅਤੇ ਉਤਸ਼ਾਹ ਦੀ ਸ਼ਲਾਘਾ ਕੀਤੀ। ਉਨ੍ਹਾਂ ਕੇਂਦਰ ਸਰਕਾਰ ਨੂੰ ਕੋਸਦਿਆਂ ਦੇਸ਼ ਦੇ ਅਨਾਜ ਭੰਡਾਰ ਦੀ 80 ਫੀਸਦੀ ਮੰਗ ਨੂੰ ਪੂਰਾ ਕਰਨ ਵਾਲੇ ਪੰਜਾਬ ਨਾਲ ਪੱਖਪਾਤ ਕਰਨ ਦਾ ਦੋਸ਼ ਲਾਇਆ। ਸ੍ਰੀ ਬਾਦਲ ਨੇ ਕਿਹਾ ਕਿ ਸਾਰੇ ਉਦਯੋਗਪਤੀ ਨੂੰ ਅਪੀਲ ਕੀਤੀ ਕਿ ਸੂਬੇ ਦੇ ਸਰਬਪੱਖੀ ਵਿਕਾਸ ਲਈ ਸਰਗਰਮ ਰੋਲ ਅਦਾ ਕੀਤਾ ਜਾਵੇ। ਉਨ੍ਹਾਂ ਭਰੋਸਾ ਦਿੱਤਾ ਕਿ ਜੇਕਰ ਸਨਅਤਕਾਰ ਨੂੰ ਪ੍ਰਾਜੈਕਟ ਦੇ ਕਿਸੇ ਵੀ ਪੱਧਰ 'ਤੇ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਉਨ੍ਹਾਂ ਨਾਲ ਕਿਸੇ ਵੀ ਸਮੇਂ ਟੈਲੀਫੋਨ ਜਾਂ ਨਿੱਜੀ ਤੌਰ 'ਤੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਨਿਵੇਸ਼ਕਾਰਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਵਚਨਬੱਧਤਾ ਦੁਹਰਾਈ।

ਮੁੱਖ ਮੰਤਰੀ ਨੇ ਕਿਹਾ ਕਿ ਉਦਯੋਗਪਤੀਆਂ ਨਾਲ ਸਮੇਂ-ਸਮੇਂ ਸਿਰ ਲਗਾਤਾਰ ਰਾਬਤਾ ਬਣਾਇਆ ਜਾਵੇ ਤਾਂ ਕਿ ਸਨਅਤੀ ਲੋੜਾਂ ਮੁਤਾਬਕ ਨੀਤੀਆਂ ਤਿਆਰ ਕਰਨ ਲਈ ਸਰਕਾਰ ਨੂੰ ਜਾਣਕਾਰੀ ਮਿਲਦੀ ਰਹੇ। ਇਸ ਮੌਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 117 ਕੰਪਨੀਆਂ ਨੇ 65 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਕਰਨ ਲਈ ਵਾਅਦਾ ਪੱਤਰ 'ਤੇ ਸਹੀ ਪਾਈ ਹੈ। ਇਹ ਸੰਮੇਲਨ ਹਰ ਸਾਲ ਕਰਵਾਇਆ ਜਾਵੇਗਾ ਤਾਂ ਜੋ ਪਿਛਲੇ ਸੰਮੇਲਨ 'ਚ ਕੀਤੇ ਗਏ ਐਲਾਨਾਂ ਬਾਰੇ ਅਸਲੀਅਤ ਪਤਾ ਲੱਗਦੀ ਰਹੇ। ਉਨ੍ਹਾਂ ਆਸ ਪ੍ਰਗਟਾਈ ਕਿ ਅਗਲੇ ਸਾਲ ਹੋਣ ਵਾਲੇ ਸੰਮੇਲਨ ਵਿੱਚ ਦੁੱਗਣੇ ਨਿਵੇਸ਼ ਨੂੰ ਆਕਰਸ਼ਿਤ ਕੀਤਾ ਜਾ ਸਕੇਗਾ।

## ਪਰਦੇਸ ਟਾਇਮਜ਼ 8ਵੇਂ ਵਰ੍ਹੇ 'ਚ

ਆਪਣੇ ਪਾਠਕਾਂ ਅਤੇ ਸਹਿਯੋਗੀਆਂ ਨਾਲ ਅਸੀਂ ਇਹ ਖੁਸ਼ੀ ਸਾਂਝੀ ਕਰਦਿਆਂ ਸੂਚਨਾ ਦਿੰਦੇ ਹਾਂ ਕਿ ਪੰਜਾਬੀ ਅਤੇ ਪੰਜਾਬੀਅਤ ਦੇ ਪਹਿਰੇਦਾਰ ਵਜੋਂ ਨਿਰੰਤਰ ਅੱਗੇ ਵੱਧ ਰਿਹਾ 'ਪਰਦੇਸ ਟਾਇਮਜ਼' 8ਵੇਂ ਵਰ੍ਹੇ ਵਿਚ ਦਾਖਲ ਹੋ ਗਿਆ ਹੈ। ਪਿਛਲੇ 7 ਸਾਲਾਂ ਤੋਂ ਤੁਹਾਡੇ ਸਹਿਯੋਗ ਅਤੇ ਹੱਲਾਸ਼ੇਰੀ ਸਦਕਾ ਅੱਜ ਇਹ ਸਫਰ ਤਹਿ ਹੋ ਸਕਿਆ ਹੈ। ਇਸ ਖੁਸ਼ੀ ਨੂੰ ਸਾਂਝੀ ਕਰਨ ਦੇ ਲਈ ਜਨਵਰੀ ਦੇ ਮਹੀਨੇ 8ਵੀ ਵਰੇਗੰਢ ਮਨਾਈ ਜਾ ਰਹੀ ਹੈ। ਇਸ ਮੌਕੇ ਅਦਾਰਾ ਪਰਦੇਸ ਟਾਇਮਜ਼ ਦੇ ਸਾਰੇ ਸਹਿਯੋਗੀਆਂ ਅਤੇ ਪ੍ਰਸ਼ੰਸਕਾਂ ਨੂੰ ਸੱਦੇ ਪੱਤਰ ਭੇਜੇ ਜਾਣਗੇ। ਸਪਾਂਸਰਸ਼ਿਪ ਲਈ ਕਾਲ ਕਰੋ-

- ਬਲਬੀਰ ਸਿੰਘ ਐਮ. ਏ., ਮੁੱਖ ਸੰਪਾਦਕ 510-938-7771

ਮਰਦਾਨਾ ਕਮਜ਼ੋਰੀ




E-mail :- shweat077@yahoo.com
www.surajvanshipharmacy.com

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ

ਅਸਰ 3 ਦਿਨਾਂ ਤੋਂ ਸ਼ੁਰੂ
ਬੁਢਾਪੇ 'ਚ ਜਵਾਨੀ ਮਾਣੋ

ਮਰਦਾਨਾ ਤਾਕਤ ਲਈ ਸਿਹਤ ਗੈਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਸੈਕਸ ਵਿੱਚ ਭਰਪੂਰ ਜੋਸ਼ ਅਤੇ ਮਨਚਾਹਾ ਟਾਈਮ

ਵਿਆਹ ਤੋਂ ਪਹਿਲਾਂ ਜਾਂ ਵਿਆਹ ਤੋਂ ਬਾਅਦ ਹਰ ਉਮਰ 'ਚ ਹਾਸਲ ਕਰੋ

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਸਿਹਤ ਬਣਾਓ

ਵਾਲ ਝੜਨਾ ਜਾਂ ਸਫੈਦ ਹੋਣਾ

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi +91-98155-33933

PUNJAB IMMIGRATION & TAX SERVICE
Bluetie FINANCIAL

INCOME TAX
PERSONAL TAX RETURNS
BUSINESS TAX RETURNS
CORPORATION TAX RETURNS



IMMIGRATION
FAMILY PETITIONS
WORK PERMIT
GREEN CARD
CITIZENSHIP

Varinder S Sekhon (B. com. LL.B.)
Immigration and Income Tax
email: SINGH2637@YAHOO.COM

ACCOUNTING & PAYROLL SERVICES
DAY-TO-DAY BUSINESS ACCOUNTING, QUARTERLY AND ANNUAL FINANCIAL REPORTS, EMPLOYEE PAYROLL, QUARTERLY TAX FILING WITH IRS AND EDD

ADDITIONAL SERVICES
DIVORCE PETITIONS, NAME CHANGE DECREE, FORM NEW CORPORATIONS, POWER OF ATTORNEY




ਇਨਕਮ ਟੈਕਸ, ਇਮੀਗ੍ਰੇਸ਼ਨ, ਕਾਨੂੰਨੀ ਪਟੀਸ਼ਨ, ਗ੍ਰੀਨ ਕਾਰਡ, ਸਿਟੀਜ਼ਨਸ਼ਿਪ, ਵਰਕ ਪਰਮਿਟ ਆਦਿ ਨਾਲ ਸੰਬੰਧਤ ਹਰ ਤਰ੍ਹਾਂ ਦੀ ਸੇਵਾ ਲਈ ਸੰਪਰਕ ਕਰੋ।

PHONE: 916-391-7221 FAX: 916-258-0470 (Internationally)
CELL: 916-690-0487 INDIA 011-91-98724-82590

1399-B FLORIN ROAD (BEHIND AMPM GAS STATION)
SACRAMENTO CA 95822

# ਜਾਂਬਾਜ਼ ਮਸੀਹੇ ਦੀ ਵਿਦਾਇਗੀ



ਦੁਨੀਆਂ ਦੀ ਜੁਝਾਰੂ ਰੋਸ਼ਨੀ ਬੁਝ ਗਈ ਹੈ। ਵਿਸ਼ਵ ਦੇ ਕਰੋੜਾਂ ਰੰਗ-ਨਸਲ ਦੇ ਭੇਦਭਾਵ ਤੋਂ ਪੀੜਤ ਲੋਕਾਂ ਦਾ ਮਸੀਹਾ ਤੇ ਅਦਭੁੱਤ ਪ੍ਰੇਰਨਾ-ਸਰੋਤ ਨੈਲਸਨ ਮੰਡੇਲਾ ਵਿਦਾ ਹੋ ਗਿਆ ਹੈ। ਉਹ ਦੁਨੀਆਂ ਦੇ ਅਜਿਹੇ ਜ਼ਿੰਦਾ ਰਹਿਬਰ ਸਨ, ਜਿਨ੍ਹਾਂ ਦੇ ਬਰਾਬਰ ਦੀ ਕੋਈ ਹੋਰ ਮਿਸਾਲ ਨਹੀਂ ਹੈ। ਓਬਾਮਾ ਦਾ ਕਥਨ ਸੱਚ ਹੈ ਕਿ ਅਸੀਂ ਦੁਬਾਰਾ ਨੈਲਸਨ ਵਰਗੀ ਸ਼ਖ਼ਸੀਅਤ ਨਹੀਂ ਵੇਖ ਸਕਾਂਗੇ। ਰੰਗ ਭੇਦ ਖ਼ਿਲਾਫ਼ ਉਹ ਵਿਸ਼ਵ ਦੀ ਸਭ ਤੋਂ ਤਾਕਤਵਰ ਆਵਾਜ਼ ਸੀ। ਇੱਕ ਜਾਂਬਾਜ਼ ਮਸੀਹਾ, ਜਿਸਦੀ ਆਵਾਜ਼ ਵਿੱਚ ਉਹ ਥਰਥਰਾਹਟ ਸੀ ਜੋ ਗੜਗੜਾਹਟ ਪੈਦਾ ਕਰਦੀ ਸੀ। ਮੰਡੇਲਾ ਪਹਿਲੇ ਅਜਿਹੇ ਵਿਸ਼ਵ ਨੇਤਾ ਸਨ ਜਿਸਨੂੰ ਪੂਰੀ ਦੁਨੀਆਂ ਵਿੱਚ ਉਹ ਸਨਮਾਨ ਪ੍ਰਾਪਤ ਹੋਇਆ, ਜੋ ਇਸ ਤੋਂ ਪਹਿਲਾਂ ਕਿਸੇ ਦੇ ਹਿੱਸੇ ਨਹੀਂ ਆਇਆ।

ਗ਼ਰੀਬਾਂ ਅਤੇ ਲੋਕਤੰਤਰ ਦੀ ਆਵਾਜ਼ ਬਣੇ ਨੈਲਸਨ ਮੰਡੇਲਾ ਨੇ ਆਪਣੀ ਪੂਰੀ ਜ਼ਿੰਦਗੀ ਨਸਲਵਾਦ ਤੇ ਰੰਗ-ਭੇਦ ਦੀ ਦੁਨੀਆਂ ਵਿੱਚ ਆਮ ਗ਼ਰੀਬ ਆਦਮੀ ਦੀ ਪਛਾਣ ਸਥਾਪਤ ਕਰਨ ਲਈ ਲਗਾ ਦਿੱਤੀ। ਜ਼ਿੰਦਗੀ ਵਿੱਚ ਮੰਡੇਲਾ ਨੇ ਬਹੁਤ ਕੁਝ ਪ੍ਰਾਪਤ ਕੀਤਾ ਪਰ ਵਿਸ਼ਵ ਇਤਿਹਾਸ ਵਿੱਚ ਉਹ ਮੁਕਤੀ ਦੇ ਲੋਕਤੰਤਰੀ ਯੋਧਾ ਦੇ ਰੂਪ ਵਿੱਚ ਸਫ਼ਲ ਹੋਇਆ। ਲੰਮੇ ਸੰਘਰਸ਼ਾਂ ਦੀ ਦਾਸਤਾਨ ਬਣੇ ਮੰਡੇਲਾ ਦਾ ਕੱਲ੍ਹ ਰਾਤੀਂ ਫੇਫੜਿਆਂ ਵਿੱਚ ਇਨਫੈਕਸ਼ਨ ਨਾਲ ਦੇਹਾਂਤ ਹੋ ਗਿਆ। ਮੰਡੇਲਾ ਇੱਕ ਸੱਚੇ ਗਾਂਧੀਵਾਦੀ ਸਨ, ਜਿਨ੍ਹਾਂ ਆਪਣੀ ਹਿੰਮਤ ਅਤੇ ਜੁਝਾਰੂ ਸੰਘਰਸ਼ ਨਾਲ ਹਿੰਸਾ ਤੇ ਅਹਿੰਸਾ ਵਿੱਚੋਂ ਆਪਣਾ ਰਸਤਾ ਬਣਾਇਆ ਤੇ ਅਫ਼ਰੀਕੀ ਲੋਕਾਂ ਨੂੰ ਸਦੀਆਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਵਾਇਆ।

ਮੰਡੇਲਾ ਨੂੰ ਪੂਰੀ ਦੁਨੀਆਂ ਵਿੱਚ ਇਸ ਲਈ ਵੀ ਯਾਦ ਕੀਤਾ ਜਾਵੇਗਾ ਕਿ ਉਹ ਪਹਿਲੇ ਅਜਿਹੇ ਨੇਤਾ ਸਨ ਜਿਨ੍ਹਾਂ ਦੇ ਅੰਦਰ ਮਾਨਵੀ ਰਿਸ਼ਤਿਆਂ ਦਾ ਅਥਾਹ ਸਮੁੰਦਰ ਸੀ। ਉਹ ਹਮੇਸ਼ਾਂ ਵਿਸ਼ਵ ਚਰਚਾ ਵਿੱਚ ਰਹੇ, ਚਾਹੇ ਉਹ ਅੰਦੋਲਨ ਦੀ ਰਾਹ ਹੋਵੇ, ਜੇਲ੍ਹ ਦਾ 27 ਸਾਲਾਂ ਦਾ ਸਫ਼ਰ। ਉਹ ਕੌਮਾਂਤਰੀ ਪ੍ਰੇਰਨਾ ਪੁਰਸ਼ ਬਣੇ ਜਿਸ ਵਿੱਚ ਜ਼ਿੰਦਗੀ ਦੇ ਜੀਵਨ ਸੰਘਰਸ਼ ਦੀ ਲੰਮੀ ਲੜਾਈ ਲੜਨ ਦਾ ਜਜ਼ਬਾ, ਹਿੰਮਤ ਤੇ ਹੌਸਲਾ ਸੀ। ਨੈਲਸਨ ਮੰਡੇਲਾ ਦਾ ਸਮੁੱਚਾ ਜੀਵਨ ਰਾਸ਼ਟਰ ਭਗਤੀ ਅਤੇ ਬਹਾਦਰੀ ਦੀ ਅਹਿਮ ਤਸਵੀਰ ਹੈ, ਤਾਂ ਹੀ ਤਾਂ ਮੰਡੇਲਾ ਬਾਰੇ ਕਿਹਾ ਗਿਆ ਹੈ:

'ਮੰਡੇਲਾ ਇੱਕ ਵਿਸ਼ਾਲ ਵੱਟ ਬਿਰਖ਼ ਦੀ ਤਰ੍ਹਾਂ ਹੈ ਜਿਸਦੀ ਛਾਂ ਵਿੱਚ ਪੂਰੀ ਧਰਤੀ ਦੇ ਆਦਮੀ ਸ਼ਾਂਤੀ ਪ੍ਰਾਪਤ ਕਰਦੇ ਹਨ।'

ਮੰਡੇਲਾ ਨੇ ਇਹ ਸਾਬਤ ਕਰ ਦਿੱਤਾ ਕਿ ਜੰਗ ਹਥਿਆਰਾਂ ਤੋਂ ਬਿਨਾਂ ਵੀ ਲੜੀ ਅਤੇ ਜਿੱਤੀ ਜਾ ਸਕਦੀ ਹੈ। ਉਨ੍ਹਾਂ ਆਪਣੀ ਜੀਵਨ 'ਲਾਂਗਵਾਕ ਟੂ ਫਰੀਡਮ' ਲਿਖ ਕੇ ਸਭ ਕੁਝ ਬਿਆਨ ਕੀਤਾ ਹੈ। ਉਨ੍ਹਾਂ ਦੀ ਜੀਵਨੀ ਪੜ੍ਹਦਿਆਂ ਹਰ ਵਾਰ ਇੱਕ ਨਵੇਂ ਨੈਲਸਨ ਮੰਡੇਲਾ ਦੇ ਦਰਸ਼ਨ ਹੁੰਦੇ ਹਨ। ਇੱਕ ਮਹਾਂਮਾਨਵ ਕੀ ਹੁੰਦਾ ਹੈ, ਇਹ ਉਨ੍ਹਾਂ ਦੀ ਜੀਵਨੀ ਪੜ੍ਹ ਕੇ ਹੀ ਪਤਾ ਲੱਗਦਾ ਹੈ। ਅਸਲ ਵਿੱਚ ਮੰਡੇਲਾ ਤਾਂ ਉਸ ਜੰਗਲ ਦੇ ਫੁੱਲ ਸਨ ਜਿੱਥੇ ਆਜ਼ਾਦੀ ਹੀ ਆਜ਼ਾਦੀ ਹੈ। ਇਹ ਮਹਾਨ ਮਨੁੱਖ 18 ਜੁਲਾਈ, 1918 ਨੂੰ ਮਾਵੇਜ਼ੋ ਪ੍ਰਾਂਤ ਵਿੱਚ ਪੈਦਾ ਹੋਇਆ ਸੀ। ਦੱਖਣੀ ਅਫ਼ਰੀਕਾ ਦਾ ਇਹ ਪਿੰਡ ਅੱਜ ਵੀ ਪਛੜਿਆ ਹੋਇਆ ਹੈ। ਪਿਤਾ ਗਾਦਲਾ ਹੇਨਰੀ ਫਾਕਾਨਿਸਵਾ ਅਤੇ ਮਾਂ ਫੈਨੀ ਦੀ ਇਸ ਔਲਾਦ ਦਾ ਪੂਰਾ ਨਾਮ ਰੋਲ੍ਹਿਲ੍ਹਾਲਾ ਮੰਡੇਲਾ ਰੱਖਿਆ ਗਿਆ, ਜੋ ਬਾਅਦ ਵਿੱਚ ਮੰਡੇਲਾ ਨਾਂ ਨਾਲ ਪ੍ਰਸਿੱਧ ਹੋਇਆ। ਨੈਲਸਨ ਦਾ ਧਾਰਮਿਕ ਨਾਂ ਮਦੀਬਾ ਸੀ। ਅਫ਼ਰੀਕਾ ਦੇ ਥੈਂਬੂ ਕਬੀਲੇ ਦੇ ਇਸ ਬਾਲਕ ਨੇ ਦੁਨੀਆਂ ਦੀ ਤਹਿਜ਼ੀਬ ਅਤੇ ਰਾਜਨੀਤੀ ਹੀ ਬਦਲ ਦਿੱਤੀ। ਮੰਡੇਲਾ ਨੇ ਤਿੰਨ ਸ਼ਾਦੀਆਂ ਕੀਤੀਆਂ। ਪਹਿਲੀ ਪਤਨੀ ਮਾਸੇ 1944-1958 ਤਕ, ਵਿੰਨੀ 1996 ਤਕ ਤੇ ਫਿਰ ਅੰਤਿਮ ਛਿਣਾਂ ਦੀ ਸਹਿਯੋਗੀ ਗਰੇਸਾ ਮਿਸ਼ੇਲ 1998 ਵਿੱਚ ਉਸ ਦੀ ਜੀਵਨ-ਸਾਥਣ ਬਣੀ।

27 ਵਰ੍ਹਿਆਂ ਦੀ ਜੇਲ੍ਹ ਯਾਤਰਾ ਵਿੱਚ ਮੰਡੇਲਾ ਨੇ ਆਪਣੀ ਜ਼ਿੰਦਗੀ ਦੇ ਸਾਹਾਂ ਅਤੇ ਜਿਸਮ 'ਤੇ ਬਹੁਤ ਕੁਝ ਸਹਿਆ। ਪਚਾਨਵੇਂ ਵਰ੍ਹਿਆਂ ਦੇ ਆਪਣੇ ਲੰਮੇ ਜੀਵਨ-ਕਾਲ ਵਿੱਚ ਮੰਡੇਲਾ ਆਪਣੇ ਅਤੇ ਵਿਸ਼ਵ ਦੇ ਲੋਕਾਂ ਦੀ ਆਵਾਜ਼ ਬਣੇ। ਰੰਗ-ਭੇਦ ਦੀ ਵਿਸ਼ਾਲ ਤਾਕਤ ਪੱਛਮੀ ਸਾਮਰਾਜ ਅਤੇ ਆਪਣੇ ਦੇਸ਼ ਦੀ ਸਦੀਆਂ ਦੀ ਜ਼ਾਲਮ ਸਰਕਾਰ ਨਾਲ ਲੋਹਾ ਲੈ ਕੇ ਫਿਰ ਜ਼ਿੰਦਾ ਰਹਿਣ ਦਾ ਸਾਹਸ ਕਰਨਾ ਕੋਈ ਮੰਡੇਲਾ ਦੇ ਜੀਵਨ ਤੋਂ ਸਿੱਖ ਸਕਦਾ ਹੈ। ਵਿਸ਼ਵ ਇਤਿਹਾਸ ਵਿੱਚ ਬਹੁਤ ਘੱਟ ਅਜਿਹੇ ਲੋਕ ਹਨ ਜਿਨ੍ਹਾਂ ਨੇ ਇਸ ਤਰ੍ਹਾਂ ਦਾ ਇਤਿਹਾਸ ਰਚਿਆ ਹੈ। ਅਫ਼ਰੀਕਾ ਦੇ ਪ੍ਰਧਾਨ ਨੇ ਕਿਹਾ, ''ਅਸੀਂ ਹਰ ਅਫ਼ਰੀਕੀ 'ਚ ਮੰਡੇਲਾ ਦਾ ਜਜ਼ਬਾ ਵੇਖ ਰਹੇ ਹਾਂ। ਅਸੀਂ ਆਪਣਾ ਸਭ ਤੋਂ ਪਿਆਰਾ ਬੇਟਾ ਖੋ ਦਿੱਤਾ ਹੈ।'' ਮੰਡੇਲਾ ਨੂੰ 250 ਤੋਂ ਜ਼ਿਆਦਾ ਵਿਸ਼ਵ ਸਨਮਾਨ ਦਿੱਤੇ ਗਏ ਸਨ, ਜੋ ਉਨ੍ਹਾਂ ਦੇ ਜਜ਼ਬੇ ਤੇ ਆਜ਼ਾਦੀ ਦੀ ਲੜਾਈ ਦੇ ਹੌਸਲੇ ਨੂੰ ਸਲਾਮ ਹੈ। ਸਾਲ 1995 ਵਿੱਚ ਅਫ਼ਰੀਕੀ ਨੈਸ਼ਨਲ ਕਾਂਗਰਸ ਨੇ ਮੰਡੇਲਾ ਨੂੰ 'ਵਿਸ਼ਵ ਧਰੋਹਰ' ਤੇ 'ਜ਼ਿੰਦਾ ਮਸੀਹਾ' ਕਿਹਾ ਸੀ। ਮੰਡੇਲਾ ਨੂੰ ਸਾਲ 1993 ਵਿੱਚ ਸ਼ਾਂਤੀ ਦਾ ਨੋਬਲ ਪੁਰਸਕਾਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਦੁਨੀਆਂ ਦਾ ਸਭ ਤੋਂ ਸਾਹਸੀ ਵਿਅਕਤੀ ਕਿਹਾ ਗਿਆ ਸੀ। ਭਾਰਤ ਸਰਕਾਰ ਨੇ ਸਾਲ 1991 ਵਿੱਚ ਨੈਲਸਨ ਮੰਡੇਲਾ ਨੂੰ 'ਭਾਰਤ ਰਤਨ' ਨਾਲ ਨਿਵਾਜਿਆ ਸੀ। ਅਫ਼ਰੀਕਾ ਦੇ ਪ੍ਰਧਾਨ ਦੀ ਸੇਵਾਮੁਕਤੀ ਤੋਂ ਬਾਅਦ ਨੈਲਸਨ ਮੰਡੇਲਾ ਟੀ.ਬੀ. ਵਰਗੀਆਂ ਬੀਮਾਰੀਆਂ ਦੀ ਰੋਕਥਾਮ ਲਈ ਕੰਮ ਕਰਦੇ ਰਹੇ। ਉਨ੍ਹਾਂ ਕਰੋੜਾਂ ਲੋਕਾਂ ਦੀ ਲੋਕ ਭਲਾਈ ਦੀਆਂ ਯੋਜਨਾਵਾਂ ਨੂੰ ਮੂਰਤ ਰੂਪ ਦਿੱਤਾ।

ਮੰਡੇਲਾ ਨੂੰ ਇੱਕ ਅਜਿਹੇ ਨੇਤਾ/ ਯੋਧਾ ਦੇ ਰੂਪ ਵਿੱਚ ਵੀ ਯਾਦ ਕੀਤਾ ਜਾਵੇਗਾ ਜੋ ਚਿੰਤਨਸ਼ੀਲ ਸੀ। ਮੰਡੇਲਾ ਨੂੰ ਨੇੜਿਓਂ ਵੇਖਣਾ ਇੱਕ ਅਦਭੁੱਤ ਲਮਹਾ ਸੀ। ਮੇਰੀਆਂ ਯਾਦਾਂ ਵਿੱਚ ਉਨ੍ਹਾਂ ਦੀ ਆਵਾਜ਼ ਅਜੇ ਤਕ ਤਾਜ਼ਾ ਹੈ। ਵਿ-ਗਆਨ ਭਵਨ, ਦਿੱਲੀ ਵਿੱਚ ਹੋਏ ਸਨਮਾਨ ਸਮਾਰੋਹ ਵਿੱਚ ਉਨ੍ਹਾਂ ਨੂੰ ਵੇਖਣਾ ਅਦਭੁੱਤ ਛਿਣ ਸੀ। ਮੰਡੇਲਾ ਨੇ ਆਪਣੀ 27 ਸਾਲ ਦੀ ਜੇਲ੍ਹ ਯਾਤਰਾ ਦੌਰਾਨ ਬੇਹੱਦ ਨਿੱਜੀ ਯਾਦਾਂ ਭਰੀਆਂ ਚਿੱਠੀਆਂ ਲਿਖੀਆਂ ਹਨ। ਉਨ੍ਹਾਂ 'ਚੋਂ ਉਨ੍ਹਾਂ ਦੀ ਉਹ ਤਸਵੀਰ ਵਿਖਾਈ ਦਿੰਦੀ ਹੈ ਜੋ ਹੋਰ ਕਿਸੇ ਦੀ ਸ਼ਖ਼ਸੀਅਤ 'ਚੋਂ ਨਹੀਂ ਦਿਖਾਈ ਦੇ ਸਕਦੀ। ਉਨ੍ਹਾਂ 'ਚੋਂ ਕੁਝ ਚਿੱਠੀਆਂ ਦਾ ਨਮੂਨਾ ਅਨੁਵਾਦ ਪੇਸ਼ ਹੈ:

'ਮੇਰੇ ਪਿਤਾ ਦੀ ਮੌਤ ਉਦੋਂ ਹੋ ਗਈ ਜਦੋਂ ਮੈਂ ਸਿਰਫ਼ 9 ਵਰ੍ਹਿਆਂ ਦਾ ਸਾਂ। ਜ਼ਿੰਦਗੀ ਤੇ ਮੌਤ ਕੀ ਹੁੰਦੀ ਹੈ, ਮੈਨੂੰ ਕੁਝ ਪਤਾ ਨਹੀਂ ਸੀ। ਮੈਨੂੰ ਸਿਰਫ਼ ਐਨਾ ਯਾਦ ਹੈ, ਪਿਤਾ ਜੀ ਤੜਪਦੇ ਰਹੇ ਤੇ ਪੂਰੇ ਹੋ ਗਏ। ਬਹੁਤ ਬਾਅਦ ਪਤਾ ਲੱਗਿਆ ਕਿ ਮੇਰੇ ਪਿਤਾ ਚੱਲ ਵਸੇ। ਰਾਸ਼ਟਰਪਤੀ ਬਣਨ ਤੋਂ ਬਾਅਦ ਮੈਂ ਪਹਿਲਾ ਕੰਮ ਮੈਡੀਕਲ ਸੇਵਾਵਾਂ ਦੀ ਬਿਹਤਰੀ ਲਈ ਕੀਤਾ।'

ਇੱਕ ਹੋਰ ਖ਼ਤ ਵਿੱਚ ਉਹ ਆਪਣੀ ਪਤਨੀ ਨੂੰ ਸੰਬੋਧਨ ਕਰਦਿਆਂ ਲਿਖਦੇ ਹਨ:

''ਵਿੰਨੀ, ਤੇਰੇ ਪਿਆਰ ਦਾ ਮੇਰੇ 'ਤੇ ਕਰਜ਼ ਹੈ। ਤੇਰੀ ਫੋਟੋ ਵੇਖ ਕੇ ਮੈਨੂੰ ਪਰਿਵਾਰ ਨਾਲ ਮੋਹ ਹੋਰ ਵੀ ਤਾਜ਼ਾ ਹੋ ਗਿਆ ਹੈ। ਜਿਨ੍ਹਾਂ ਲੋਕਾਂ ਦੀ ਆਪਣੀ ਕੋਈ ਆਤਮਾ ਨਹੀਂ ਹੁੰਦੀ, ਉਨ੍ਹਾਂ ਨੂੰ ਪਿਆਰ ਦੀ ਕੋਈ ਵੀ ਪਰਿਭਾਸ਼ਾ ਚੰਗੀ ਨਹੀਂ ਲਗਦੀ।''

1 ਜੂਨ 1970

''ਅੱਜ ਅੱਠ ਵਰ੍ਹੇ ਹੋ ਗਏ ਹਨ, ਜਦੋਂ ਤੋਂ ਮੈਂ ਤੁਹਾਨੂੰ ਸਾਰੇ ਲੋਕਾਂ ਨੂੰ ਨਹੀਂ ਵੇਖਿਆ। ਪਿਛਲੇ ਇੱਕ ਸਾਲ ਤੋਂ ਮੈਨੂੰ ਚਿੰਤਾ ਹੈ ਕਿ ਤੂੰ ਸਕੂਲ ਦੀਆਂ ਛੁੱਟੀਆਂ ਕਿੱਥੇ ਮਨਾਉਂਦੀ ਏਂ। ਲਗਾਤਾਰ ਖ਼ਤ ਲਿਖਣ ਦਾ ਇੱਕ ਫ਼ਾਇਦਾ ਇਹ ਹੈ ਕਿ ਮੈਂ ਤੁਹਾਡੇ ਨਾਲ ਜੁੜਿਆ ਰਹਿੰਦਾ ਹਾਂ। ਆਜ਼ਾਦੀ ਤੋਂ ਬਿਨਾਂ ਕੁਝ ਵੀ ਪਸੰਦ ਨਹੀਂ ਹੈ।''

1 ਜੁਲਾਈ 1969

ਆਪਣੀ ਪਹਿਲੀ ਪਤਨੀ ਨੂੰ ਇੱਕ ਖ਼ਤ ਵਿੱਚ ਮੰਡੇਲਾ ਨੇ ਲਿਖਿਆ:

''ਮੈਂ ਤੇਰੇ ਪੁੱਤਰ ਦੀ ਸ਼ਾਦੀ ਵਿੱਚ ਸ਼ਾਮਲ ਨਹੀਂ ਹੋ ਸਕਿਆ, ਮੈਨੂੰ ਅਫ਼ਸੋਸ ਹੋਇਆ। ਤੇਰੇ ਸਾਰੇ ਜ਼ਖ਼ਮ ਮੇਰੇ ਨੇ, ਮੈਂ ਉਨ੍ਹਾਂ 'ਚ ਸ਼ਾਮਲ ਹੁੰਦਾ ਹਾਂ। ਇਸ ਨਾਲ ਤੈਨੂੰ ਤਾਕਤ ਮਿਲੇਗੀ।''

26 ਅਕਤੂਬਰ 1976

''ਮੈਂ ਜੇਲ੍ਹ ਵਿੱਚ ਰੇਗਿਸਤਾਨ ਦੀ ਤਰ੍ਹਾਂ ਸਖ਼ਤ ਤੇ ਸੁੱਕਾ ਹੋ ਗਿਆ ਹਾਂ। ਰੇਤ ਹੀ ਰੇਤ ਹੈ, ਕੋਈ ਹਵਾ ਤੇ ਪਾਣੀ ਦੀ ਥਾਂ ਨਹੀਂ ਹੈ। ਤੁਹਾਡੀਆਂ ਚਿੱਠੀਆਂ ਨਹੀਂ ਮਿਲਦੀਆਂ ਤਾਂ ਲੱਗਦਾ ਹੈ ਰੇਗਿਸਤਾਨ ਹੋਰ ਸੁੱਕਾ ਤੇ ਨਿਰਮੋਹੀ ਹੋ ਗਿਆ ਹੈ।''

ਅੰਤ ਵਿੱਚ ਮੰਡੇਲਾ ਦੀ ਇੱਕ ਕਵਿਤਾ ਦੀ ਵੰਨਗੀ ਵੇਖੀ ਜਾ ਸਕਦੀ ਹੈ:

''ਮੇਰੀ ਝੌਂਪੜੀ ਦਾ ਅੰਡੇ ਵਰਗਾ ਆਕਾਰ
ਉਦੋਂ ਮੈਂ ਇਹੀ ਸਮਝਦਾ ਸੀ
ਕਿ ਇਹ ਹੀ ਮੇਰਾ ਸੰਸਾਰ ਹੈ।
ਮੇਰਾ ਘਰ-
ਸਿਰਫ਼ ਜੇਲ੍ਹ ਹੈ-
ਮੈਂ ਆਕਾਸ਼ 'ਚ ਖੰਭ ਪਸਾਰ ਕੇ ਉੱਡਣਾ ਚਾਹੁੰਦਾ ਹਾਂ।
ਇਹ ਸੰਭਵ ਹੈ-
ਜਦੋਂ ਮੈਂ ਪਿੰਡ ਤੋਂ ਬਾਹਰ ਆਇਆ-
ਦੁਨੀਆਂ ਤਾਂ ਜੇਲ੍ਹ 'ਚ ਵੀ ਹੈ
ਤੇ ਪੂਰੀ ਜੇਲ੍ਹ ਪੂਰੀ ਦੁਨੀਆਂ-
ਮੈਂ ਝੌਂਪੜੀ 'ਚ ਪੈਦਾ ਹੋਇਆ
ਇਹ ਹੀ ਸਾਰਾ ਸੰਸਾਰ ਹੈ।

**-ਕੇ ਕੇ ਰੱਤੂ**

## CLASSIFIED

### ਵਰ ਦੀ ਲੋੜ

Professionally qualified Ramgaria sikh girl, 31 Years, 5'4",Slim. B tech, MS-CSE(usa). Who has worked in usa for 6 years on H1-B. Now working in MNC in chandigarh is seeking for equally or professionally qualified match in USA. Please contact for further details. Upper caste no bar **Balbir2266@yahoo.co.in**

### ਲੜਕੀ ਦੀ ਲੋੜ

26 ਸਾਲ 5 ਫੁੱਟ 10 ਇੰਚ, ਸੋਹਣਾ ਸੁਨੱਖਾ ਸਿੱਖ (ਸੁਨਿਆਰ) ਲੁਧਿਆਣਾ ਤੋਂ ਗੋਲਡ ਮੈਡਲਿਸਟ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਕੈਨੀਕਲ ਇੰਜੀਨੀਅਰਿੰਗ ਕੀਤੀ ਹੋਈ, ਟੂਰਿਸਟ ਦੇ ਤੌਰ ਤੇ ਅਮਰੀਕਾ ਵਿਚ 6 ਮਹੀਨੇ ਲਈ ਆਏ ਹੋਏ ਹਨ, ਸਿਟੀਜ਼ਨ ਲੜਕੀ ਦੀ ਲੋੜ ਹੈ। ਹੋਰ ਗੱਲਬਾਤ ਲਈ ਫੋਨ ਕਰੋ ਮਾਸਟਰ ਕਰਮ ਸਿੰਘ 408-802-7309 ਜਾਂ ਗੁਰਮੀਤ ਸਿੰਘ ਭੋਗਲ 510-386-2084 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
REAL ESTATE
*TAX: All types of Tax Returns: Individual, Business, Sales Tax
- Incorporation
- Insurance-Life Only
- Notary Public

E.A.

CTEC
California Tax Education Council
Registered Tax Preparer

Contact:
R.PAL SINGH
E.A # 00097224-EA, CRTP #A44237, Realtor #01481514
Life Insurance Agent # 0G76896

39159 Paseo Padre Pkwy # 103
Fremont, CA 94538
510-750-3464
singhrpal@sbcglobal.net
Singhtax.com
"Enrolled To Practice Before The IRS"

IRS e-file





G.N EVENT RENTAL, INC

ਕਿਸੇ ਵੀ ਖੁਸ਼ੀ ਦੇ ਮੌਕੇ ਤੇ, ਵਿਆਹ-ਸ਼ਾਦੀਆਂ, ਸਨਮਾਨ ਸਮਾਰੋਹ, ਸਭਿਆਚਾਰਕ ਮੇਲਿਆਂ ਦੇ ਮੌਕੇ ਲਈ ਜਾਂ ਕਿਸੇ ਵੀ ਖਾਸ ਪ੍ਰੋਗਰਾਮ ਲਈ ਇਕ ਵਾਰ ਜ਼ਰੂਰ ਮੌਕਾ ਦਿਓ



ਕਿਸੇ ਵੀ ਪ੍ਰੋਗਰਾਮ ਲਈ ਟੈਂਟ, ਸ਼ਮਿਆਨਾ ਜਾਂ ਪਾਰਟੀ ਵਾਸਤੇ ਪੰਡਾਲ ਲਗਾਉਣ ਲਈ ਇਕ ਵਾਰ ਮੌਕਾ ਦਿਓ।

ਸੰਪਰਕ ਕਰੋ

1991 HARTOG DR, SANJOSE, CA 95131

408-859-4080

# ਸ਼ਸ਼ੀ ਕਾਂਤ ਦੇ ਸੱਚੇ ਬਿਆਨਾਂ ਨੇ ਸਮੇਂ ਦੀਆਂ ਸਰਕਾਰਾਂ ਦੇ ਮੂੰਹਾਂ 'ਤੇ ਨਮੋਸ਼ੀਆਂ ਦੀ ਕਾਲਖ ਥੱਪ ਦਿੱਤੀ

**ਕਰਨੈਲ ਸਿੰਘ ਸਿਆਟਲ**

ਸ਼ਸ਼ੀ ਕਾਂਤ ਦੇ ਸੱਚੇ ਬਿਆਨਾਂ ਨੇ ਸਮੇਂ ਦੀਆਂ ਪ੍ਰਾਂਤਕ ਅਤੇ ਕੇਂਦਰ ਸਰਕਾਰਾਂ ਦੇ ਮੂੰਹਾਂ 'ਤੇ ਨਮੋਸ਼ੀਆਂ ਦੀ ਕਾਲਖ ਥੱਪ ਦਿੱਤੀ ਹੈ। ਸਿਆਸਤਾਂ ਦਾ ਭਵਿੱਖ ਲਾਹਨਤਾਂ ਭਰਿਆ ਹੀ ਹੋਵੇਗਾ!

ਅੱਜਕਲ੍ਹ ਸਿਆਸੀ ਲੋਕਾਂ ਦੀਆਂ ਅੱਖਾਂ ਵਿਚ ਦੁਬਿਧਾ ਈਰਖਾ, ਸ਼ੈਤਾਨੀ ਤੇ ਲਾਲਚ ਦਾ ਮੋਤੀਆ ਉਤਰਿਆ ਹੋਇਆ ਹੈ। ਜਦੋਂ ਸੱਚ ਦਾ ਸੂਰਜ ਬੱਦਲਾਂ ਦੀਆਂ ਤਹਿਆਂ ਪਾੜ ਕੇ ਸ੍ਰਿਸ਼ਟੀ ਉਤੇ ਚਮਕਦਾ ਹੈ ਤਾਂ ਦਿਨ ਦੇ ਉਲੂ ਛੱਤਾਂ ਦੇ ਹਨੇਰਿਆਂ ਵਿਚ ਜਾ ਲੁਕਦੇ ਹਨ। ਜਦੋਂ ਕਾਨੂੰਨ ਦੀ ਸੱਸ ਸਿਆਸਤ ਦੀ ਗੋਦ ਵਿਚ ਪਾਪ ਦੇ ਬੀਜ ਢੰਗੂਰੇ ਹੋਣ, ਉਦੋਂ ਪਰਲੋ ਤੋਂ ਬਿਨਾਂ ਪਾਪਾਂ ਦਾ ਪਸਾਰਾ ਲਾਇਲਾਜ ਹੁੰਦਾ ਹੈ! ਸਿਆਸਤ ਦੀ ਪਰਲੋ ਦਾ ਦੂਜਾ ਨਾਮ ਇਨਕਲਾਬ ਹੈ। ਇਸੇ ਕਰਕੇ ਝਾਰਖੰਡ, ਆਸਾਮ, ਯੂ. ਪੀ., ਕਸ਼ਮੀਰ, ਉਤਰਾਖੰਡ, ਨਾਗਾਲੈਂਡ ਭਾਰਤ ਦੇ 13 ਸੂਬਿਆਂ ਵਿਚ ਨਕਸਲੀ ਸਰਕਾਰਾਂ ਨਾਲ ਚੌਧਰ ਲਈ ਨਹੀਂ ਸਗੋਂ 'ਰੋਜ਼ੀ ਰੋਟੀ ਤੇ ਆਪਣੇ ਹੱਕਾਂ ਲਈ ਸਮੇਂ ਦੀਆਂ ਧਰੇਕਾਂ ਨਾਲ ਲੜਦੇ ਹਨ।''

ਝੂਠ ਦੀ ਚੌਧਰ ਕਰਨ ਵਾਲੇ ਸ਼ਰੇਆਮ ਡਰੱਗ ਮਾਫੀਏ ਨਾਲ ਸਬੰਧਤ ਆਪਣੇ ਝੋਲੀ ਚੁੱਕ ਵਜ਼ੀਰਾਂ ਤੇ ਸਪੋਰਟਰਾਂ ਨੂੰ ਕਲੀਨ ਚਿੱਟਾਂ ਦੇਈ ਜਾ ਰਹੇ ਹਨ। "ਸੁਰਜੀਤ ਸਿੰਘ ਪੁਲਸੀਏ ਨੇ ਝੂਠੇ ਪੁਲਿਸ ਮੁਕਾਬਲਿਆਂ, ਜਗਦੀਸ਼ ਭੋਲੇ ਨੇ ਡਰੱਗ ਮਾਫੀਏ ਬਾਰੇ, ਕੈਪਟਨ ਕੰਵਲਜੀਤ ਸਿੰਘ ਵਾਂਗ ਸੈਟ ਐਕਸੀਡੈਂਟ ਵਿਚ ਮਰਨ ਵਾਲੇ ਪੱਤਰਕਾਰ ਨੇ ਰੇਤ ਮਾਫੀਏ ਅਤੇ ਸ਼ਸ਼ੀ ਕਾਂਤ ਜੇਲ੍ਹਾਂ ਵਿਚ ਨਸ਼ਿਆਂ ਬਾਰੇ ਬਿਆਨ ਦੇ ਕੇ ਝੂਠੀਆਂ ਤੇ ਕਰੱਪਟ ਸਰਕਾਰਾਂ ਨੂੰ ਲੋਕਾਂ ਦੀਆਂ ਨਜ਼ਰਾਂ 'ਚ ਡੇਗ ਦਿੱਤਾ ਹੈ! ਧੱਕੇਸ਼ਾਹੀ ਜਿੰਨੀ ਚਾਹੇ ਕਰੀ ਜਾਣ ਪਰ ਇਹ ਲੋਕ ਸਮੇਂ ਅਤੇ ਲੋਕਾਂ ਦੇ ਗੁਨਾਹਗਾਰ ਤੇ ਜਵਾਬਦੇਹ ਹਨ। ਇਹ ਲੋਕ ਸੱਚ ਤੇ ਸਮਿਆਂ ਤੋਂ ਪਿੱਛਾ ਨਹੀਂ ਛੁਡਾ ਸਕਣਗੇ! ਪੰਜਾਬ ਨੂੰ ਨਸ਼ਿਆਂ 'ਚ ਡੋਬ ਕੇ ਧੱਕੇ ਅਤੇ ਕਪਟ ਦਾ ਰਾਜ ਲੰਮੇਰਾ ਨਹੀਂ ਹੋਵੇਗਾ। ਸਾਰੇ ਲੋਕ ਅੰਨ੍ਹੇ ਗੂੰਗੇ ਤੇ ਨਸ਼ਈ ਨਹੀਂ ਹੋਏ। ਕੋਈ ਕੋਈ ਹਰਿਆ ਬੂਟ ਮਹਿਕ ਰਿਹਾ ਹੈ। ਬਾਬਾ ਬਾਦਲ: ਸ਼ਸ਼ੀ ਕਾਂਤ ਦੀ ਰਿਪੋਰਟ ਤੋਂ ਬਿਲਕੁਲ ਹੀ ਮੁੱਕਰ ਗਿਆ ਸੀ, ਜਿਸ ਵਿਚ ਸ਼ਸ਼ੀ ਕਾਂਤ ਨੇ ਕਿਹਾ ਸੀ- ਬਾਰਡਰ ਪਾਰੋਂ ਸਮੈਕ, ਹਰਿਆਣੇ ਵੱਲੋਂ ਡੋਡੇ ਅਤੇ ਸਿੰਥੈਟਿਕ ਡਰੱਗ ਪੰਜਾਬ ਵਿਚ ਹੀ ਤਿਆਰ ਹੋ ਕੇ ਸਕੂਲਾਂ ਕਾਲਜਾਂ ਵਿਚ ਪਹੁੰਚ ਰਹੀ ਹੈ। ਜੇਲ੍ਹਾਂ ਵਿਚ ਸਾਰੇ ਨਸ਼ੇ ਹੀ ਪਹੁੰਚ ਰਹੇ ਹਨ। ਨਸ਼ਿਆਂ ਤੋਂ ਸਾਰਾ ਪੰਜਾਬ ਪ੍ਰਭਾਵਿਤ ਹੈ। ਭਾਜਪਾ ਅਕਾਲੀ ਕਾਂਗਰਸੀ ਲੀਡਰਾਂ ਜੋ ਡਰੱਗ ਨਾਲ ਸਬੰਧਤ ਹਨ, ਨਾਵਾਂ ਦੀ ਲਿਸਟ ਸ. ਬਾਦਲ ਨੂੰ ਸੌਂਪੀ ਸੀ! ਸਿਆਣਾ ਕਾਂ ਕਦੇ ਕਦੇ ਗੰਦਗੀ ਦੇ ਢੇਰ ਉਤੇ ਬੈਠਾ ਆਪੇ ਕਾਂ ਕਾਂ ਕਰਕੇ ਕੁਰਲਾ ਉਠਦਾ ਹੈ।'' ਪਿਛਲੇ ਦਿਨੀਂ ਲੱਗਭੱਗ 400 ਪੱਤਰਕਾਰਾਂ ਦੇ ਇਕੱਠ ਵਿਚ ਬਾਦਲ ਨੇ ਮੰਨਿਆ ਕਿ ਪੰਜਾਬ ਨਸ਼ਿਆਂ ਦੀ ਮਾਰ ਹੇਠ ਆ ਚੁੱਕਾ ਹੈ। ਹੁਣ ਢੀਂਡਸਾ ਮੰਨ ਗਿਆ ਕਿ ਪੰਜਾਬ ਵਿਚ ਨਸ਼ਿਆਂ ਦਾ ਪ੍ਰਭਾਵ ਵੱਧ ਰਿਹਾ ਹੈ। ਸਭ ਕੁਝ ਪਤਾ ਹੁੰਦਿਆਂ ਮੁੱਕਰੇ ਹੋਏ ਫਿਰਦੇ ਹਨ। ਮਲੂਕੇ ਨੇ ਪਹਿਲਾਂ ਪੁਸਤਕ ਘੁਟਾਲੇ 'ਚੋਂ ਹੱਥ ਰੰਗੇ, ਹੁਣ ਰਾਜ ਕੁਮਾਰ ਮੋਦਕ ਵਰਗਿਆਂ ਰਾਹੀਂ ਡਰੱਗ ਮਾਫੀਏ 'ਚੋਂ ਹੱਥ ਰੰਗ ਰਿਹਾ ਹੈ! ਸ਼ਸ਼ੀ ਕਾਂਤ ਦਾ ਸੱਚ ਕਿ ਖਾੜਕੂ ਲਹਿਰ ਅੱਤਵਾਦ ਨਹੀਂ, ਸੱਤਵਾਦ ਦੀ ਮੂਵਮੈਂਟ ਸੀ। ਉਸ ਸਿਵਿਕ ਲਹਿਰ ਦਾ ਸੱਚ ਘੋਖਣ ਦੀ ਕਿਸੇ ਨੇ ਹਿੰਮਤ ਜਾਂ ਸਿਆਣਪ ਹੀ ਨਾ ਕੀਤੀ। ਹੁਣ ਸਾਰੇ ਫੌਜੀ ਪੁਲਸੀਏ ਤੇ ਸ਼ਾਸਕ ਹੀ ਜੂਨ ਚੁਰਾਸੀ ਦੇ ਘੱਲੂਘਾਰੇ ਨੂੰ ਗਲਤ ਸਮੇਂ ਗਲਤ ਫੈਸਲਾ ਗਰਦਾਨੀ ਜਾ ਰਹੇ ਹਨ। ਸੰਤ ਜਰਨੈਲ ਸਿੰਘ ਦੇ ਸੱਚ ਦੀ ਸੋਚ ਨੂੰ ਇਕੱਲਾ ਸ਼ਸ਼ੀ ਕਾਂਤ ਹੀ ਨਹੀਂ ਅੰਦਰਖਾਤੇ ਸਾਰਾ ਦੇਸ਼ ਹੀ ਪੂਜਦਾ ਹੈ। ਜਿਵੇਂ ਪਠਾਣਾਂ ਦੇ ਮਨਾਂ 'ਚ ਸ. ਹਰੀ ਸਿੰਘ ਨਲੂਏ ਦਾ ਭੈਅ ਭਾਰੂ ਸੀ। ਇਸੇ ਤਰ੍ਹਾਂ ਪੰਜਾਬ ਵਿਚ ਦਾਜ ਦੇ ਲੋਭੀਆਂ, ਬਲੈਕੀਆਂ, ਕਰੁਪਟ ਅਫਸਰਾਂ, ਬਲਾਤਕਾਰੀਆਂ ਤੇ ਮੁਸ਼ਟੰਡਿਆਂ ਦੇ ਮਨਾਂ ਵਿਚ ਸੰਤ ਭਿੰਡਰਾਂ ਵਾਲੇ ਦਾ ਡਰ ਹਾਜ਼ਰ ਰਹਿੰਦਾ ਸੀ। ਇਸੇ ਕਰਕੇ ਸ਼ਸ਼ੀ ਕਾਂਤ ਕਹਿ ਰਿਹਾ ਹੈ ਕਿ : ਅੱਜ ਆਖਾਂ ਸੰਤ ਜਰਨੈਲ ਨੂੰ, ਕਿਤੇ ਕਬਰਾਂ ਵਿਚੋਂ ਬੋਲ:-

ਕੀ ਮੋਦੀ ਵਰਗਾ ਰੰਘੜ ਮਨੁੱਖ ਭਾਰਤ ਦਾ ਪ੍ਰਧਾਨ ਮੰਤਰੀ ਬਣ ਜਾਵੇਗਾ! ਜੇ ਬਣ ਗਿਆ ਤਾਂ ਭਾਰਤ ਵਿਚ ਘੱਟ ਗਿਣਤੀਆਂ ਦਾ ਭਵਿੱਖ 'ਹਿਟਲਰ ਹੱਥੋਂ ਯਹੂਦੀਆਂ' ਵਰਗਾ ਹੀ ਹੋਵੇਗਾ!

ਬੇਸ਼ੱਕ ਹਿੰਦੂ ਤਬਕਾ ਅੰਨ੍ਹੇਵਾਹ 'ਮੋਦੀਵਾਦ' ਦਾ ਮੁਰੀਦ ਹੋ ਰਿਹਾ ਹੈ। ਪਰ ਸਾਰਾ ਹਿੰਦੂ ਜਵਾਨ ਤਬਕਾ ਨਹੀਂ ਕਿਉਂਕਿ ਜਿਵੇਂ ਦਿੱਲੀ ਵਿਚ ਵਿਦਿਆਰਥੀ ਹਿੰਦੂ ਵਰਗ ਬੇਰੁਜ਼ਗਾਰ, ਜਵਾਨੀ ਤੇ ਮਹਿੰਗਾਈ ਦਾ ਸਤਾਇਆ, ਮਜ਼ਦੂਰ ਮੁਲਾਜ਼ਮ ਤਬਕਾ ਜੋ ਕਾਂਗਰਸ ਦੇ ਲੰਮੇ ਝੂਠੇ ਲਾਰਿਆਂ ਤੋਂ ਬੇਆਸ ਹੋ ਚੁੱਕਾ ਹੈ, ਉਹਨੇ ਵੀ ਭਾਜਪਾ ਨਾਲ ਜੁੜਨ ਦੀ ਬਜਾਏ 'ਆਮ ਆਦਮੀ ਪਾਰਟੀ' ਕੇਜਰੀਵਾਲ ਨੂੰ ਜਾ ਸਮਰਥਨ ਦਿੱਤਾ ਹੈ। ਮੋਦੀ ਭਾਜਪਾ ਨੂੰ ਗੁਜਰਾਤ ਮਹਾਂਰਾਸ਼ਟਰ, ਯੂ. ਪੀ., ਦਿੱਲੀ, ਉਤਰਾਖੰਡ, ਪੰਜਾਬ, ਹਰਿਆਣਾ ਵਰਗੀਆਂ ਪੰਜ ਸੱਤ ਸਟੇਟਾਂ, ਜਿੱਥੇ ਹਿੰਦੀ ਭਾਸ਼ਾਈ ਲੋਕ ਤੇ ਜਿੱਥੇ ਭਾਜਪਾ ਜਾਂ ਭਾਜਪਾ ਸਮਰਥਕ ਸਰਕਾਰਾਂ ਹਨ, ਉਹਨਾਂ ਤੋਂ ਬਾਹਰ ਮੋਦੀ ਨੂੰ ਕੋਈ ਨਹੀਂ ਜਾਣਦਾ। ਹਿੰਦੁਸਤਾਨੀਆਂ ਨੂੰ ਮੋਦੀ ਦੀਆਂ ਰੈਲੀਆਂ ਦੇ ਇਕੱਠ ਵੇਖ ਕੇ ਤੌਖਲੇ ਹੋ ਰਹੇ ਹਨ। ਪਰ ਯਾਦ ਰੱਖੋ ਇਹ ਵਿਕਾਊ ਮੀਡੀਆ ਹੀ ਮੋਦੀ ਦੀ ਹਵਾ ਬਣਾ ਰਿਹਾ ਹੈ। ਪਰ ਇਕ ਵੀ ਅਕਲਮੰਦ ਹਿੰਦੂ ਮੋਦੀ ਦੇ ਨਾਲ ਨਹੀਂ, ਕਿਉਂਕਿ ਪੜ੍ਹਿਆ ਲਿਖਿਆ ਭਾਰਤੀ ਨਾਗਰਿਕ ਭਾਰਤ ਨੂੰ ਬਰਬਾਦ ਨਹੀਂ ਆਬਾਦ ਦੇਖਣਾ ਚਾਹੁੰਦਾ ਹੈ। ਖ਼ਬਰਾਂ ਅਨੁਸਾਰ ਮੋਦੀ ਨੇ ਭਾਜਪਾ ਪਾਰਟੀ ਨੂੰ 15 ਹਜ਼ਾਰ ਕਰੋੜ ਰੁਪਏ ਦੇ ਕੇ ਧੱਕੇ ਨਾਲ ਪੀ. ਐਮ. ਕੈਂਡੀਡੇਟ ਸੀਟ ਲਈ ਹੈ। ਮੋਦੀ ਨੇ ਪਾਰਟੀ ਨੂੰ ਆਰ. ਐਸ. ਐਸ਼ ਤੇ ਭਗਵੇਂ ਬ੍ਰਿਗੇਡ ਦੇ ਜ਼ੋਰ ਨਾਲ ਗੁੰਮਰਾਹ ਕੀਤਾ ਹੈ। ਮੋਦੀ ਨੇ ਹਰਿਨ ਪਾਂਡਿਆ ਵਰਗੇ ਲੋਕਪ੍ਰਿਆ ਲੀਡਰ ਨੂੰ ਡਰਾ ਧਮਕਾ ਕੇ ਸੀਟ ਖਾਲੀ ਕਰਵਾਈ ਤੇ ਰਾਜਸੀ ਰੰਜਸ਼ ਕਰਕੇ ਹੀ ਅਮਿਤ ਸ਼ਾਹ ਵਰਗੇ ਗੁੰਡੇ ਨੂੰ ਗ੍ਰਹਿ ਮੰਤਰੀ ਬਣਾ ਕੇ ਹਰਿਨ ਪਾਂਡਿਆ ਨੂੰ ਮਰਵਾ ਦਿੱਤਾ ਸੀ। ਸ਼ੇਖ ਸੋਹਰਬੁਦੀਨ ਦੇ ਝੂਠੇ ਪੁਲਿਸ ਮੁਕਾਬਲੇ ਦਾ ਕੇਸ ਧੱਕੇ ਨਾਲ ਰਫੂ-ਦਫੂ ਕਰਵਾ ਦਿੱਤਾ। ਕਰਨਾਟਕਾ ਦੀ ਖੂਬਸੂਰਤ ਮਸ਼ੂਕ ਕੁੜੀ ਦੀ ਜਾਸੂਸੀ ਦਾ ਕੇਸ 'ਗੁਜਰਾਤੀ ਲੋਕਾਂ ਦੀ ਨਮੋਸ਼ੀ' ਬਣਾ ਕੇ ਸੰਘੋਂ ਨਹੀਂ ਉਤਰ ਰਿਹਾ।

ਗੁਜਰਾਤ ਵਿਚ ਹੀ 'ਵੱਲਭ ਭਾਈ ਪਟੇਲ' ਵਰਗੇ ਕੱਟੜਵਾਦੀ ਮਰੇ ਵਿਸਰੇ ਲੀਡਰ ਦਾ ਬੁੱਤ ਬਣਾ ਕੇ ਨਹਿਰੂ-ਗਾਂਧੀ ਨੂੰ ਛੁਟਿਆਉਣਾ, ਪੜ੍ਹੇ ਲਿਖੇ ਗਾਂਧੀਵਾਦੀ ਵਰਗ ਨੂੰ ਮਨਜ਼ੂਰ ਨਹੀਂ ਹੈ! ਗੋਧਰਾ ਕਾਂਡ ਦੇ ਹਿਟਲਰੀ ਜ਼ੁਲਮਾਂ ਕਰਕੇ ਮੁਸਲਮਾਨਾਂ ਨੂੰ ਤਾਂ ਮੋਦੀ ਸੂਰ ਤੋਂ ਵੀ ਬੁਰਾ ਦਿਸਦਾ ਹੈ। ਜਦੋਂ ਹਿਟਲਰ ਜਰਮਨ ਵਿਚ ਉਭਰ ਰਿਹਾ ਸੀ, ਯਹੂਦੀ ਲੋਕ ਚੁੱਪ ਚਾਪ ਬੈਠੇ ਰਹੇ। ਪਹਿਲਾਂ ਉਸਦੀ ਤਾਕਤ ਦਾ ਪਾਰਲੀਮਾਨੀ ਵਿਰੋਧ ਕਰਨ ਦੀ ਬਜਾਏ ਉਸਦੇ ਤਾਕਤ ਵਿਚ ਆਉਣ ਤੋਂ ਬਾਅਦ ਵਿਰੋਧ ਕਰ ਬੈਠੇ। ਜਿਸ ਕਰਕੇ ਹਿਟਲਰ ਯਹੂਦੀ ਕੌਮ ਦਾ ਹੀ ਵਿਰੋਧੀ ਹੋ ਗਿਆ ਤੇ ਛੇ ਮਿਲੀਅਨ ਤੋਂ ਵੀ ਵੱਧ ਯਹੂਦੀਆਂ ਨੂੰ 'ਗੋਲੀਆਂ, ਫਾਂਸੀਆਂ, ਗੈਸ ਚੈਂਬਰਾਂ, ਠੰਡ, ਭੁੱਖ ਤੇ ਠੰਡੇ ਸਮੁੰਦਰੀ ਪਾਣੀਆਂ 'ਚ ਤੜਫਾ ਤੜਫਾ ਕੇ ਮਾਰਿਆ ਸੀ। ਇਸ ਕਰਕੇ ਹਿੰਦੁਸਤਾਨੀ ਸੂਝਵਾਨ ਸਰਬ ਸਾਂਝੀਵਾਲ ਸੋਚ ਦੇ ਧਾਰਨੀ ਸਰਬੱਤ ਦੇ ਭਲੇ ਦੀ ਸੁਖ ਮੰਗਣ ਵਾਲੇ ਤੇ ਘੱਟ ਗਿਣਤੀ ਕੌਮਾਂ ਨੂੰ ਬਾਅਦ ਵਿਚ ਪਛਤਾਉਣ ਨਾਲੋਂ ਹੁਣ ਹੀ ਹਿਟਲਰ ਰੂਪੀ ਮੋਦੀ ਦੀ ਵਧਦੀ ਤਾਕਤ ਨੂੰ ਰੋਕਣਾ ਚਾਹੀਦਾ ਹੈ! ਵਰਨਾ, ਤੁਹਾਡੀਆਂ ਕਿਸਮਤਾਂ ਦੀ ਚੋਗ ਚਿੜੀਆ ਚੁਗ ਜਾਏਗੀ।'

ਆਪਣੇ ਉਪਰ ਲੱਗੇ ਦੋਸ਼ਾਂ ਦੀਆਂ ਸਜ਼ਾਵਾਂ ਭੁਗਤ ਚੁੱਕੇ ਸਿੱਖਾਂ ਦੀ ਰਿਹਾਈ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਭੁੱਖ ਹੜਤਾਲ 'ਤੇ ਬੈਠੇ ਭਾਈ ਗੁਰਬਖਸ਼ ਨੂੰ ਪੁਲਿਸ ਵੱਲੋਂ ਚੁੱਕ ਕੇ ਜੇਲ੍ਹ 'ਚ ਬੰਦ ਕਰਨਾ ਮਾਨਵ ਕਦਰਾਂ ਕੀਮਤਾਂ, ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਹੈ।

ਮੁਸਲਮਾਨ ਬਾਦਸ਼ਾਹ ਮੀਰ ਮੰਨੂੰ ਬਖਸ਼ੀਰ ਨਾਦਰ ਜਾਂ ਅੰਗਰੇਜ਼ਾਂ ਵੱਲੋਂ ਹੋਏ ਹਿੰਦੁਸਤਾਨੀਆਂ ਉਤੇ ਜ਼ੁਲਮਾਂ ਨੂੰ ਮਾਤ ਪਾ ਰਿਹਾ ਹੈ। ਅੱਜ ਦੇ ਲੋਕ ਰਾਜ ਸਿਸਟਮ ਵਿਚ ਬਹੁਗਿਣਤੀ ਧੱਕੜ ਸ਼ਾਹ ਕਾਨੂੰਨਾਂ ਦਾ ਧੱਕੜਸ਼ਾਹ ਵਤੀਰਾ। ਇਸ ਤੋਂ ਬਦਤਰ ਹੈ ਸਿਆਸਤੀ ਤਾਕਤ ਦੀ ਸ਼ੋਹਰਤ ਅਤੇ ਕੱਟੜਵਾਦੀ ਸਿਆਸੀ ਆਕਿਆਂ ਦਾ ਜਮੂਰਾਪਣ ਕਰਕੇ ਆਪਣੀ ਹੀ ਕੌਮ ਨੂੰ ਪਿਨ ਵਿਖਾ ਕੇ ਸਿਧਾਂਤਾਂ ਨੂੰ ਤਿਲਾਂਜਲੀ ਦੇ ਕੇ 'ਕੁਰਸੀ ਦੀ ਤਾਕਤ' ਨੂੰ ਮੁੱਖ ਰੱਖ ਕੇ ਧਰਮ ਇਖਲਾਕ ਤੇ ਇਤਿਹਾਸ ਤੋਂ ਮੂੰਹ ਮੋੜ ਕੇ ਆਪਣਿਆਂ ਦਾ ਹੀ ਘਾਣ ਕਰਨਾ! ਜੇਲ੍ਹਾਂ ਵਿਚ ਬੰਦ ਸਿੰਘਾਂ ਸਿਰ ਲਾਏ ਦੋਸ਼ਾਂ, ਝੂਠੇ ਕਤਲਾਂ ਦੀ ਕਾਨੂੰਨਾਂ ਦੀ ਸਜ਼ਾ ਭੁਗਤ ਚੁੱਕੇ ਸਿੰਘਾਂ ਦੀ ਰਿਹਾਈ ਨਾ ਕਰਨਾ, ਉਹਨਾਂ ਦੀ ਰਿਹਾਈ ਲਈ ਸ਼ਾਂਤਮਈ ਸੰਘਰਸ਼ ਸ਼ੁਰੂ ਕਰਕੇ ਭੁੱਖ ਹੜਤਾਲ ਤੇ ਬੈਠੇ ਭਾਈ ਗੁਰਬਖਸ਼ ਸਿੰਘ ਨੂੰ ਵੀਹ ਦਿਨਾਂ ਤੋਂ ਧਰਨੇ ਤੇ ਬੈਠੇ ਨੂੰ ਪੁਲਿਸ ਵੱਲੋਂ ਚੁੱਕ ਕੇ 757 ਦਾ ਝੂਠਾ ਕੇਸ ਪਾ ਕੇ ਰੂਪ ਨਗਰ ਜੇਲ੍ਹ ਵਿਚ ਡੱਕ ਦੇਣਾ ਸ਼ਰੇਆਮ ਮਨੁੱਖੀ ਹੱਕਾਂ ਦੀ ਉਲੰਘਣਾ ਹੈ, ਜਿਸ ਦੀ ਜ਼ਿੰਮੇਵਾਰ ਬਾਦਲ ਸਰਕਾਰ ਹੈ? ਦੁੱਖ ਇਸ ਗੱਲ ਦਾ ਹੈ ਕਿ ਸਿੱਖ ਧਰਮ ਦੇ ਆਗੂ ਅਕਾਲ ਤਖਤ ਦੇ ਜਥੇਦਾਰ ਧਰਮੀ ਘੱਟ ਤੇ ਸਿਆਸੀ ਜਮੂਰੇ ਵਧੇਰੇ ਸਾਬਤ ਹੋਏ ਹਨ। ਇਸ ਭੁੱਖ ਹੜਤਾਲ ਤੇ ਬੈਠਣ ਤੋਂ ਪਹਿਲਾਂ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸ ਕਰਕੇ ਤੁਰਿਆ ਸੀ। ਜਥੇਦਾਰ ਅਕਾਲ ਤਖਤ ਨੇ ਖੁਦ ਅਰਦਾਸ ਕੀਤੀ ਸੀ। ਉਹਨਾਂ ਹੀ ਜਥੇਦਾਰਾਂ ਵੱਲੋਂ ਆਪਣੇ ਆਕਿਆਂ ਦੇ ਜ਼ੋਰ ਪਾਉਣ ਤੇ ਹੁਕਮਨਾਮਾ ਜਾਰੀ ਕਰ ਦਿੱਤਾ ਕਿ 'ਭੁੱਖ ਹੜਤਾਲ ਕਰਨਾ ਸਿੱਖੀ ਸਿਧਾਂਤਾਂ ਦੇ ਖਿਲਾਫ ਹੈ।'' ਸਵਾਲ ਹੈ ਕਿ ਜੇ ਭੁੱਖ ਹੜਤਾਲ ਸਿੱਖੀ ਸਿਧਾਂਤਾਂ ਦੇ ਉਲਟ ਸੀ ਤਾਂ ਅਰਦਾਸ ਕਿਸ ਖੁਸ਼ੀ 'ਚ ਕੀਤੀ ਗਈ ਸੀ। ਜਦੋਂ ਕਾਂਗਰਸ ਸਰਕਾਰਾਂ ਪੰਜਾਬ ਵਿਚ ਸੱਤਾ 'ਚ ਸਨ, ਉਦੋਂ ਕਦੇ ਪੰਜਾਬੀ ਸੂਬੇ ਲਈ, ਕਦੇ ਚੰਡੀਗੜ੍ਹ, ਪੰਜਾਬੀ ਬੋਲੀ, ਅਨ-ਦਪੁਰ ਦੇ ਮਤੇ ਲਈ ਕਿੰਨੇ ਮੋਰਚੇ ਲੱਗੇ। ਦਰਸ਼ਨ ਸਿੰਘ ਫੇਰੂਮਾਨ, ਮਾਸਟਰ ਤਾਰਾ ਸਿੰਘ, ਸੰਤ ਫਤਿਹ ਸਿੰਘ ਵੱਲੋਂ ਵੀ ਭੁੱਖ ਹੜਤਾਲਾਂ ਹੋਈਆਂ। ਸਾਰੇ ਜਥੇਦਾਰ ਸ੍ਰੀ ਅਕਾਲ ਤਖਤ, ਕੌਮ ਤੇ ਅੱਜ ਦੇ ਬਾਦਲ ਬਾਦਸ਼ਾਹ ਹੋਰੀਂ ਹੜਤਾਲੀ ਸਿੱਖਾਂ ਦੀ ਪਿੱਠ 'ਤੇ ਹੁੰਦੇ ਸਨ। ਹੁਣ ਵੀ ਜਥੇਦਾਰ ਗੁਰਬਚਨ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਮੱਕੜ, ਬਾਬਾ ਧੂੰਮਾਂ ਤੇ ਢੱਡਰੀਆਂ ਵਾਲਾ ਸਾਰੇ ਹੀ ਮੀਡੀਆ 'ਚ ਮੂੰਹ ਦਿਖਾ ਕੇ ਸ਼ਾਬਾਸ਼ ਲੈਣ ਲਈ ਭਾਈ ਗੁਰਬਖਸ਼ ਸਿੰਘ ਨਾਲ ਫੋਟੋਆਂ ਲੁਹਾ ਆਏ ਸਨ। ਅੱਜ ਉਹ ਕਿਧਰ ਛੁਪ ਗਏ, ਫੋਕੀ ਬੱਲੇ ਬੱਲੇ ਹੀ ਕਰਵਾਉਣ ਗਏ ਸਨ। ਕੁਰਬਾਨੀ ਵੇਲੇ ਸਭ ਖੁੱਡਾਂ ਵਿਚ ਜਾ ਵੜੇ। ਇਕ ਗੁਰਬਖਸ਼ ਸਿੰਘ ਨੂੰ ਪੁਲਿਸ ਚੁੱਕ ਕੇ ਲੈ ਗਈ, ਉਥੇ ਬੈਠਣ ਲਈ ਸਿੰਘਾਂ ਦੀਆਂ ਕਤਾਰਾਂ ਲੱਗ ਗਈਆਂ ਹਨ। ਸਿੱਖ ਕੌਮ ਦੀਆਂ ਰਗਾਂ 'ਚ ਜਜ਼ਬਿਆਂ ਦਾ ਹੜ੍ਹ ਵੱਗ ਰਿਹਾ ਹੈ। ਅਫਸੋਸ ਕਿ ਗੱਦੀਆਂ ਉਤੇ ਗੀਦੀ ਗਦਾਰ ਹਾਵੀ ਹੋਏ ਬੈਠੇ ਹਨ।

# ਅੱਲ੍ਹਾ ਯਾਰ ਖ਼ਾਂ ਜੋਗੀ ਪ੍ਰਤੀ ਸਿੱਖ ਸਮਾਜ ਦਾ ਰਵੱਈਆ

**ਡਾ. ਹਰਚੰਦ ਸਿੰਘ ਸਰਹਿੰਦੀ**

ਅਨੇਕਾਂ ਵਿਲੱਖਣ ਖੂਬੀਆਂ ਦੀ ਮਾਲਕ ਸਿੱਖ ਕੌਮ, ਪਤਾ ਨਹੀਂ ਕਿਉਂ? ਆਪਣੇ ਲੇਖਕਾਂ, ਕਵੀਆਂ ਤੇ ਬੁੱਧੀਜੀਵੀਆਂ ਨੂੰ ਬਹੁਤ ਛੇਤੀ ਭੁਲਾ ਦਿੰਦੀ ਹੈ। ਸਿੱਖਾਂ ਨੇ, ਸ਼ਾਇਦ, ਇਸ ਤੱਥ ਨੂੰ ਕਦੇ ਗੰਭੀਰਤਾ ਨਾਲ ਨਹੀਂ ਲਿਆ ਕਿ ਇਹ ਕਲਮਕਾਰ ਹੀ ਹੁੰਦੇ ਹਨ, ਜੋ ਕੌਮ ਰੂਪੀ ਚਿਰਾਗ਼ ਵਿੱਚ ਆਪਣੀ ਚਰਬੀ ਢਾਲ ਕੇ ਪਾਉਂਦੇ ਰਹਿੰਦੇ ਹਨ, ਤਾਂ ਕਿ ਚਿਰਾਗ਼ 'ਚੋਂ ਧੂੰਆਂ ਨਾ ਉੱਠੇ ਅਤੇ ਕੌਮ ਰੌਸ਼ਨੀ ਵੰਡਦੀ ਰਹੇ। ਅਜੀਬ ਗੱਲ ਹੈ ਕਿ ਸਿੱਖ ਜਗਤ ਨੇ ਬਾਬਾ ਨਾਨਕ ਦੇ ਇਸ ਮਹਾਨ ਵਾਕ- ''ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥'' ਨੂੰ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ ਅਤੇ ਨਾ ਹੀ ਕਦੇ ਇਹ ਸੋਚਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਸਾਹਿਤਕਾਰਾਂ ਨੂੰ ਉੱਚਾ ਰੁਤਬਾ ਦਿੰਦੇ ਸਨ ਅਤੇ ਆਪਣੇ ਦਰਬਾਰੀ ਕਵੀਆਂ ਨੂੰ ਸਮੇਂ-ਸਮੇਂ ਸਿਰ ਸਨਮਾਨਤ ਕਰਦੇ ਰਹਿੰਦੇ ਸਨ।

ਇਤਿਹਾਸ 'ਤੇ ਇਕ ਪਿਛਲ ਝਾਤ ਮਾਰਿਆਂ, ਇਹ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਕਲਮਕਾਰਾਂ ਤੇ ਵਿਦਵਾਨਾਂ ਪ੍ਰਤੀ ਸਿੱਖ ਸਮਾਜ ਦਾ ਰਵੱਈਆ ਪਹਿਲਾਂ ਤੋਂ ਹੀ ਨਾਕਾਰਾਤਮਕ ਰਿਹਾ ਹੈ। ਇਸ ਸਬੰਧ ਵਿੱਚ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਪਰ ਅੱਜ ਇੱਥੇ, ਗੱਲ ਨੂੰ ਇਕ ਭੁੱਲੇ-ਵਿਸਰੇ ਮਹਾਨ ਸ਼ਾਇਰ ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ ਤਕ ਹੀ ਸੀਮਤ ਰੱਖਿਆ ਜਾਵੇਗਾ। (ਗੱਲ ਦੀ ਲੜੀ ਨੂੰ ਤੁਰਨ ਤੋਂ ਪਹਿਲਾਂ ਮੈਂ ਉਸ ਸਿਦਕੀ ਸ਼ਾਇਰ ਨੂੰ ਨਤਮਸਤਕ ਹੁੰਦਾ ਹਾਂ!)

ਪੂਰੀ ਇਕ ਸਦੀ ਪਹਿਲਾਂ, ਸੰਨ 1913 ਵਿੱਚ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ (9 ਸਾਲ) ਅਤੇ ਬਾਬਾ ਫ਼ਤਹਿ ਸਿੰਘ (7 ਸਾਲ) ਦੀ ਸ਼ਹਾਦਤ ਬਾਰੇ ਸੁੱਚੇ ਹੰਝੂਆਂ ਵਿੱਚ ਭਿੱਜੀ ਲੰਮੀ ਨਜ਼ਮ- ਸ਼ਹੀਦਾਨਿ ਵਫ਼ਾ' ਲਿਖ ਕੇ ਸਾਹਿਤਕ ਹਲਕਿਆਂ ਵਿੱਚ ਹਲਚਲ ਮਚਾ ਦਿੱਤੀ ਸੀ। 37 ਪੰਨਿਆਂ ਉੱਤੇ ਪਸਰੀ ਇਹ ਉਰਦੂ ਨਜ਼ਮ ਸਾਕਾ ਸਰਹਿੰਦ ਦੀ ਦਿਲ ਕੰਬਾਊ ਘਟਨਾ ਦੀ ਲਾਮਿਸਾਲ ਝਾਕੀ ਪੇਸ਼ ਕਰਦੀ ਹੈ। ਇਸ ਨਜ਼ਮ ਦੇ 110 ਬੰਦ ਹਨ ਅਤੇ ਹਰ ਬੰਦ ਦੇ 6-6 ਮਿਸਰੇ ਹਨ। ਸ਼ਾਇਰ ਨੇ ਇਸ ਨਜ਼ਮ ਨੂੰ ਮਰਸੀਏ ਦੀ ਦਿਲ-ਟੁੰਬਵੀਂ ਸ਼ੈਲੀ ਵਿੱਚ ਕਲਮਬੰਦ ਕੀਤਾ ਹੈ। ਦਰਅਸਲ, ਅੱਲ੍ਹਾ ਯਾਰ ਖ਼ਾਂ ਜੋਗੀ ਆਪਣੀ ਨਜ਼ਮ ਦੇ ਪਾਤਰਾਂ ਨੂੰ ਜਿਉਂਦਿਆਂ ਤੇ ਮਰਦਿਆਂ ਵੇਖਦਾ ਹੈ ਅਤੇ ਨਾਲ ਹੀ ਆਪ ਵੀ ਉਸੇ ਤਰ੍ਹਾਂ ਜਿਉਂਦਾ ਤੇ ਮਰਦਾ ਰਹਿੰਦਾ ਹੈ। ਉਹ, ਸ਼ਹਾਦਤ ਤੇ ਸ਼ਾਇਰੀ ਦੇ ਫ਼ਲਸਫ਼ੇ ਨੂੰ ਖ਼ੂਬ ਸਮਝਦਾ ਹੈ। ਤਾਹੀਓਂ, ਉਸ ਨੇ ਸ਼ਹਾਦਤ ਦੀ ਘਟਨਾ ਨੂੰ ਬਿਆਨ ਕਰਨ ਲਈ ਮਰਸੀਏ ਦੀ ਸ਼ੈਲੀ ਦੀ ਚੋਣ ਕੀਤੀ ਹੈ ਅਤੇ ਕਰੁਣਾ ਤੇ ਬੀਰ ਰਸਾਂ ਤੋਂ ਇਲਾਵਾ ਅਦਭੁਤ, ਰੌਦਰ ਤੇ ਭਿਆਨਕ ਰਸਾਂ ਦੀ ਬੜੀ ਮੁਹਾਰਤ ਨਾਲ ਵਰਤੋਂ ਕੀਤੀ ਹੈ। ਦੂਜਾ, ਜਿੱਥੇ ਇਹ ਇਕ ਉੱਚ-ਪੱਧਰੀ ਸਾਹਿਤਕ ਕਿਰਤ ਹੈ, ਉੱਥੇ ਇਤਿਹਾਸਕ ਕਸਵੱਟੀ 'ਤੇ ਪਰਖਿਆਂ ਵੀ ਖਰ੍ਹੀ ਉੱਤਰਦੀ ਹੈ।



ਸਾਕਾ ਸਰਹਿੰਦ ਨੇ ਵੱਖ-ਵੱਖ ਭਾਸ਼ਾਵਾਂ ਦੇ ਕਵੀਆਂ ਨੂੰ ਇਸ ਵਿਸ਼ੇ 'ਤੇ ਲਿਖਣ ਲਈ ਪ੍ਰੇਰਿਆ, ਪਰ ਜਿਨ੍ਹਾਂ ਸਿਖ਼ਰਾਂ ਨੂੰ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਛੂਹਿਆ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਈਆਂ। ਸ਼ਿਅਰ ਏਨਾ ਲੱਛੇਦਾਰ ਹੈ ਕਿ ਸਿੱਧਾ ਪਾਠਕKਸਰੋਤੇ ਦੇ ਦਿਲ ਵਿੱਚ ਲੱਥ ਜਾਂਦਾ ਹੈ। ਸੱਚ ਤਾਂ ਇਹ ਹੈ ਕਿ ਅੱਲ੍ਹਾ ਯਾਰ ਖ਼ਾਂ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਿੱਚੋਂ 'ਕਰਬਲਾ ਦੀ ਜੰਗ' ਦੇ ਦ੍ਰਿਸ਼ ਨਜ਼ਰ ਆਏ (ਸੰਨ 680 ਈਸਵੀ ਵਿੱਚ ਹਜ਼ਰਤ ਮੁਹੰਮਤ ਸਾਹਿਬ ਦੇ ਦੋਹਤਰੇ ਹਜ਼ਰਤ ਇਮਾਮ ਹੁਸੈਨ ਨੂੰ ਉਨ੍ਹਾਂ ਦੇ 72 ਸਾਥੀਆਂ ਸਮੇਤ ਕਰਬਲਾ ਦੇ ਮੈਦਾਨ (ਇਰਾਕ) ਵਿੱਚ ਤਿੰਨ ਦਿਨ ਪਿਆਸੇ ਰੱਖ ਕੇ ਸ਼ਹੀਦ ਕਰ ਦਿੱਤਾ ਸੀ)। ਗੱਲ ਕੀ, ਅੱਲ੍ਹਾ ਯਾਰ ਖ਼ਾਂ ਜੋਗੀ ਨੇ ਪੱਖਪਾਤ ਤੋਂ ਨਿਰਲੇਪ ਰਹਿ ਕੇ ਸ਼ਰਧਾ ਤੇ ਪਿਆਰ ਦੀਆਂ ਅਤਿ ਡੂੰਘਾਣਾਂ ਵਿੱਚ ਵਹਿ ਕੇ ਇਸ ਨਜ਼ਮ ਦੀ ਰਚਨਾ ਕੀਤੀ ਹੈ। ਇਸ ਤਰ੍ਹਾਂ ਇਸ ਸੂਫ਼ੀ ਸ਼ਾਇਰ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਘਟਨਾ ਨੂੰ, ਧਰਮਾਂ ਦੀਆਂ ਹੱਦਾਂ ਤੋਂ ਦੂਰ ਰੱਖ ਕੇ, ਲੋਕਾਂ ਦੇ ਸਾਂਝੇ ਦਰਦ ਦੀ ਆਵਾਜ਼ ਬਣਾ ਦਿੱਤਾ ਹੈ, ਯਾਨੀ ਸਮੁੱਚੀ ਮਾਨਵਤਾ ਦੀ ਸਾਂਝੀ ਵਿਰਾਸਤ ਬਣਾ ਦਿੱਤਾ ਹੈ। ਸ਼ਾਇਰ ਦਾ ਗ਼ੈਰ-ਸਿੱਖ ਹੁੰਦੇ ਹੋਏ ਵੀ ਸਿੱਖ ਮਨਾਂ ਦੀ ਚੀਸ ਨੂੰ ਪਹਿਚਾਨਣਾ ਉਸ ਦੀ ਮਹਾਨ ਸ਼ਖ਼ਸੀਅਤ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਉਸ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਘਟਨਾ ਨੂੰ 'ਸਿੱਖਾਂ ਦੀ ਕਰਬਲਾ' ਦੀ ਦਾਸਤਾਨ ਬਣਾ ਦਿੱਤਾ ਹੈ। ਜ਼ਰਾ ਧਿਆਨ ਦੇਣਾ! ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਅੱਲ੍ਹਾ ਯਾਰ ਖ਼ਾਂ ਜੋਗੀ ਵੱਲੋਂ ਇਕ ਸਦੀ ਪਹਿਲਾਂ 1913 ਵਿੱਚ ਲਿਖੀ ਗਈ ਨਜ਼ਮ ਦੇ ਪੱਧਰ ਦੀ ਨਜ਼ਮ ਹੁਣ ਤਕ ਕਿਸੇ ਹੋਰ ਸ਼ਾਇਰ ਨੂੰ ਲਿਖਣੀ ਨਸੀਬ ਨਹੀਂ ਹੋਈ ਅਤੇ ਨਿਕਟ ਭਵਿੱਖ ਵਿੱਚ ਵੀ ਕਿਸੇ ਸ਼ਾਇਰ ਵੱਲੋਂ 'ਝੰਡੀ ਪੱਟਣ' ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ।

ਸਿੱਖ ਪੰਥ ਦੇ ਵਾਰਸਾਂ ਲਈ ਇਹ ਇਕ ਗੰਭੀਰ ਮੁੱਦਾ ਹੈ ਕਿ ਸਾਕਾ ਸਰਹਿੰਦ ਨੂੰ ਆਪਣੇ ਲਹੂ ਨਾਲ ਲਿਖਣ ਵਾਲੇ ਇਸ ਸਿਦਕੀ ਤੇ ਸਿਰੜੀ ਸ਼ਾਇਰ ਦੀ ਕੁਰਬਾਨੀ ਦਾ ਅਸੀਂ ਬਣਦਾ ਮੁੱਲ ਨਹੀਂ ਪਾਇਆ। ਗੱਲ ਫਿਰ ਉੱਥੇ ਆ ਕੇ ਹੀ ਮੁੱਕਦੀ ਹੈ ਕਿ ਵਿਚਾਰਕ ਤੇ ਵਿਹਾਰਕ ਤੌਰ 'ਤੇ ਅਮੀਰ ਅਤੇ ਹੋਰ ਅਨੇਕਾਂ ਗੁਣਾਂ ਦੀ ਧਾਰਨੀ ਸਿੱਖ ਕੌਮ ਦੀ ਪਹਿਲਾਂ ਤੋਂ ਹੀ ਇਹ ਤ੍ਰਾਸਦੀ ਰਹੀ ਹੈ ਕਿ ਇਹ ਆਪਣੇ ਵਿਦਵਾਨਾਂ/ਕਲਮਕਾਰਾਂ ਪ੍ਰਤੀ ਸੁਹਿਰਦ ਨਹੀਂ ਹੈ। ਮੇਰੇ ਖ਼ਿਆਲ ਵਿੱਚੋਂ, ਘੱਟੋ-ਘੱਟ 95 ਪ੍ਰਤੀਸ਼ਤ ਸਿੱਖਾਂ ਨੂੰ ਅੱਲ੍ਹਾ ਯਾਰ ਖ਼ਾਂ ਜੋਗੀ ਦਾ ਨਾਂ ਤਕ ਚੇਤੇ ਨਹੀਂ। ਸੰਨ 1987 ਵਿੱਚ, ਜਦੋਂ ਇਕ ਅਖ਼ਬਾਰ ਵਿੱਚ ਅੱਲ੍ਹਾ ਯਾਰ ਖ਼ਾਂ ਜੋਗੀ ਬਾਰੇ ਮੇਰਾ ਇਕ ਲੇਖ ਪ੍ਰਕਾਸ਼ਤ ਹੋਇਆ ਤਾਂ ਬਹੁਤੇ ਪਾਠਕਾਂ ਲਈ ਇਹ ਇਕ ਨਵੀਂ ਜਾਣਕਾਰੀ ਸੀ (ਇਸ ਤੋਂ ਪਹਿਲਾਂ ਸ਼ਾਇਦ ਹੀ ਕਿਸੇ ਹੋਰ ਲਿਖਾਰੀ ਨੇ ਇਸ ਸ਼ਾਇਰ ਬਾਰੇ ਅਖ਼ਬਾਰ ਲਈ ਲਿਖਿਆ ਹੋਵੇ)।

ਸੋ, ਜੇਕਰ ਸਾਨੂੰ ਇਕ ਸਦੀ ਬਾਅਦ ਵੀ ਅੱਲ੍ਹਾ ਯਾਰ ਖ਼ਾਂ ਜੋਗੀ ਵਰਗੇ ਅਨਮੋਲ ਹੀਰੇ ਦਾ ਨਾਂ ਤਕ ਚੇਤੇ ਨਹੀਂ ਤਾਂ ਸਾਡੀਆਂ ਆਉਣ ਵਾਲੀਆਂ ਨਸਲਾਂ ਸਾਡੇ ਮਹਾਨ ਪੁਰਖਿਆਂ ਦੀ ਵਿਰਾਸਤ ਦੀ ਸੰਭਾਲ ਕਿਵੇਂ ਕਰ ਸਕਣਗੀਆਂ? ਚੇਤੇ ਰਹੇ! ਅੱਲ੍ਹਾ ਯਾਰ ਖ਼ਾਂ ਜੋਗੀ ਅਤੇ ਉਸ ਦੀ ਨਜ਼ਮ 'ਸ਼ਹੀਦਾਨਿ ਵਫ਼ਾ' ਸਾਡਾ ਕੀਮਤੀ ਵਿਰਸਾ ਹੈ (ਉਸ ਨੇ 1915 ਵਿੱਚ ਸਾਕਾ ਚਮਕੌਰ ਸਾਹਿਬ ਨੂੰ ਵੀ 'ਗੰਜਿ ਸ਼ਹੀਦਾਂ' ਨਾਂ ਹੇਠ ਆਪਣੀ ਕਲਮ ਵਿੱਚ ਢਾਲਿਆ)। ਆਪਣੇ ਇਤਿਹਾਸ ਦੀ ਅਮੀਰੀ 'ਚ ਗੁਆਚੀ ਸਿੱਖ ਕੌਮ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਆਪਣੇ ਵਿਰਸੇ ਨੂੰ ਸਾਂਭਣਾ ਜਾਗਦੀਆਂ ਕੌਮਾਂ ਦਾ ਪਹਿਲਾ ਫ਼ਰਜ਼ ਹੁੰਦਾ ਹੈ।

ਸੋ, ਮੇਰੀ ਸਿੱਖ ਕੌਮ ਦੇ ਵਾਰਸਾਂ ਨੂੰ ਅਪੀਲ ਹੈ ਕਿ ਇਸ ਅਲਵੇਲੇ ਸ਼ਾਇਰ, ਜਿਸ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਸਿੱਖ ਫ਼ਲਸਫ਼ੇ ਨੂੰ ਨਿਰਮਲ ਰੂਪ ਵਿੱਚ ਲੋਕਾਂ ਤਕ ਪਹੁੰਚਾਇਆ, ਵੱਲੋਂ ਲਿਖੀ ਇਸ ਯਾਦਗਾਰੀ ਨਜ਼ਮ ਦੀ ਪਹਿਲੀ ਸ਼ਤਾਬਦੀ (2013) ਦੇ ਅਵਸਰ 'ਤੇ ਫ਼ਤਹਿਗੜ੍ਹ ਸਾਹਿਬ ਤੇ ਚਮਕੌਰ ਸਾਹਿਬ ਵਿਖੇ ਸਮਾਗਮਾਂ ਦੀ ਇਕ ਲੜੀ ਦਾ ਆਯੋਜਨ ਕੀਤਾ ਜਾਵੇ, ਤਾਂ ਕਿ ਇਸ ਦਰਵੇਸ਼ ਸ਼ਾਇਰ ਦੀ ਯਾਦ ਨੂੰ ਸਿੱਖ ਹਿਰਦਿਆਂ ਵਿੱਚ ਵਸਾਇਆ ਜਾ ਸਕੇ ਅਤੇ ਉਸ ਦੀ ਸਾਡੇ ਸਿਰ ਚੜ੍ਹੀ ਕਰਜ਼ ਦੀ ਪੰਡ ਨੂੰ ਉਤਾਰਿਆ ਜਾ ਸਕੇ।

ਪ੍ਰਮੁੱਖ ਸਾਹਿਤ ਸਭਾਵਾਂ ਨੂੰ ਇਸ ਸ਼ਾਇਰ ਦੇ ਨਾਂ 'ਤੇ ਐਵਾਰਡ ਦੀ ਵਿਵਸਥਾ ਕਰਨੀ ਚਾਹੀਦੀ ਹੈ। ਘੱਟੋ-ਘੱਟ ਸਿੱਖਾਂ ਦੀ ਪਾਰਲੀਮੈਂਟ ਵਜੋਂ ਜਾਣੀ ਜਾਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਾਂ ਫੌਰੀ ਤੌਰ 'ਤੇ ਹਰਕਤ ਵਿੱਚ ਆਉਣਾ ਚਾਹੀਦਾ ਹੈ। ਆਮੀਨ!

# ਸੰਪਾਦਕੀ

ਭਾਰਤ ਦੀ ਰਾਜਧਾਨੀ ਵਿਚ 9 ਮਹੀਨੇ ਪਹਿਲਾਂ ਹੋਂਦ ਵਿਚ ਆਈ ਆਮ ਆਦਮੀ ਪਾਰਟੀ ਨੇ ਪਿਛਲੇ 15 ਸਾਲਾਂ ਤੋਂ ਸੱਤਾ ਚਲਾ ਰਹੀ ਸ਼ੀਲਾ ਦੀਕਸ਼ਿਤ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੂੰ ਧੂੜ ਚਟਾ ਦਿੱਤੀ ਹੈ। ਹਾਲਾਂਕਿ ਇਸ ਪਾਰਟੀ ਨੂੰ ਸੱਤਾ ਪ੍ਰਾਪਤ ਕਰਨ ਲਈ ਲੋੜੀਂਦਾ ਬਹੁਮਤ ਨਹੀਂ ਮਿਲਿਆ, ਪਰ ਇਸ ਪਾਰਟੀ ਨੇ ਦੋਵੇਂ ਵੱਡੀਆਂ ਅਤੇ ਕੌਮੀ ਪਾਰਟੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਕੁਝ ਦਿਨ ਪਹਿਲਾਂ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕਹਿ ਰਹੇ ਸਨ ਕਿ ਆਮ ਆਦਮੀ ਪਾਰਟੀ ਦਾ ਹਸ਼ਰ ਵੀ ਮਨਪ੍ਰੀਤ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਵਰਗਾ ਹੋਵੇਗਾ, ਪਰ ਇਸ ਪਾਰਟੀ ਦੀ ਸਫਲਤਾ ਨੇ ਉਹਨਾਂ ਨੂੰ ਵੀ ਅੱਖਾਂ ਖੋਲ੍ਹ ਕੇ ਦੇਖਣ ਲਈ ਮਜਬੂਰ ਕਰ ਦਿੱਤਾ ਹੈ ਕਿ ਜਦੋਂ ਆਮ ਆਦਮੀ ਜਾਗ ਜਾਂਦਾ ਹੈ ਤਾਂ ਉਸ ਦੀ ਤਾਕਤ ਨੂੰ ਰੋਕਣ ਵਾਲਾ ਕੋਈ ਨਹੀਂ ਅੱਗੇ ਆ ਸਕਦਾ। ਆਮ ਆਦਮੀ ਪਾਰਟੀ ਦੀ ਸਫਲਤਾ ਨੇ ਭਾਰਤ ਦੀ ਬਹੁਗਿਣਤੀ ਲੋਕਾਈ ਦੀ ਆਵਾਜ਼ ਨੂੰ ਤਾਕਤ ਦਿੱਤੀ ਹੈ, ਜਿਹਨਾਂ ਨੂੰ ਸਿਆਸੀ ਪਾਰਟੀਆਂ ਹਰ ਵਾਰ ਲੰਮੇ-ਚੌੜੇ ਵਾਅਦੇ ਕਰਕੇ ਵੋਟ ਬਟੋਰ ਲੈਂਦੀਆਂ ਹਨ ਪਰ ਸੱਤਾ ਵਿਚ ਆਉਣ ਤੇ ਉਹਨਾਂ ਨੂੰ ਪਿੱਛੇ ਧੱਕ ਦਿੱਤਾ ਜਾਂਦਾ ਹੈ।

ਚਰਚਾ ਇਹ ਹੈ ਕਿ ਪੰਜਾਬ ਵਿਚ ਵੀ ਮਨਪ੍ਰੀਤ ਬਾਦਲ ਨੇ ਇਹੀ ਵਾਅਦੇ ਕੀਤੇ ਸਨ, ਉਸ ਨੇ ਵੀ ਸਥਾਪਤ ਨਿਜ਼ਾਮ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਅਤੇ ਪੰਜਾਬ ਦੇ ਲੋਕਾਂ ਵਿਚ ਇਕ ਨਵੀਂ ਸੋਚ ਨੂੰ ਅੱਗੇ ਲਿਆਂਦਾ ਸੀ ਪਰ ਪੰਜਾਬ ਵਿਚ ਉਹਨਾਂ ਨੂੰ ਲੋੜੀਂਦਾ ਸਮਰਥਨ ਨਹੀਂ ਮਿਲਿਆ। ਹਾਲਾਂਕਿ ਉਹਨਾਂ ਦੀ ਪਾਰਟੀ ਨੂੰ ਪੰਜਾਬ ਵਿਚ ਬਹੁਤ ਵੋਟ ਮਿਲੇ ਹਨ ਅਤੇ ਉਹਨਾਂ ਦੇ ਕਾਰਨ ਕਾਂਗਰਸ ਪਾਰਟੀ ਦੀ ਵੋਟ ਕੱਟੀ ਗਈ ਹੈ, ਪਰ ਉਹਨਾਂ ਦੇ ਸਫਲ ਨਾ ਹੋਣ ਦਾ ਕਾਰਨ 'ਦੌਲਤ ਦੀ ਵੰਡ' ਸੀ। ਇਸ ਦੌਲਤ ਦੇ ਸਿਰ ਤੇ ਸੱਤਾਧਾਰੀ ਅਕਾਲੀ ਦਲ ਹਰ ਵਾਰ 10 ਫੀਸਦੀ ਦੇ ਕਰੀਬ ਗਰੀਬ ਲੋਕਾਂ ਦੀ ਵੋਟ ਖਰੀਦ ਲੈਂਦਾ ਹੈ ਅਤੇ ਸੱਤਾ ਵਿਚ ਆ ਜਾਂਦਾ ਹੈ। ਅਕਾਲੀ ਦਲ ਨੇ ਹਰ ਥਾਂ ਇਹ ਤਜਰਬਾ ਦੁਹਰਾਇਆ, ਪਰ ਇਕ ਗੱਲ ਸਪਸ਼ਟ ਤੌਰ ਤੇ ਕਹਿਣੀ ਬਣਦੀ ਹੈ ਕਿ ਦਿੱਲੀ ਦਾ ਵੋਟ ਪੰਜਾਬ ਦੇ ਵੋਟਰ ਤੋਂ ਜ਼ਿਆਦਾ ਜਾਗਰੂਕ ਹੈ।

ਪੰਜਾਬ ਦੇ ਉਦਯੋਗਿਕ ਵਿਕਾਸ ਦੇ ਲਈ ਸੱਤਾਧਾਰੀ ਅਕਾਲੀ-ਭਾਜਪਾ ਸਰਕਾਰ ਅੱਜਕਲ੍ਹ ਉਦਯੋਗਪਤੀਆਂ ਨੂੰ ਸੱਦੇ ਦੇ ਰਹੀ ਹੈ। ਕੁਝ ਦਿਨ ਪਹਿਲਾਂ ਹੋਏ ਉਦਯੋਗਪਤੀਆਂ ਨਾਲ ਸੰਮੇਲਨ ਦਰਮਿਆਨ ਪੰਜਾਬ ਵਿਚ ਨਿਵੇਸ਼ ਕਰਨ ਦਾ ਵਾਅਦਾ ਵੀ ਕੀਤਾ ਗਿਆ। ਅਜਿਹੇ ਸੰਮੇਲਨ ਪੰਜਾਬ ਦੇ ਵਿਕਾਸ ਵਿਚ ਸਹਾਈ ਹੋ ਸਕਦੇ ਹਨ ਕਿਉਂਕਿ ਪੰਜਾਬ ਖੇਤੀ ਆਧਾਰਿਤ ਅਰਥਚਾਰੇ ਵਾਲਾ ਸੂਬਾ ਬਣ ਕੇ ਰਹਿ ਗਿਆ ਹੈ ਅਤੇ ਇਹ ਅਨਾਜ ਤੋਂ ਅੱਗੇ ਹੋਰ ਕੁਝ ਨਹੀਂ ਪੈਦਾ ਕਰ ਪਾ ਰਿਹਾ ਸੀ, ਜਿਸ ਨੇ ਬਾਜ਼ਾਰ ਵਿਚ ਇਸ ਦੇ ਕੱਚੇ ਮਾਲ ਦੀ ਕੀਮਤ ਪੁਆਉਣੀ ਹੈ। ਪੰਜਾਬ ਵਿਚ ਖੇਤੀਬਾੜੀ ਆਧਾਰਿਤ ਉਦਯੋਗਾਂ ਦੀਆਂ ਆਪਾਰ ਸੰਭਾਵਨਾਵਾਂ ਹਨ ਅਤੇ ਇਸ ਦੇ ਲਈ ਉਦਯੋਗ ਸਥਾਪਤ ਕਰਨੇ ਜ਼ਰੂਰੀ ਹਨ।

ਕੁਝ ਦਿਨ ਪਹਿਲਾਂ 20ਵੀਂ ਸਦੀ ਦੇ ਮਹਾਨ ਨਾਇਕ ਅਤੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਰਹੇ ਸ੍ਰੀ ਨੈਲਸਨ ਮੰਡੇਲਾ ਦਾ ਦੇਹਾਂਤ ਹੋ ਗਿਆ। ਮੰਡੇਲਾ ਇਕ ਅਜਿਹੇ ਜੁਝਾਰੂ ਇਨਸਾਨ ਸਨ, ਜਿਹਨਾਂ ਨੇ ਆਪਣੀ ਸਿਰੜ ਨਾਲ ਦੁਨੀਆਂ ਨੂੰ ਬਦਲ ਕੇ ਦਿਖਾਇਆ। ਉਹ ਵਕਤ ਦੇ ਨਾਲ ਨਹੀਂ ਤੁਰੇ, ਬਲਕਿ ਵਕਤ ਨੂੰ ਆਪਣੇ ਹਿਸਾਬ ਨਾਲ ਮੋੜਿਆ। ਅਜਿਹੇ ਇਨਸਾਨ ਸਦੀਆਂ ਵਿਚ ਕਦੀ-ਕਦੀ ਪੈਦਾ ਹੁੰਦੇ ਹਨ। 'ਅਦਾਰਾ ਪਰਦੇਸ ਟਾਇਮਜ਼' ਉਹਨਾਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕਰਦਾ ਹੈ।

-ਬਲਬੀਰ ਸਿੰਘ ਐਮ ਏ

Balbir Singh M.A.
Editor in Chief & Publisher
e-mail: bsma54@gmail.com
Tel : 510-938-7771, Fax510-740-3520
36415 RUSCHIN DR. NEWARK, CA 94560
Ranjit Kandola ,Managing Editor
Cell : 530-315-1020, Yuba City
Buta Ram joshi Staff Reporter, Fresno 559-803-0055
Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਆਮ ਆਦਮੀ ਦਾ ਉਭਾਰ ਭਾਰਤ ਲਈ ਸ਼ੁਭ ਸੰਕੇਤ



Sinder Singh Pasiana
(Advocate)
Email - sindersingh2009@gmail.com
(91-86991-19745 M)

ਪਿਛਲਾ ਸਾਲ 2012 ਭਾਰਤ ਦੀ ਸਿਆਸਤ ਲਈ ਬਹੁਤ ਅਹਿਮ ਰਿਹਾ ਹੈ। ਇਸ ਸਾਲ ਵਿਚ ਜਿੱਥੇ ਦੁਨੀਆਂ ਦੇ ਕਈ ਮੁਲਕਾਂ ਵਿਚ ਕ੍ਰਾਂਤੀਆਂ ਆਈਆਂ ਹਨ, ਉਥੇ ਭਾਰਤ ਵਿਚ ਵੀ ਇਕ ਕ੍ਰਾਂਤੀ ਦੀ ਸ਼ੁਰੂਆਤ ਹੋਈ ਹੈ। ਇਹ ਕ੍ਰਾਂਤੀ ਸੀ ਅੰਨਾ ਹਜ਼ਾਰੇ ਦੀ ਅਗਵਾਈ ਵਿਚ ਸ਼ੁਰੂ ਹੋਈ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਦੇ ਰੂਪ ਵਿਚ। ਇਸ ਤੋਂ ਬਾਅਦ ਦਿੱਲੀ ਵਿਚ ਦਮਿਨੀ ਬਲਾਤਕਾਰ ਕਾਂਡ ਤੋਂ ਬਾਅਦ ਇਕ ਵਾਰ ਫਿਰ ਕ੍ਰਾਂਤੀ ਦੇਖੀ ਗਈ। ਦੇਸ਼ ਦੀ ਰਾਜਧਾਨੀ ਵਿਚ ਆਈਆਂ ਇਹਨਾਂ ਕ੍ਰਾਂਤੀਆਂ ਦਾ ਅਸਰ ਹਾਲ ਦੀਆਂ ਚੋਣਾਂ ਤੇ ਸਪਸ਼ਟ ਝਲਕ ਰਿਹਾ ਹੈ। ਭਾਰਤ ਵਿਚ ਕਾਂਗਰਸ, ਭਾਜਪਾ ਅਤੇ ਹੋਰ ਪਾਰਟੀਆਂ ਇਕ ਸਥਾਪਤ ਨਿਜ਼ਾਮ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਸਰਮਾਏਦਾਰੀ ਦਾ ਪੱਖ ਪੂਰਨ ਵਾਲੀਆਂ ਇਹਨਾਂ ਪਾਰਟੀਆਂ ਨੂੰ ਆਮ ਆਦਮੀ ਦਾ ਕੋਈ ਖਿਆਲ ਨਹੀਂ ਰਿਹਾ। ਸੱਤਾ ਦੇ ਸਿਖਰ ਵੱਲ ਇਹ ਕਿਸੇ ਵੀ ਆਮ ਆਦਮੀ ਨੂੰ ਮੂੰਹ ਨਹੀਂ ਕਰਨ ਦਿੰਦੀਆਂ। ਆਮ ਆਦਮੀ ਪਾਰਟੀ ਨੇ ਇਸੇ ਸਥਾਪਤ ਨਿਜ਼ਾਮ ਨੂੰ ਠੂਠਾ ਦਿਖਾਇਆ ਹੈ। ਅੰਨਾ ਹਜ਼ਾਰੇ ਟੀਮ ਦੇ ਮੈਂਬਰ ਅਰਵਿੰਦ ਕੇਜਰੀਵਾਲ, ਜਿਹਨਾਂ ਨੇ ਅੰਨਾ ਹਜ਼ਾਰੇ ਦੀ ਮੁਹਿੰਮ ਨੂੰ ਇੰਨੇ ਕੁਸ਼ਲ ਤਰੀਕੇ ਨਾਲ ਚਲਾਇਆ ਕਿ ਸਾਰਾ ਮੁਲਕ ਅੰਨਾ ਹਜ਼ਾਰੇ ਦੇ ਪਿੱਛੇ ਹੋ ਤੁਰਿਆ। ਕੁਝ ਸਮੇਂ ਬਾਅਦ ਉਹਨਾਂ ਨੇ ਸਿਆਸਤ ਵਿਚ ਪੈਰ ਰੱਖਣ ਦਾ ਮਨ ਬਣਾਇਆ, ਪਰ ਉਹਨਾਂ ਹੀ ਆਦਰਸ਼ਾਂ ਨੂੰ ਲੈ ਕੇ ਤੁਰੇ, ਜੋ ਅੰਨਾ ਹਜ਼ਾਰੇ ਨਾਲ ਸੰਘਰਸ਼ ਕਰਦਿਆਂ ਉਲੀਕੇ ਗਏ ਸਨ। ਦਿੱਲੀ ਵਿਚ ਆਮ ਆਦਮੀ ਪਾਰਟੀ ਹੋਂਦ ਵਿਚ ਲਿਆਂਦੀ, ਇਸ ਤੋਂ ਬਾਅਦ ਇਸ ਪਾਰਟੀ ਖਾਸ ਪਾਰਟੀ ਬਣਾਉਣ ਵਿਚ ਜੁਟ ਗਏ। ਇਕ ਆਮ ਆਦਮੀ, ਜਿਹੜਾ ਪੜ੍ਹਿਆ-ਲਿਖਿਆ ਹੈ, ਪਰ ਆਦਰਸ਼ ਬਹੁਤ ਉੱਚੇ ਹਨ। ਅਰਵਿੰਦ ਕੇਜਰੀਵਾਲ ਭਾਰਤੀ ਦੇ ਰਾਜਨੀਤਿਕ ਧਰਾਤਲ ਤੇ ਉਭਰਿਆ ਉਹ ਖਾਸ ਬਣਿਆ 'ਆਮ ਆਦਮੀ' ਹੈ, ਜਿਸ ਨੇ ਭਾਰਤ ਦੇ ਲੋਕਤੰਤਰ ਦੀ ਲਾਜ ਰੱਖ ਲਈ। ਭਾਰਤੀ ਸਿਆਸਤ ਹੁਣ ਤੱਕ ਸਥਾਪਤ ਨਿਜ਼ਾਮ ਵਿਚ ਉਲਝ ਚੁੱਕੀ ਹੈ। ਕਾਂਗਰਸ ਜਿਹੜੀ ਸਭ ਤੋਂ ਪੁਰਾਣੀ ਪਾਰਟੀ ਹੋਣ ਦਾ ਦਮ ਭਰਦੀ ਹੈ, ਦੇ ਨਾਲ ਭਾਰਤੀ ਜਨਤਾ ਪਾਰਟੀ ਜੋ ਬਹੁਗਿਣਤੀਵਾਦ ਦਾ ਨਾਅਰਾ ਲੈ ਕੇ ਆਈ, ਤੋਂ ਬਾਅਦ ਅਜਿਹੀਆਂ ਬਹੁਤ ਸਾਰੀਆਂ ਖੇਤਰੀ ਪਾਰਟੀਆਂ ਹਨ, ਜਿਹੜੀਆਂ ਇਕ ਤੋਂ ਦੂਜੀ ਪੀੜ੍ਹੀ ਤੱਕ ਚਲਦੀਆਂ ਆ ਰਹੀਆਂ ਹਨ ਅਤੇ ਇਹਨਾਂ ਦੇ ਸਿਖਰ ਤੇ ਉਹੀ ਲੋਕ ਬੈਠੇ ਹਨ, ਜਿਹਨਾਂ ਨੇ ਇਹਨਾਂ ਪਾਰਟੀਆਂ ਨੂੰ ਖੜ੍ਹਾ ਕੀਤਾ। ਹੁਣ ਹਾਲਾਤ ਇਹ ਹੋ ਗਏ ਹਨ ਕਿ ਇਹ ਸਥਾਪਤ ਸਿਆਸੀ ਪਾਰਟੀਆਂ ਕਿਸੇ ਵੀ ਨਵੀਂ ਵਿਚਾਰਧਾਰਾ ਨੂੰ ਪੈਦਾ ਹੋਣ ਤੋਂ ਪਹਿਲਾਂ ਹੀ ਠੱਪ ਕਰ ਦਿੰਦੀਆਂ ਹਨ, ਨਵੀਂ ਵਿਚਾਰਧਾਰਾ ਦਾ ਰਸਤਾ ਰੋਕ ਲੈਂਦੀਆਂ ਹਨ, ਰਸਤੇ ਵਿਚ ਕੰਡੇ ਵਿਛਾ ਦਿੰਦੀਆਂ ਹਨ। ਇਹੀ ਕਾਰਨ ਹੈ ਕਿ ਭਾਰਤ ਦਾ ਆਮ ਆਦਮੀ ਹੁਣ ਆਮ ਆਦਮੀ ਬਣ ਕੇ ਰਹਿ ਗਿਆ ਹੈ।

ਸੱਤਾ ਦੇ ਗਲਿਆਰਿਆਂ ਤੱਕ ਨਾ ਉਸ ਦੀ ਪਹੁੰਚ ਅਤੇ ਨਾ ਹੀ ਉਸ ਨੂੰ ਕੋਈ ਉਮੀਦ ਰਹਿ ਗਈ ਹੈ। ਜਿਹਨਾਂ ਮੁੱਠੀ ਭਰ ਪਰਿਵਾਰਾਂ ਦੇ ਹੱਥ ਵਿਚ ਸਿਆਸੀ ਪਾਰਟੀਆਂ ਦੀ ਲਗਾਮ ਹੈ, ਉਹਨਾਂ ਦੇ ਹੀ ਵਾਰਸ ਅੱਗੇ ਮੰਤਰੀ, ਮੁੱਖ ਮੰਤਰੀ ਬਣਦੇ ਆ ਰਹੇ ਹਨ। ਇਸ ਸਥਾਪਤ ਨਿਜ਼ਾਮ ਵਿਚ ਆਮ ਆਦਮੀ ਦੀ ਆਵਾਜ਼ ਦੱਬੀ ਗਈ ਹੈ। ਉਹ ਸਿਰਫ ਵੋਟ ਪਾਉਣ ਜੋਗਾ ਜਾਂ ਵੱਧ ਤੋਂ ਵੱਧ ਕਿਸੇ ਸਿਆਸੀ ਪਾਰਟੀ ਨਾਲ ਜੁੜ ਕੇ ਉਸ ਦਾ ਵਰਕਰ ਹੀ ਬਣ ਕੇ ਰਹਿ ਗਿਆ ਹੈ। ਉਸ ਦੇ ਲਈ ਲੀਡਰ ਬਣਨ ਦਾ ਸੁਪਨਾ 'ਚੰਨ ਤੇ ਬਸਤੀ' ਵਸਾਉਣ ਵਰਗਾ ਹੋ ਗਿਆ ਹੈ। ਆਮ ਆਦਮੀ ਦੀ ਇਸ ਦਰਦਨਾਕ ਹਾਲਤ ਨੂੰ ਸਮਝਣ ਵਾਲੇ ਸਮਝਦੇ ਹਨ, ਪਰ ਉਹ ਅੱਗੇ ਨਹੀਂ ਆਉਂਦੇ, ਝੰਡਾ ਨਹੀਂ ਚੁੱਕਦੇ ਜਾਂ ਕਹਿ ਸਕਦੇ ਹਾਂ ਕਿ ਚੁੱਕਣ ਦੀ ਹਿੰਮਤ ਨਹੀਂ ਜੁਟਾਉਂਦੇ। ਉਹਨਾਂ ਹੀ ਆਮ ਆਦਮੀਆਂ ਵਿਚੋਂ ਇਕ ਹੈ ਅਰਵਿੰਦ ਕੇਜਰੀਵਾਲ, ਜਿਸ ਨੇ ਆਮ ਆਦਮੀ ਨੂੰ ਖਾਸ ਹੀ ਨਹੀਂ ਬਣਾਇਆ, ਬਲਕਿ ਖਾਸ ਆਦਮੀਆਂ ਨੂੰ ਦਰਪਣ ਵੀ ਦਿਖਾਇਆ ਹੈ ਕਿ ਉਹ ਇਹ ਨਾ ਸੋਚਣ ਕਿ ਉਹ ਹਮੇਸ਼ਾ ਖਾਸ ਆਦਮੀ ਹੀ ਰਹਿਣਗੇ ਅਤੇ ਉਹਨਾਂ ਦੇ ਜਾਣ ਤੋਂ ਬਾਅਦ ਉਹਨਾਂ ਦੇ ਬੱਚੇ ਖਾਸ ਆਦਮੀ ਬਣੇ ਰਹਿਣਗੇ। ਲੋਕਤੰਤਰ ਵਿਚ ਸੱਤਾ ਸੰਘਰਸ਼ ਨਾਲ ਹਾਸਲ ਹੁੰਦੀ ਹੈ, ਆਮ ਆਦਮੀ ਦੀਆਂ ਤਕਲੀਫਾਂ ਨੂੰ ਬੁੱਝ ਕੇ ਉਹਨਾਂ ਲਈ ਆਵਾਜ਼ ਉਠਾਉਣ ਨਾਲ ਮਿਲਦੀ ਹੈ। ਸਵੈ-ਸ਼ਾਸਨ ਜਾਂ ਜਨਤਾ ਦਾ ਸ਼ਾਸਨ ਸਹੀ ਅਰਥਾਂ ਵਿਚ ਵਿਚਾਰਧਾਰਾ ਦੇ ਫੈਲਾਅ ਅਤੇ ਉਸ ਨੂੰ ਰਾਜਨੀਤਿਕ ਤਾਕਤ ਦੇ ਰੂਪ ਵਿਚ ਢਾਲ ਦੇਣ ਨਾਲ ਆਉਂਦਾ ਹੈ। ਕੇਜਰੀਵਾਲ ਨੇ ਇਹੀ ਕੁਝ ਕੀਤਾ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਪੈਦਾ ਹੋਈ ਆਮ ਆਦਮੀ ਦੀ ਲਹਿਰ ਦਾ ਵਿਆਪਕ ਅਸਰ ਸਾਰੇ ਮੁਲਕ ਦੀ ਸਿਆਸਤ ਉਤੇ ਪਵੇਗਾ ਅਤੇ ਕੇਜਰੀਵਾਲ ਵਧਾਈ ਦੇ ਪਾਤਰ ਹਨ ਕਿ ਉਹਨਾਂ ਨੇ ਆਮ ਆਦਮੀ ਦੀ ਤਾਕਤ ਨੂੰ ਇਕ ਮੰਚ ਤੇ ਇੱਕਜੁਟ ਕਰਕੇ ਦਿਖਾ ਇਆ ਹੈ। ਸਥਾਪਤ ਨਿਜ਼ਾਮ ਨੂੰ ਉਸ ਦੀ ਔਕਾਤ ਦਿਖਾਈ ਹੈ। ਆਮ ਆਦਮੀ ਇਸੇ ਤਰ੍ਹਾਂ ਜਾਗਰੂਕਤਾ ਦਿਖਾਉਂਦਾ ਰਿਹਾ ਤਾਂ ਇਸ ਸਥਾਪਤ ਨਿਜ਼ਾਮ ਦੀਆਂ ਜੜ੍ਹਾਂ ਪੁੱਟਣ ਵਿਚ ਦੇਰ ਨਹੀਂ ਲੱਗੇਗੀ।

**ਕੀ ਪੰਜਾਬੀ ਵੀ ਜਾਗਣਗੇ**

ਪੰਜਾਬ ਵਿਚ ਵੀ ਮਨਪ੍ਰੀਤ ਸਿੰਘ ਬਾਦਲ ਨੇ ਅਜਿਹੀ ਹੀ ਇਕ ਕੋਸ਼ਿਸ਼ ਕੀਤੀ, ਪਰ ਉਹਨਾਂ ਨੂੰ ਸਫਲਤਾ ਨਹੀਂ ਮਿਲੀ। ਮਨਪ੍ਰੀਤ ਬਾਦਲ ਨੇ ਵੀ ਪੰਜਾਬੀ ਆਮ ਮਾਨਸ ਦਾ ਮਨ ਬਦਲਣ ਦੇ ਲਈ ਬਹੁਤ ਵੱਡੀ ਮੁਹਿੰਮ ਤੋਰੀ। ਉਹਨਾਂ ਨੂੰ ਪੰਜਾਬ ਵਿਚ ਪ੍ਰਸ਼ੰਸਾ ਮਿਲੀ, ਸ਼ਲਾਘਾ ਮਿਲੀ, ਉਹਨਾਂ ਦੀ ਨਵੀਂ ਕਾਇਮ ਕੀਤੀ ਪਾਰਟੀ ਪੀਪਲਜ਼ ਪਾਰਟੀ ਆਫ ਪੰਜਾਬ ਨੂੰ ਪੰਜਾਬੀਆਂ ਨੇ ਪਿਆਰ ਦਿੱਤਾ, ਪਰ ਉਹ ਕਈ ਪਾਸਿਉਂ ਮਾਰ ਖਾ ਗਏ। ਉਹ ਬਠਿੰਡੇ, ਫਰੀਦਕੋਟ ਵੱਲ ਹੀ ਜੁਟੇ ਰਹੇ, ਜਦਕਿ ਪੰਜਾਬੀ ਤਾਂ ਸਾਰੇ ਪੰਜਾਬ ਵਿਚ ਵੱਸਦੇ ਹਨ। ਕੇਜਰੀਵਾਲ ਨੇ ਹਰ ਇਕ ਵਿਅਕਤੀ ਤੱਕ ਪਹੁੰਚ ਕੀਤੀ, ਘਰ ਘਰ ਜਾ ਕੇ ਪ੍ਰਚਾਰ ਕੀਤਾ, ਉਹ ਕਾਰਾਂ ਦੇ ਕਾਫਲੇ ਵਿਚ ਨਹੀਂ ਘੁੰਮੇ, ਉਹਨਾਂ ਨੇ ਆਪਣੇ ਵਿਚਾਰਾਂ ਨਾਲ ਆਮ ਆਦਮੀ ਨੂੰ ਪ੍ਰਭਾਵਿਤ ਕੀਤਾ। ਮਨਪ੍ਰੀਤ ਬਾਦਲ ਨੇ ਇਸ ਦੀ ਬਜਾਏ ਮੀਡੀਆ

(ਬਾਕੀ ਸਫਾ 17 ਤੇ)

# ਪਰਵਾਸ ਦਾ ਨਫ਼ਾ-ਨੁਕਸਾਨ

- ਡਾ. ਸਵਰਾਜ ਸਿੰਘ

ਅੱਜ ਪੰਜਾਬ ਅਤੇ ਪੰਜਾਬੀਆਂ ਲਈ ਪਰਵਾਸ ਸਭ ਤੋਂ ਅਹਿਮ ਤੇ ਵੱਡੀ ਤਰਜੀਹ ਵਾਲਾ ਮਸਲਾ ਬਣ ਗਿਆ ਹੈ। ਬਹੁਤ ਸਾਰੇ ਪੰਜਾਬੀਆਂ ਦੇ ਜੀਵਨ ਦੇ ਆਰਥਿਕ, ਪਰਿਵਾਰਕ ਅਤੇ ਸਮਾਜਿਕ ਪੱਖਾਂ ਵਿੱਚ ਪਰਵਾਸ ਦਾ ਇੱਕ ਵਿਸ਼ੇਸ਼ ਸਥਾਨ ਹੈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਪੰਜਾਬੀ ਮਾਨਸਿਕਤਾ ਨੂੰ ਸੁਚੇਤ ਅਤੇ ਅਚੇਤ ਤੌਰ 'ਤੇ ਪਰਵਾਸ ਪ੍ਰਭਾਵਿਤ ਕਰ ਰਿਹਾ ਹੈ। ਬਹੁਤ ਸਾਰੇ ਪੰਜਾਬੀ ਨੌਜਵਾਨ 'ਆਈਲੈਂਟਸ' ਅਤੇ ਹੋਰ ਇਮਤਿਹਾਨਾਂ ਦੀ ਤਿਆਰੀ ਵਿੱਚ ਲੱਗੇ ਹੋਏ ਹਨ ਜਾਂ ਫਿਰ ਟਰੈਵਲ ਏਜੰਟਾਂ ਦੇ ਚੱਕਰ ਕੱਢ ਰਹੇ ਹਨ। ਪੰਜਾਬ ਦੇ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਇਹ ਚਰਚਾ ਆਮ ਹੀ ਸੁਣਨ ਨੂੰ ਮਿਲਦੀ ਹੈ ਕਿ ਹੁਣ ਕਿਹੜਾ ਦੇਸ ਖੁੱਲ੍ਹ ਗਿਆ ਹੈ। ਅਨਪੜ੍ਹ ਬਜ਼ੁਰਗਾਂ ਨੂੰ ਵੀ ਪਤਾ ਹੈ ਕਿ ਅਮਰੀਕਾ ਜਾਂ ਕੈਨੇਡਾ ਵਿੱਚ ਬਜ਼ੁਰਗਾਂ ਨੂੰ ਪੈਨਸ਼ਨ ਕਿਵੇਂ ਲੱਗਦੀ ਹੈ। ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਆਸਟਰੇਲੀਆ ਦੀਆਂ ਅੰਬੈਸੀਆਂ ਦੇ ਸਾਹਮਣੇ ਇਕੱਠੀ ਹੋਈ ਭੀੜ ਵਿੱਚੋਂ ਭਾਰਤ ਦੀ ਲਗਪਗ 2 ਫ਼ੀਸਦੀ ਵਸੋਂ ਵਾਲੇ ਪੰਜਾਬ ਦੀ ਵੱਡੀ ਗਿਣਤੀ ਵਿੱਚ ਪ੍ਰਤੀਸ਼ਤਤਾ ਕਈ ਵਾਰ 90 ਫ਼ੀਸਦੀ ਤੋਂ ਵੱਧ ਹੁੰਦੀ ਹੈ ਅਤੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਜਹਾਜ਼ਾਂ 'ਤੇ ਚੜ੍ਹਨ ਵਾਲੇ ਮੁਸਾਫਿਰਾਂ ਵਿੱਚੋਂ ਵੱਡੀ ਬਹੁਗਿਣਤੀ ਪੰਜਾਬੀਆਂ ਦੀ ਹੋਣ ਕਰਕੇ ਪੰਜਾਬ, ਪੰਜਾਬੀਆਂ ਤੇ ਪਰਵਾਸ ਵਿੱਚ ਆਪਸੀ ਸਬੰਧ ਸਾਫ਼ ਨਜ਼ਰ ਆ ਰਿਹਾ ਹੈ। ਆਮ ਪੰਜਾਬੀਆਂ ਅਤੇ ਬਹੁਤ ਸਾਰੇ ਪੰਜਾਬੀ ਬੁੱਧੀਜੀਵੀਆਂ ਵਿੱਚ ਵੀ ਇਹ ਪ੍ਰਭਾਵ ਪ੍ਰਬਲ ਹੈ ਕਿ ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਬਹੁਤ ਮੱਲਾਂ ਮਾਰੀਆਂ ਹਨ ਅਤੇ ਪਰਵਾਸ ਨੇ ਪੰਜਾਬੀਆਂ ਨੂੰ ਖ਼ੁਸ਼ਹਾਲ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ ਪਰ ਕੀ ਤੱਥ ਇਨ੍ਹਾਂ ਪ੍ਰਭਾਵਾਂ ਤੇ ਧਾਰਨਾਵਾਂ ਦੀ ਪੁਸ਼ਟੀ ਕਰਦੇ ਹਨ? ਪਰਵਾਸ ਦੇ ਮਸਲੇ ਨੂੰ ਵਿਚਾਰਨ ਅਤੇ ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਲਈ ਸੰਤੁਲਿਤ ਤੇ ਬਹੁਪੱਖੀ ਪਹੁੰਚ ਅਪਣਾਉਣ ਦੀ ਲੋੜ ਹੈ।

ਪੰਜਾਬੀ ਬੁੱਧੀਜੀਵੀ ਵਰਗ ਦੀਆਂ ਦੋਵੇਂ ਮੁੱਖ ਧਿਰਾਂ, ਭਾਵ ਸਿੱਖ ਧਾਰਮਿਕ ਅਤੇ ਖੱਬੇ ਪੱਖੀ ਪੰਜਾਬ ਵਿੱਚ ਬਾਕੀ ਭਾਰਤ ਨਾਲੋਂ ਤੁਲਨਾਤਮਕ ਤੌਰ 'ਤੇ ਬਹੁਤ ਜ਼ਿਆਦਾ ਪਰਵਾਸ ਦੇ ਕਾਰਨਾਂ ਬਾਰੇ 'ਜ਼ਿਆਦਾ ਸਰਲੀਕਰਨ' (ਓਵਰ ਸਿਮਪਲੀਫਿਕੇਸ਼ਨ) ਵਾਲੀ ਪਹੁੰਚ ਅਪਣਾ ਰਹੀਆਂ ਹਨ ਤੇ ਲਗਪਗ ਇੱਕੋ ਜਿਹੇ ਨਤੀਜੇ 'ਤੇ ਪਹੁੰਚੀਆਂ ਹਨ ਕਿ ਪਰਵਾਸ ਦਾ ਮੁੱਖ ਕਾਰਨ ਪੰਜਾਬ ਦਾ ਆਰਥਿਕ ਵਿਕਾਸ ਨਾ ਹੋ ਸਕਣਾ ਹੈ। ਆਰਥਿਕ ਵਿਕਾਸ ਨਾ ਹੋਣ ਦੇ ਕਾਰਨ ਦੋਵੇਂ ਧਿਰਾਂ ਵੱਖ-ਵੱਖ ਸਮਝਦੀਆਂ ਹਨ। ਸਿੱਖ ਧਾਰਮਿਕ ਧਿਰ ਦੀ ਧਾਰਨਾ ਹੈ ਕਿ ਕੇਂਦਰ ਨੇ ਜਾਣ-ਬੁੱਝ ਕੇ ਪੰਜਾਬ ਨਾਲ ਵਿਤਕਰਾ ਕੀਤਾ ਹੈ ਤਾਂ ਜੋ ਸੂਬੇ ਨੂੰ ਕਮਜ਼ੋਰ ਕੀਤਾ ਜਾ ਸਕੇ ਜਦਕਿ ਦੂਜੇ ਪਾਸੇ ਖੱਬੇ ਪੱਖੀ ਧਿਰਾਂ ਦੀ ਧਾਰਨਾ ਹੈ ਕਿ ਪੰਜਾਬ 'ਤੇ ਕਾਬਜ਼ ਜਗੀਰੂ ਤੇ ਅਮੀਰ ਕਿਸਾਨੀ ਸ਼ਕਤੀਆਂ ਨੇ ਪੰਜਾਬ ਨੂੰ ਜਾਣ-ਬੁੱਝ ਕੇ ਪੰਜਾਬ ਵਿੱਚੋਂ ਹਿੰਦੂ ਬਹੁਗਿਣਤੀ ਵਾਲੇ ਇਲਾਕੇ ਬਾਹਰ ਕੱਢ ਕੇ ਛੋਟਾ ਕੀਤਾ ਹੈ ਤਾਂ ਜੋ ਇਸ ਛੋਟੇ ਜਿਹੇ ਸੂਬੇ 'ਤੇ ਉਨ੍ਹਾਂ ਦੀ ਮੁਕੰਮਲ ਇਜਾਰੇਦਾਰੀ ਕਾਇਮ ਰਹਿ ਸਕੇ। ਅਜਿਹਾ ਕਰਨ ਨਾਲ ਜ਼ਾਹਰ ਹੈ ਕਿ ਪੰਜਾਬ ਵਿੱਚ ਆਰਥਿਕ ਮੌਕੇ ਘਟ ਗਏ ਹਨ ਪਰ ਜੇ ਅਸੀਂ ਇਨ੍ਹਾਂ ਦੋਵਾਂ ਦੇ ਨਤੀਜੇ ਨਾਲ ਸਹਿਮਤ ਹੋਈਏ ਕਿ ਪੰਜਾਬ ਵਿੱਚੋਂ ਤੁਲਨਾਤਮਕ ਤੌਰ 'ਤੇ ਬਹੁਤ ਜ਼ਿਆਦਾ ਪਰਵਾਸ ਦਾ ਕਾਰਨ ਆਰਥਿਕ ਹੈ ਤਾਂ ਹੇਠ ਲਿਖੇ ਤਿੰਨ ਤੱਤਾਂ ਨੂੰ ਸਮਝਣਾ ਔਖਾ ਹੋ ਜਾਂਦਾ ਹੈ।

ਪਹਿਲਾ, ਪੰਜਾਬ ਦਾ ਬਾਕੀ ਭਾਰਤ ਨਾਲੋਂ ਪਰਵਾਸ ਇੰਨਾ ਜ਼ਿਆਦਾ ਹੈ ਪਰ ਬਾਕੀ ਦੇਸ਼ ਨਾਲੋਂ ਆਰਥਿਕ ਫ਼ਰਕ ਓਨਾ ਜ਼ਿਆਦਾ ਨਹੀਂ ਹੈ। ਦੂਜਾ, ਪੰਜਾਬ ਦੀ ਕਿਸਾਨੀ ਵਿੱਚ ਪੰਜਾਬ ਦੇ ਬਾਕੀ ਵਰਗਾਂ ਨਾਲੋਂ ਪਰਵਾਸ ਦਾ ਰੁਝਾਨ ਬਹੁਤ ਜ਼ਿਆਦਾ ਹੈ ਜਦਕਿ ਸੂਬੇ ਤੋਂ ਬਾਹਰ ਬਾਕੀ ਭਾਰਤ ਵਿੱਚ ਅਜਿਹਾ ਵੇਖਣ ਨੂੰ ਨਹੀਂ ਮਿਲਦਾ। ਪੰਜਾਬ ਦੀ ਕਿਸਾਨੀ ਤੇ ਖ਼ਾਸ ਕਰਕੇ ਜੱਟ ਕਿਸਾਨੀ ਵਿੱਚ ਗ਼ੈਰ-ਜੱਟ ਕਿਸਾਨੀ ਨਾਲੋਂ ਪਰਵਾਸ ਦਾ ਰੁਝਾਨ ਬਹੁਤ ਜ਼ਿਆਦਾ ਹੈ। ਜ਼ਾਹਰ ਹੈ ਕਿ ਇਨ੍ਹਾਂ ਤਿੰਨਾਂ ਤੱਥਾਂ ਦੇ ਕਾਰਨ ਸਿਰਫ਼ ਆਰਥਿਕਤਾ ਦੇ ਸਿਧਾਂਤ ਨਾਲ ਨਹੀਂ ਦਿੱਤੇ ਜਾ ਸਕਦੇ। ਇਸ ਲਈ ਸਾਨੂੰ ਸਮਾਜਿਕ, ਸੱਭਿਆਚਾਰਕ ਅਤੇ ਵਿਚਾਰਧਾਰਕ ਪੱਖਾਂ ਨੂੰ ਵੀ ਸਮਝਣ ਦੀ ਲੋੜ ਹੈ। ਪੰਜਾਬੀ ਮਾਨਸਿਕਤਾ, ਪੰਜਾਬ ਦੀ ਭੂਗੋਲਿਕ ਸਥਿਤੀ ਅਤੇ ਇਤਿਹਾਸਕ ਘਟਨਾਵਾਂ ਦਾ ਵੀ ਬਹੁਤ ਪ੍ਰਭਾਵ ਹੈ। ਪੰਜਾਬ ਭੂਗੋਲਿਕ ਤੌਰ 'ਤੇ ਅਜਿਹੀ ਜਗ੍ਹਾ 'ਤੇ ਸਥਿਤ ਹੈ, ਜਿੱਥੇ ਏਸ਼ੀਆ ਦੇ ਤਿੰਨ ਵੱਡੇ ਖਿੱਤੇ ਆਪਸ ਵਿੱਚ ਮਿਲਦੇ ਹਨ, ਦੱਖਣੀ ਏਸ਼ੀਆ, ਮੱਧ ਪੂਰਬ ਅਤੇ ਕੇਂਦਰੀ ਏਸ਼ੀਆ- ਇਨ੍ਹਾਂ ਤਿੰਨਾਂ ਖਿੱਤਿਆਂ ਦਾ ਪੰਜਾਬ ਦੇ ਇਤਿਹਾਸ ਅਤੇ ਸੱਭਿਆਚਾਰ 'ਤੇ ਪ੍ਰਭਾਵ ਪਿਆ ਹੈ। ਦੱਖਣੀ ਏਸ਼ਿਆਈ ਖਿੱਤਾ ਪੂਰਬੀ ਅਤੇ ਦੱਖਣੀ ਪੂਰਬੀ ਏਸ਼ਿਆਈ ਖਿੱਤਿਆਂ ਨਾਲ ਜੁੜਿਆ ਰਿਹਾ ਹੈ ਅਤੇ ਇਹ ਮੁੱਖ ਧਾਰਾ ਏਸ਼ਿਆਈ ਜਾਂ ਪੂਰਬੀ ਸੱਭਿਆਚਾਰ ਨਾਲ ਜੁੜਿਆ ਰਿਹਾ ਹੈ। ਮੱਧ ਪੂਰਬ ਸਾਮੀ (ਸੈਨੇਟਿਕ) ਨਾਲ ਜੁੜਿਆ ਹੈ ਅਤੇ ਪੰਜਾਬ 'ਤੇ ਇਸ ਦਾ ਮੁੱਖ ਪ੍ਰਭਾਵ ਇਸਲਾਮ ਦੇ ਰੂਪ ਵਿੱਚ ਪਿਆ। ਪੰਜਾਬ ਮੁਸਲਮਾਨ ਬਹੁਗਿਣਤੀ ਵਾਲਾ ਸੂਬਾ ਬਣ ਗਿਆ। ਭਾਵੇਂ ਬੰਗਾਲ ਅਤੇ ਕਸ਼ਮੀਰ ਵੀ ਮੁਸਲਮਾਨ ਬਹੁਗਿਣਤੀ ਵਾਲੇ ਸੂਬੇ ਸਨ ਪਰ ਉਹ ਪੰਜਾਬ ਵਾਂਗ ਇਸਲਾਮਿਕ ਮੁੱਖ ਧਾਰਾ ਦਾ ਹਿੱਸਾ ਨਹੀਂ ਬਣ ਸਕੇ। ਮੁਸਲਮਾਨ ਹੋਣ ਦੇ ਬਾਵਜੂਦ ਬੰਗਾਲ ਅਤੇ ਕਸ਼ਮੀਰ ਵਿੱਚ ਪੈਨ ਇਸਲਾਮਿਕ (ਵਿਸ਼ਾਲ ਇਸਲਾਮੀ) ਭਾਵਨਾਵਾਂ ਨਾਲੋਂ ਖੇਤਰੀ ਭਾਵਨਾਵਾਂ ਜ਼ਿਆਦਾ ਪ੍ਰਬਲ ਰਹੀਆਂ। ਕੇਂਦਰੀ ਏਸ਼ੀਆ ਤੋਂ ਵਹਿਸ਼ੀ, ਬਰਬਰ ਅਤੇ ਜ਼ਾਲਮ ਕਬੀਲਿਆਂ ਨੇ ਪੰਜਾਬ 'ਤੇ ਜੋ ਹਮਲੇ ਕੀਤੇ, ਉਨ੍ਹਾਂ ਨੇ ਵੀ ਇੱਥੋਂ ਦੀ ਮਾਨਸਿਕਤਾ 'ਤੇ ਅਸਰ ਪਾਇਆ। ਸਮੁੱਚੇ ਤੌਰ 'ਤੇ ਪੰਜਾਬ ਵਿੱਚ ਬਾਕੀ ਭਾਰਤ ਵਾਂਗ ਪੂਰਬੀ ਵਿਚਾਰਧਾਰਾ ਅਤੇ ਪੂਰਬੀ ਸੱਭਿਆਚਾਰ ਓਨਾ ਡੂੰਘਾ ਅਸਰ ਨਹੀਂ ਛੱਡ ਸਕਿਆ ਤੇ ਪੰਜਾਬੀ ਮਾਨਸਿਕਤਾ ਵਿੱਚ ਟੱਪਰੀਵਾਸ ਰੁਚੀਆਂ ਪ੍ਰਭਾਵਸ਼ਾਲੀ ਰਹੀਆਂ। ਪੰਜਾਬੀ ਲੋਕ ਸਥਿਰਤਾ ਨਾਲੋਂ ਅਵਸਰਾਂ ਦਾ ਲਾਹਾ ਲੈਣ 'ਤੇ ਜ਼ੋਰ ਦਿੰਦੇ ਰਹੇ। ਭਾਵੇਂ ਮਿਸਲਾਂ ਸਮੇਂ ਪੰਜਾਬ ਦੇ ਇੱਕ ਇਲਾਕੇ ਤੋਂ ਦੂਜੇ ਵਿੱਚ ਜਾਣਾ ਹੋਵੇ, ਭਾਵੇਂ ਅੰਗਰੇਜ਼ਾਂ ਨੇ ਬਾਰ ਬੰਨ੍ਹੀ ਜਾਂ ਫਿਰ ਮਹਿੰਗੀ ਜ਼ਮੀਨ ਵੇਚ ਕੇ ਸਸਤੀ ਖ਼ਰੀਦ ਕੇ ਜ਼ਮੀਨ ਵਧਾਉਣੀ ਹੋਵੇ, ਪੰਜਾਬੀ ਪੰਜਾਬ ਵਿੱਚ ਹੀ ਇੱਕ ਇਲਾਕੇ ਤੋਂ ਦੂਜੇ ਵਿੱਚ ਜਾਂਦੇ ਰਹੇ। ਫਿਰ ਭਾਰਤ ਵਿੱਚ ਵੀ ਪੰਜਾਬੀ, ਪੰਜਾਬ ਤੋਂ ਬਾਹਰ ਦੂਜੇ ਸੂਬਿਆਂ ਵਿੱਚ ਚੰਗੀ ਗਿਣਤੀ ਵਿੱਚ ਫੈਲ ਗਏ।

ਜਦੋਂ ਅਸੀਂ ਪੂਰਬ ਅਤੇ ਪੱਛਮ ਦੇ ਸੰਦਰਭ ਵਿੱਚ ਪਰਵਾਸ ਦੇ ਮਸਲੇ ਨੂੰ ਵਿਚਾਰੀਏ ਤਾਂ ਪੂਰਬ ਤੇ ਪੱਛਮ ਵਿੱਚ ਦੋ ਵੱਡੇ ਸਿਧਾਂਤਕ ਫ਼ਰਕ ਨਜ਼ਰ ਆਉਂਦੇ ਹਨ। ਪਹਿਲਾ ਕਿ ਪੂਰਬ ਵਿੱਚ ਨੈਤਿਕਤਾ ਨੂੰ ਆਰਥਿਕਤਾ ਨਾਲੋਂ ਉਪਰ ਸਮਝਿਆ ਗਿਆ ਹੈ ਜਦਕਿ ਪੱਛਮ ਵਿੱਚ ਇਸ ਤੋਂ ਉਲਟ ਹੈ,

(ਬਾਕੀ ਸਫਾ 9 ਤੇ)

# naturopathy and homeopathy



Kulwant Singh Gill
(Doctor of Philosophy;
Doctor of Natural Medicine)
Email: drkalvingill@gmail.com
Cell: (408) 807-2519

ਡਾ. ਕੁਲਵੰਤ ਗਿੱਲ ਅਗਾਂਹਵਧੂ ਲੀਡਰ ਹਨ, ਜਿਹਨਾਂ ਨੇ ਸੈਂਟਾ ਕਲਾਰਾ ਕਾਉਂਟੀ ਵਿਖੇ ਆਪਣੇ ਆਪ ਨੂੰ ਸਥਾਪਤ ਕਰ ਲਿਆ ਹੈ। ਸੈਂਟਾ ਕਲਾਰਾ ਸਿਟੀ ਵਿਚ 7ਵੀਂ ਡਿਸਟ੍ਰਿਕਟ ਵਿਚੋਂ ਚੁਣੇ ਹੋਏ ਨੁਮਾਇੰਦੇ ਹਨ।

ਉਹਨਾਂ ਨੇ ਪੰਜਾਬ ਤੋਂ ਡਾਕਟਰ ਆਫ ਫਿਲਾਸਫੀ ਦੀ ਡਿਗਰੀ ਹਾਸਲ ਕੀਤੀ ਹੈ ਤੇ ਹੁਣ ਅਮਰੀਕਾ ਵਿਚ ਵੀ ਡਾਕਟਰ ਆਫ ਨੈਚੂਰਲ ਮੈਡੀਸਨ ਤੇ ਵੀ ਡਿਗਰੀ ਪ੍ਰਾਪਤ ਕੀਤੀ ਹੈ। ਉਹਨਾਂ ਦਾ ਗਿਆਨ ਅਸੀਂ ਆਪਣੇ ਸਾਰੇ ਭਾਈਚਾਰੇ ਨਾਲ ਵੰਡਣਾ ਚਾਹੁੰਦੇ ਹਾਂ ਤਾਂ ਕਿ ਲੋਕਾਂ ਨੂੰ ਬਿਮਾਰੀਆਂ ਤੋਂ ਦਵਾਈ ਤੋਂ ਬਿਨਾਂ ਵੀ ਆਰਾਮ ਆ ਸਕੇ।

ਜਨਵਰੀ 2014 ਤੋਂ ਅਸੀਂ ਉਹਨਾਂ ਦੇ ਲਗਾਤਾਰ ਲੇਖ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ।

–ਮੁੱਖ ਸੰਪਾਦਕ

It is my honor to inform that I recently finished my Doctor of Natural Medicine degree and decided to educate my community about their health. I am going to start writing about different diseases, their causes and how we can prevent ourselves from those diseases under the column of Healthy Life, I spent lots of time to research both naturopathy and homeopathy human healing techniques. Both techniques have the same concept but the way of treating the same symptom is totally different. I read many books on homeopathy as well as naturopathy and also fortunately got the chance to talk many experienced practitioners and attended many human natural healing seminars. I tried to collect as much as information so I will be able to built my own healing technique which will be more effective and patient's friendly. According to my education, knowledge and collected information about both techniques I came up the idea to combine both techniques as a "The Self Healing Therapy" which I gave the name Honapathy and submitted to the university as my clinical research dissertation. Fortunately, It is approved under my name as a copy right. I am sure; this technique is a very unique and will be able to provide the best possible treatment to my patients.

Before I treat any patient suffers from any kind of disease, I must have to detoxify his/her whole body through the four natural elimination channels. The natural elimination channels are the lungs, the pores of the skin, the kidneys, and the b owels.

I am suggesting each and every member of the community to detoxify your body through the four above mentioned elimination channels. I promised you that I will be discussed each elimination channel in details very soon, till than God bless all of you.

# Sikh Awareness session and tour of Gurdwara Sahib Fremont

More than 100 students of East Bay University and their teachers were given Sikh Awareness session and tour of Gurdwara Sahib Fremont.



Month of November is declared as Sikh Awareness and Appreciation month by California legislature. A, anthropology class of 90 students, senior nursing class of 10 students from East Bay University were given three different sessions about Sikh faith, including the values and contributions of Sikhs worldwide. During the presentation given by Kashmir Singh Shahi, many questions were answered related to Sikh identity and issues Sikhs facing after 9/11. After the presentation students were given tour of Gurdwara sahib and then students partake in the Langar. Gurdwara Sahib Fremont mgmt also thanked the EBU staff, teachers and students for their keen interest in learning about sikhism during this Sikh Awareness Month.

## ਅਲੋਪ ਹੋ ਰਹੀਆਂ ਖੁਰਾਕਾਂ

# ਦੇਸੀ ਘਿਓ



ਸ ਹਰਕੇਸ਼ ਸਿੰਘ ਕਹਿਲ
559-323-1640



ਮੱਖਣ ਨੂੰ ਗਰਮ ਕਰਨ ਤੋਂ ਘਿਓ ਬਣਦਾ ਹੈ। ਘਿਓ ਉਪਰ ਤਰ ਆਉਂਦਾ ਹੈ ਤਾ ਮੱਖਣ ਵਿਚ ਜੋ ਲੱਸੀ ਹੁੰਦੀ ਹੈ, ਉਹ ਹੇਠਾਂ ਰਹਿ ਜਾਂਦੀ ਹੈ। ਹੇਠਾਂ ਰਹੀ ਇਸ ਲੱਸੀ ਨੂੰ ਚਹੇੜੂ ਕਹਿੰਦੇ ਹਨ। ਮੱਖਣ ਤੋਂ ਬਣੇ ਇਸ ਘਿਓ ਨੂੰ ਹੀ ਅਸਲ ਵਿਚ ਦੇਸੀ ਘਿਓ ਕਹਿੰਦੇ ਹਨ। ਅਸਲੀ ਘਿਓ ਕਹਿੰਦੇ ਹਨ। ਹੁਣ ਦੁੱਧ ਤੋਂ ਸਿੱਧਾ ਮਸ਼ੀਨਾਂ ਨਾਲ ਕਰੀਮ ਕੱਢ ਕੇ ਜੋ ਘਿਓ ਬਣਾਇਆ ਜਾਂਦਾ ਹੈ, ਉਸ ਨੂੰ ਵੀ ਦੇਸੀ ਘਿਓ ਕਹਿੰਦੇ ਹਨ। ਇਕ ਬਨਸਪਤੀ ਘਿਓ ਹੁੰਦਾ ਹੈ। ਇਹ ਮੂੰਗਫਲੀ, ਵੜੇਵਿਆਂ ਅਤੇ ਹੋਰ ਤੇਲ ਬੀਜ ਵਾਲੀਆਂ ਫਸਲਾਂ ਤੋਂ ਬਣਾਇਆ ਜਾਂਦਾ ਹੈ। ਇਸ ਨੂੰ ਦਸੌਰੀ ਘਿਓ ਵੀ ਕਹਿੰਦੇ ਹਨ। ਪਿੰਡਾਂ ਵਿਚ ਇਸ ਘਿਓ ਨੂੰ ਫਾਰਮੀ ਘਿਓ ਵੀ ਕਹਿੰਦੇ ਹਨ।

ਪਹਿਲਾਂ ਸਾਰਾ ਹੀ ਦੇਸੀ ਘਿਓ ਹੁੰਦਾ ਸੀ। ਦੁੱਧ ਆਮ ਹੁੰਦਾ ਸੀ। ਦੁੱਧ ਵੇਚਣ ਨੂੰ ਪਹਿਲੇ ਸਮਿਆਂ ਵਿਚ ਮਾੜਾ ਗਿਣਿਆ ਜਾਂਦਾ ਸੀ। ਪੁੱਤ ਵੇਚਣ ਦੇ ਸਮਾਨ ਸਮਝਿਆ ਜਾਂਦਾ ਸੀ। ਇਸ ਲਈ ਸਾਰੇ ਦੁੱਧ ਦੀ ਵਰਤੋਂ ਘਰ ਵਿਚ ਹੀ ਕੀਤੀ ਜਾਂਦੀ ਸੀ। ਸਰਦੀ ਦੇ ਮੌਸਮ ਵਿਚ ਜੰਮਿਆ ਘਿਓ ਤਾਂ ਗੱਭਰੂ ਗੁੜ ਨਾਲ ਰੁੱਖਾ ਹੀ ਖਾ ਲੈਂਦੇ ਸਨ। ਗਰਮ ਕਰਕੇ ਗਲਾਸ-ਂਵਿਚ ਪਾ ਕੇ ਪੀ ਜਾਂਦੇ ਸਨ। ਉਹਨਾਂ ਸਮਿਆਂ ਵਿਚ ਸਾਰੇ ਕੰਮ ਤੇ ਸਾਰੀ ਖੇਤੀ ਹੱਥੀਂ ਕੀਤੀ ਜਾਂਦੀ ਸੀ। ਇਸ ਲਈ ਚੰਗੀ ਸਿਹਤ ਦੀ ਲੋੜ ਹੁੰਦੀ ਸੀ। ਚੰਗੀ ਸਿਹਤ ਹੋਣਕਰਕੇ ਤਾਂ ਮਾੜੀ-ਬੀੜੀ ਬਿਮਾਰੀ ਵੀ ਨੇੜੇ ਨਹੀਂ ਆਉਂਦੀ ਸੀ। ਦਵਾਈ ਲੈਣ ਦੀ ਲੋੜ ਹੀ ਨਹੀਂ ਪੈਂਦੀ ਸੀ। ਇਸੇ ਲਈ ਤਾਂ ਉਸ ਸਮੇਂ ਦਾ ਅਖਾਣ ਬਣਿਆ ਹੋਇਆ ਹੈ-

ਸੌ ਦਾਰੂ ਇਕ ਘਿਓ
ਸੌ ਚਾਚਾ ਇਕ ਪਿਓ।

ਘਿਓ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਹਵਨ ਘਿਓ ਨਾਲ ਕੀਤੇ ਜਾਂਦੇ ਹਨ। ਧਾਰਮਿਕ ਸਥਾਨਾਂ ਉਪਰ ਘਿਓ ਦੇ ਦੀਵੇ ਬਾਲੇ ਜਾਂਦੇ ਹਨ। ਗੁਰਦੁਆਰਿਆਂ ਵਿਚ ਘਿਓ ਦੀ ਜੋਤ ਜਗਾਈ ਜਾਂਦੀ ਹੈ। ਘਿਓ ਦੀ ਧੂਪ ਦੇਣ ਨਾਲ ਚੰਦਰੀਆਂ ਰੂਹਾਂ ਨੱਸ ਜਾਂਦੀਆਂ ਹਨ। ਪਹਿਲੇ ਸਮਿਆਂ ਵਿਚ ਦੀਵਾਲੀ ਦੀ ਰਾਤ ਨੂੰ ਮੁੱਖ ਦਰਵਾਜ਼ੇ ਉਪਰ ਘਿਓ ਦੇ ਦੀਵੇ ਬਾਲੇ ਜਾਂਦੇ ਸਨ। ਬਰਾਤਾਂ ਨੂੰ ਦੇਸੀ ਘਿਓ ਤੇ ਬੂਰਾ ਖੰਡ ਨਾਲ ਰੋਟੀ ਖਵਾਈ ਜਾਂਦੀ ਸੀ। ਸ਼ੱਕਰ ਘਿਓ ਤਾਂ ਆਮ ਹੀ ਖਾਧਾ ਜਾਂਦਾ ਸੀ। ਘਿਓ ਨਾਲ ਚੂਰੀ ਕੁੱਟੀ ਜਾਂਦੀ ਸੀ। ਸਵੇਰ ਦੀ ਰੋਟੀ ਤੋਂ ਲੈ ਕੇ ਰਾਤ ਦੀ ਰੋਟੀ ਤੱਕ ਮੱਖਣ ਤੇ ਦੇਸੀ ਘਿਓ ਹੀ ਵਰਤਿਆ ਜਾਂਦਾ ਸੀ।

ਦੇਸੀ ਘਿਓ ਬਣਾਉਣ ਲਈ ਗਾਂ/ਮੱਝ ਦੇ ਦੁੱਧ ਨੂੰ ਕਾੜ੍ਹਨੀ ਵਿਚ ਪਾ ਕੇ ਹਾਰੇ ਵਿਚ ਸਵੇਰੇ ਹੀ ਗਰਮ ਕਰਨ ਲਈ ਰੱਖਿਆ ਜਾਂਦਾ ਹੈ। ਸ਼ਾਮ ਤੱਕ ਗਰਮ ਹੋਕੇ ਦੁੱਧ ਉਪਰ ਮਲਾਈ ਆ ਜਾਂਦੀ ਹੈ ਤੇ ਦੁੱਧ ਦਾ ਰੰਗ ਵੀ ਲਾਲ ਹੋ ਜਾਂਦਾ ਹੈ। ਰਾਤ ਨੂੰ ਕਾੜ੍ਹਨੀ ਵਿਚੋਂ ਦੁੱਧ ਕੱਢ ਕੇ ਚਾਟੀ ਵਿਚ ਪਾਇਆ ਜਾਂਦਾ ਹੈ। ਕਈ ਸ਼ਾਮ ਦਾ ਚੋਇਆ ਤਾਜ਼ਾ ਦੁੱਧ ਵੀ ਵਿਚ ਪਾ ਦਿੰਦੇ ਹਨ। ਇਸ ਦੁੱਧ ਨੂੰ ਫਿਰ ਖੱਟੇ ਦਹੀਂ/ਲੱਸੀ ਦਾ ਜਾਗ ਲਾਇਆ ਜਾਂਦਾ ਹੈ। ਸਵੇਰ ਤੱਕ ਜਾਗ ਨਾਲ ਦੁੱਧ ਦਾ ਦਹੀਂ ਬਣ ਜਾਂਦਾ ਹੈ। ਫਿਰ ਚਾਟੀਵਿਚ ਮਧਾਣੀ ਪਾਕੇ ਦਹੀਂ ਨੂੰ ਰਿੜਕਿਆ ਜਾਂਦਾ ਹੈ। ਰਿੜਕਣ ਨਾਲ ਮੱਖਣ ਉਪਰ ਆ ਜਾਂਦਾ ਹੈ ਤੇ ਲੱਸੀ ਹੇਠਾਂ ਰਹਿ ਜਾਂਦੀ ਹੈ। ਮਧਾਣੀ ਨੂੰ ਫਿਰ ਚਾਟੀ ਵਿਚੋਂ ਬਾਹਰ ਕੱਢਿਆ ਜਾਂਦਾ ਹੈ। ਹੱਥ ਨਾਲ ਮੱਖਣ ਕੱਢ ਕੇ ਕੁੱਜੇ/ਪਤੀਲੇ ਵਿਚ ਪਾਇਆ ਜਾਂਦਾ ਹੈ। ਲੱਸੀ ਚਾਟੀ ਵਿਚ ਰਹਿ ਜਾਂਦੀ ਹੈ। ਮੱਖਣ ਨੂੰ ਗਰਮ ਕਰਕੇ ਫਿਰ ਘਿਓ ਬਣਾ ਲਿਆ ਜਾਂਦਾ ਹੈ। ਇਸ ਤਰ੍ਹਾਂ ਦੇਸੀ ਘਿਓ ਬਣਦਾ ਹੈ।

ਹੁਣ ਪਹਿਲਾਂ ਦੇ ਮੁਕਾਬਲੇ ਦੁੱਧ ਜ਼ਿਆਦਾ ਪੈਦਾ ਹੁੰਦਾ ਹੈ। ਜਿੱਥੇ ਦੁੱਧ ਵੇਚਣਾ ਪਹਿਲਾਂ ਮਾੜਾ ਗਿਣਿਆ ਜਾਂਦਾ ਸੀ, ਉਥੇ ਦੁੱਧ ਵੇਚਣਾ ਹੁਣ ਇਕ ਕਿੱਤਾ ਬਣ ਗਿਆ ਹੈ। ਹੁਣ ਨਾ ਕੋਈ ਸ਼ੱਕਰ ਘਿਓ ਖਾਂਦਾ ਹੈ। ਨਾ ਬਰਾਤਾਂ ਨੂੰ ਘਿਓ ਤੇ ਬੂਰਾ ਖੰਡ ਨਾਲ ਰੋਟੀ ਖਵਾਈ ਜਾਂਦੀ ਹੈ। ਨਾ ਦੀਵਾਲੀ ਨੂੰ ਮੁੱਖ ਦਰਵਾਜ਼ੇ ਤੇ ਕੋਈ ਦੇਸੀ ਘਿਓ ਦਾ ਦੀਵਾ ਬਾਲਦਾ ਹੈ। ਚੂਰੀ ਵੀ ਘੱਟ ਹੀ ਖਾਧੀ ਜਾਂਦੀ ਹੈ। ਹੱਥੀਂ ਖੇਤੀ ਦੀ ਥਾਂ ਹੁਣ ਸਾਰੀ ਖੇਤੀ ਮਸ਼ੀਨਾਂ ਨਾਲ ਕੀਤੀ ਜਾਂਦੀ ਹੈ। ਇਸ ਲਈ ਦੇਸੀ ਘਿਓ ਹੁਣ ਪਹਿਲਾਂ ਦੇ ਮੁਕਾਬਲੇ ਘੱਟ ਬਣਦਾ ਹੈ ਤੇ ਘੱਟ ਹੀ ਖਾਧਾ ਜਾਂਦਾ ਹੈ। ਮਸ਼ੀਨਾਂ ਵਾਲਾ ਦੇਸੀ ਘਿਓ ਜ਼ਰੂਰ ਬਣਦਾ ਹੈ। ਹੁਣ ਡਾਕਟਰਾਂ ਦੀਆਂ ਸਲਾਹਾਂ ਅਨੁਸਾਰ ਲੋਕ ਜ਼ਿਆਦਾ ਸੋਧਿਆ ਹੋਇਆ ਤੇਲ ਹੀ ਖਾਂਦੇ ਹਨ।

ਘਿਓ ਨਾਲ ਸਬੰਧਤ ਲੋਕ ਗੀਤ ਤੇ ਅਖਾਣ ਵੀ ਹਨ:

ਪਹਿਲੇ ਸਮਿਆਂ ਵਿਚ ਧੀਆਂ ਆਪਣੇ ਬਾਬਲ ਨੂੰ ਉਸ ਘਰ ਰਿਸ਼ਤਾ ਕਰਨ ਲਈ ਕਹਿੰਦੀਆਂ ਹੁੰ-ਦੀਆਂ ਸਨ, ਜਿਸ ਘਰਵਿਚ ਬਹੁਤੀਆਂ ਮੱਝਾਂ ਹੋਣ ਤਾਂ ਜੋ ਉਸ ਨੂੰ ਦੁੱਧ, ਘਿਓ ਖਾਣ ਨੂੰ ਚੰਗਾ ਮਿਲਦਾ ਰਹੇ-

ਦੇਵੀਂ ਵੇ ਬਾਬਲਾ ਉਸ ਘਰੇ
ਜਿੱਥੇ ਸੱਸ ਦੇ ਮੱਝਾਂ ਸੱਤ
ਇਕ ਚੋਵਾਂ ਇਕ ਰਿੜਕਾਂ
ਮੇਰਾ ਚਾਟੀਆਂ ਦੇ ਵਿਚ ਹੱਥ
ਬਾਬਲ ਤੇਰਾ ਪੁੰਨ ਹੋਵੇ।

ਚੰਗੀ ਖੁਰਾਕ ਖਾ ਕੇ ਮੁਟਿਆਰਾਂ ਦੀ ਸਿਹਤ ਵੀ ਵਧੀਆ ਹੁੰਦੀ ਸੀ-

ਖੱਟਣ ਗਿਆ ਸੀ
ਕੀ ਖੱਟ ਲਿਆਇਆ
ਖੱਟ ਕੇ ਲਿਆਇਆ ਛੱਲੀਆਂ
ਕੁੜੀਆਂ ਪੰਜਾਬ ਦੀਆਂ
ਘਿਓ ਮੱਖਣਾਂ ਨਾਲ ਪਲੀਆਂ।

ਪਹਿਲੇ ਗੱਭਰੂ ਤਾਂ ਇਕੱਲਾ ਘਿਓ ਵੀ ਪੀ ਜਾਂਦੇ ਸਨ-

ਡੋਲੂ ਦੁੱਧ ਦਾ
ਘਿਓ ਦਾ ਛੰਨਾ ਚੋਬਰਾ
ਪੀ ਜਾ ਗੱਟ ਗੱਟ ਕਰਕੇ

ਪਹਿਲੇ ਸਮਿਆਂ ਵਿਚ ਤਾਂ ਘਿਓ ਦੀ ਚੋਰੀ ਵੀ ਹੋ ਜਾਂਦੀ ਸੀ। ਚੋਰ ਆਮ ਤੌਰ ਤੇ ਜ਼ਿਆਦਾ ਗੁਆਂਢੀ ਹੀ ਹੁੰਦੇ ਸਨ। ਕਈ ਵਾਰ ਚੋਰੀ ਵਿਚ ਉਸ ਪਰਿਵਾਰ ਦੇ ਬੰਦੇ ਦਾ ਨਾਂ ਵੀ ਧਰ ਦਿੱਤਾ ਜਾਂਦਾ ਸੀ, ਜਿਸ ਪਰਿਵਾਰ ਨਾਲ ਉਸ ਪਰਿਵਾਰ ਦੀ ਲਾਗ-ਡਾਟ ਹੁੰਦੀ ਸੀ। ਲੜਾਈ ਝਗੜਾ ਹੁੰਦਾ ਸੀ। ਕਈ ਵਾਰ ਉਹ ਮੁਟਿਆਰ/ ਵਹੁਟੀਜਿਹੜੀ ਆਪਣੇ ਸੱਸ ਸਹੁਰੇ ਦੇ ਵਿਹਾਰ/ਵਰਤੋਂ ਤੋਂ ਤੰਗ ਹੋਈ ਹੁੰਦੀ ਸੀ, ਉਹ ਆਪਣੇ ਪਤੀ ਦੇ ਪਿਓ (ਆਪਣੇ ਸਹੁਰੇ) ਦਾਨਾਂ ਚੋਰੀ ਵਿਚ ਬੋਲਦਾ ਹੋਣ ਕਰਕੇ ਆਪਣੇ ਪਤੀ ਨੂੰ ਚਹੇੜਾਂ ਕਰਦੀ ਹੁੰਦੀ ਸੀ-

ਤੇਲੀਆਂ ਦੇ ਘਰ
ਚੋਰੀ ਹੋ ਗਈ
ਚੋਰੀ ਹੋ ਗਿਆ ਘਿਓ
ਵੇ ਜਾਇਆ ਵੱਢੀ ਦਿਆ
ਵਿਚੇ ਸੁਣੀਂਦਾ ਤੇਰਾ ਪਿਓ।

ਘਿਓ ਪਹਿਲੇ ਸਮਿਆਂ ਵਿਚ ਆਮ ਹੋਣ ਕਰਕੇ ਮਿੱਟੀ ਦੀਆਂ ਚਾਟੀਆਂ ਤੇ ਬਾਲਟੀਆਂ ਵਿਚ ਰੱਖਿਆ ਜਾਂਦਾ ਸੀ। ਬਲਦਾਂ ਨਾਲ ਖੇਤੀ ਕੀਤੀ ਜਾਂਦੀ ਸੀ। ਕਈ ਪਰਿਵਾਰ ਤਾਂ ਬਲਦਾਂ ਨੂੰ ਘਿਓ ਵੀ ਚਾਰਦੇ ਸਨ। ਉਹਨਾਂ ਸਮਿਆਂ ਵਿਚ ਬਰਾਤਾਂ ਰੱਥਾਂ ਤੇ ਗੱਡਿਆਂ ਤੇ ਜਾਂਦੀਆਂ ਸਨ। ਰਥਾਂ ਤੇ ਗੱਡਿਆਂ ਦੇ ਬਲਦਾਂ ਨੂੰ ਕਈ ਪਰਿਵਾਰ ਦਾਣੇ, ਗੁੜ ਦੇ ਨਾਲ ਘਿਓ ਵੀ ਰਸਦ ਵਿਚ ਦਿੰਦੇ ਸਨ। ਵਹਿੜਕਿਆਂ ਨੂੰ ਹੀ ਜ਼ਿਆਦਾ ਘਿਓ ਚਾਰਿਆ ਜਾਂਦਾ ਸੀ-

ਵੇ ਵਹਿੜਕੇ ਨੂੰ ਘਿਓ ਚਾਰਦੇ
ਤੇਰਾ ਮੰਨਾਂਗੀ ਹਸਾਨ ਮਿੱਤਰਾ

ਲੋਹੜੀ ਮੰਗਣ ਸਮੇਂ ਬੱਚੇ ਗੀਤ ਗਾਉਂਦੇ ਹੁੰਦੇ ਸਨ-

ਛੰਨੇ ਵਿਚ ਘਿਓ
ਜੀਵੇ ਮੁੰਡੇ ਦਾ ਪਿਓ
ਸਾਨੂੰ ਦੇਹ ਲੋਹੜੀ

ਵੇਦੀ ਦੇ ਵਿਆਹ ਵੇਲੇ ਜਦ ਪੰਡਤ ਹਵਨ ਕਰਦਾ ਹੈ ਤੇ ਮੰਤਰਾਂ ਦੇ ਉਚਾਰਨ ਦੇ ਨਾਲ ਨਾਲ ਅਗਨੀ ਉਤੇ ਘਿਓ ਪਾਉਂਦਾ ਹੈ। ਉਸ ਸਮੇਂ ਇਸਤਰੀਆਂ ਗੀਤ ਗਾਉਂਦੀਆਂ ਹੁੰਦੀਆਂ ਸਨ/ਹਨ-

ਅੱਗ ਬਲੇ ਘਿਓ ਸਾੜੀਏ
ਕੀਹਦੀ ਤਾਂ ਪੋਤੀ ਵਿਆਹੀਏ
ਅੱਗ ਬਲੇ ਘਿਓ ਸਾੜੀਏ
ਬਾਬੇ ਰਾਜੇ ਦੀ ਪੋਤੀ ਵਿਆਹੀਏ।

ਕਿਸਤ ਨੰਬਰ- 41 — ਬਲਬੀਰ ਸਿੰਘ ਐਮ.ਏ.

# ਮਾਵਾਂ ਦੇ ਪਰਛਾਵੇਂ ਵਾਲਾ ਪੰਜਾਬ

# ਸਾਡੇ ਅੰਧ ਵਿਸ਼ਵਾਸ



Balbir Singh M.A.
Tel : 510-938-7771

ਲਿਖਣ ਨੂੰ ਮੈਂ ਇਕ ਸੱਤਰ ਵਿਚ ਪੰਜਾਬ ਦਾ ਹਾਲ ਲਿਖ ਕੇ ਚੁੱਪ ਕਰਕੇ ਘਰ ਬੈਠ ਜਾਂਦਾ ਹਾਂ। ਮੈਂ ਕੀ ਲੈਣਾ ਉਥੇ ਕੀ ਹੋ ਰਿਹਾ ਹੈ। ਮੈਂ ਤਾਂ ਹੁਣ ਅਮਰੀਕਾ ਵਿਚ ਰਹਿੰਦਾ ਹਾਂ ਤੇ ਮੇਰੇ ਵੱਲੋਂ ਉਥੇ ਭਾਵੇਂ ਭੰਗ ਭੁੱਜਦੀ ਰਹੇ।

ਇਹੀ ਬਹੁਤੇ ਲੋਕ ਸੋਚਦੇ ਹਨ ਕਿ ਅਸੀਂ ਕੀ ਲੈਣਾ ਅਸੀਂ ਇੱਥੇ ਰਹਿੰਦੇ ਹਾਂ, ਭਾਵੇਂ ਲੁਕ ਲੁਕ ਕੇ ਰੋ ਲੈਂਦੇ ਹਾਂ। ਤਕਲੀਫਾਂ ਝੱਲੀ ਜਾਂਦੇ ਹਾਂ, ਲੋਕ ਭਾਵੇਂ ਕੋਈ ਦੋਸਤ ਨਹੀਂ ਬਣਦੇ। ਨਾ ਹੀ ਕੋਈ ਸਕਾ ਸਬੰਧੀ ਸਾਥ ਦਿੰਦਾ ਹੈ, ਬਲਕਿ ਸ਼ਰੀਕ ਬਣ ਬਹਿੰਦੇ ਹਾਂ। ਫਿਰ ਅਸੀਂ ਇਹ ਕਹਿ ਸਕਦੇ ਹਾਂ ਕਿ ਅਸੀਂ ਕੀ ਲੈਣਾ, ਚਾਹੇ ਪੰਜਾਬ ਹੋਵੇ ਜਾਂ ਅਮਰੀਕਾ, ਬੱਸ ਅੱਖਾਂ ਮੀਟ ਕੇ ਬੈਠੇ ਰਹੀਏ ਕਿਉਂਕਿ ਕਬੂਤਰ ਨੂੰ ਬਿੱਲੀ ਦਿਖਾਈ ਹੀ ਨਹੀਂ ਦਿੰਦੀ।

ਪਰ ਹੁਣ ਬਿੱਲੀ ਦੀਆਂ ਝਪੱਟਾਂ ਵੱਜਣ ਲੱਗ ਪਈਆਂ ਹਨ। ਹੁਣ ਤਾਂ ਅੱਖਾਂ ਖੋਲ੍ਹ ਕੇ ਹੀ ਵੇਖਣਾ ਪਵੇਗਾ ਕਿ ਬਿੱਲੀ ਕਿਹੜੀ ਬਾਘੜ ਬਿੱਲੀ ਹੈ ਜਾਂ ਜੰਗਲੀ ਬਿੱਲਾ ਜਾਂ ਮਨੁੱਖੀ ਬਿੱਲੀ, ਜਿਸ ਦੇ ਮੂੰਹ ਤੇ ਵੀ ਉਸੇ ਤਰ੍ਹਾਂ ਦੇ ਹਾਵ ਭਾਵ ਹਨ ਜਾਂ ਹੁਣ ਉਹ ਮਿਆਊਂ ਨਹੀਂ ਕਹਿ ਰਹੀ ਸਗੋਂ ਬੜਕ ਮਾਰ ਰਹੀ ਹੈ, ਜਿਵੇਂ ਸ਼ੇਰ ਦਹਾੜਦਾ ਹੈ ਖੋਆਓ-ਖਾਊਂ ਕਰਕੇ ਤੁਹਾਡੇ ਵੱਲ ਨੂੰ ਆਉਂਦਾ ਹੈ।

ਮੇਰੀ ਐਤਕੀ ਪੰਜਾਬ ਫੇਰੀ ਵਿਚ ਮੈਂ ਕਈ ਅਜੀਬ ਅਜੀਬ ਚੀਜ਼ਾਂ ਵੇਖੀਆਂ। ਤਿੰਨ ਚਾਰ ਹਫਤਿਆਂ ਦੇ ਦੌਰਾਨ ਮੈਂ ਪਹਿਲੇ ਸਨਿਚਰਵਾਰ ਨੂੰ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਜਾ ਰਿਹਾ ਸੀ। ਹਰ ਸਿੱਖ ਦਾ ਫਰਜ਼ ਹੈ ਕਿ ਆਪਣੇ ਸਭ ਤੋਂ ਵੱਡੇ ਪਵਿੱਤਰ ਅਸਥਾਨ ਤੇ ਜਾ ਨਤਮਸਤਕ ਹੋਵੇ। ਇਸੇ ਲਈ ਅਸੀਂ ਦੋਵੇਂ ਸਾਡੇ ਨਾਲ ਮੇਰੀ ਪਤਨੀ ਦਾ ਭਤੀਜਾ ਤੇ ਸਾਡਾ ਡਰਾਇਵਰ ਮੁੰਡਾ ਅਮਨ ਵੀ ਸੀ- ਰਸਤੇ ਵਿਚ ਅੰਮ੍ਰਿਤਸਰ ਜਾਂਦਿਆਂ ਮੈਂ ਸੋਚਦਾ ਜਾਂਦਾ ਸੀ ਕਿ ਅਸੀਂ ਦੋ ਕੁ ਵਜੇ ਪਹੁੰਚ ਕੇ ਸ਼ਾਇਦ ਤਿੰਨ ਵਜੇ ਦਰਬਾਰ ਸਾਹਿਬ ਦੇ ਅੰਦਰ ਤੱਕ ਪਹੁੰਚ ਕੇ ਮੱਥਾ ਟੇਕ ਸਕਾਂਗੇ। ਉਥੇ ਪਹੁੰਚ ਕੇ ਇਉਂ ਲੱਗਿਆ ਜਿਵੇਂ ਹਿੰਦੁਸਤਾਨ ਸਾਰਾ ਹੀ ਅੱਜ ਇੱਥੇ ਗੁਰੂ ਦੇ ਚਰਨੀਂ ਲੱਗਣ ਆਇਆ ਹੋਵੇ, ਜਿਸ ਵਿਚ ਹਿੰਦੁਸਤਾਨ ਦੇ ਹਰ ਸੂਬੇ ਵਿਚੋਂ ਆਏ ਲੋਕ ਸਨ। ਐਤਕੀ ਇੰਨੀ ਸ਼ਰਧਾ ਵੇਖ ਕੇ ਮਨ ਵਿਚ ਇਕ ਖੁਸ਼ੀ ਜਿਹੀ ਹੋਈ ਕਿ ਸ਼ੁਕਰ ਹੈ ਹੁਣ ਸਿੱਖ ਧਰਮ ਦੇ ਵਧਣ ਦੇ ਦਿਨ ਆ ਗਏ ਤੇ ਇਹ ਹੁਣ ਬਾਹਰ ਦੂਰ ਤੱਕ ਫੈਲ ਜਾਵੇਗਾ (ਇਸ ਲਈ ਮੈਂ ਵਾਹਿਗੁਰੂ ਅੱਗੇ ਹਮੇਸ਼ਾ ਅਰਦਾਸ ਕਰਦਾ ਹਾਂ)। ਦੂਸਰੀਆਂ ਬੋਲੀਆਂ ਬੋਲਣ ਵਾਲੇ ਸੱਜਣ ਵੀ ਪਰਿਵਾਰਾਂ ਸਮੇਤ ਆ ਰਹੇ ਸਨ ਤੇ ਇਕ ਉਮੰਗ ਨਾਲ ਲੈ ਕੇ ਗੁਰੂ ਦੇ ਦਰ ਤੇ ਪਹੁੰਚ ਰਹੇ ਸਨ। ਇਉਂ ਲੱਗ ਰਿਹਾ ਸੀ ਕਿ ਇਹ ਇਕ ਤੀਰਥ ਅਸਥਾਨ ਤੇ ਹੀ ਪਰ ਕੁੱਲ ਲੋਕਾਈ ਨੂੰ ਮਾਰਗ ਦਰਸ਼ਨ ਵੀ ਕਰਦਾ ਹੈ। ਬਿਨਾਂ ਰੋਕ ਟੋਕ ਹਰ ਧਰਮ, ਹਰ ਵਰਗ, ਗਰੀਬ ਅਮੀਰ ਲੋਕ ਇੱਥੇ ਆ ਕੇ ਗੁਰੂ ਘਰ ਦੀ ਸ਼ੋਭਾ ਵੇਖ ਸਕਦੇ ਹਨ ਤੇ ਸ਼ੋਭਾ ਵਧਾ ਸਕਦੇ ਹਨ। ਕੋਈ ਡੇਢ ਲੱਖ ਦੇ ਕਰੀਬ ਸੰਗਤ 24 ਘੰਟੇ ਵਿਚ ਗੁਰੂ ਸਾਹਿਬਾਨ ਦੇ ਦਰਸ਼ਨਾਂ ਨੂੰ ਆਉਂਦੇ ਹਨ, ਉਥੇ 24 ਘੰਟੇ ਬਾਣੀ ਦਾ ਪਰਵਾਹ ਵੀ ਚੱਲ ਰਿਹਾ ਹੈ।

ਮੈਂ ਇਹੀ ਸੋਚਦਾ ਤੇ ਮਨ ਅੰਦਰ ਗੁਰੂ ਸਾਹਿਬ ਲਈ ਤੇ ਇਸ ਪਵਿੱਤਰ ਅਸਥਾਨ ਲਈ ਸ਼ਰਧਾ ਕਰਕੇ ਮੱਥਾ ਟੇਕ ਕੇ ਬਾਹਰ ਆ ਗਏ। ਬਹੁਤ ਸੰਗਤ ਕਤਾਰਾਂ ਵਿਚ ਖੜ੍ਹੀ ਹੈ। ਸੇਵਾਦਾਰ 50-50, ਸੌ-ਸੌ ਕਰਕੇ ਅੰਦਰ ਜਾਣ ਦੀ ਆਗਿਆ ਦੇਈ ਜਾਂਦੇ ਹਨ। ਗੁਰੂ ਦੀ ਮਹਿਮਾ ਲੋਕ ਵੇਖਦੇ ਹਨ, ਸੁਣਦੇ ਹਨ ਤੇ ਪ੍ਰਸਾਦਿ ਲੈ ਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ। ਅਸੀਂ ਜਦੋਂ ਵਾਪਸ ਆ ਰਹੇ ਸੀ ਤਾਂ ਬਿਆਸ ਦਰਿਆ ਕੋਲ ਅਸੀਂ ਸ਼ਾਮ ਨੂੰ ਹਨੇਰਾ ਹੋਣ ਤੱਕ ਪਹੁੰਚੇ। ਵੇਖਿਆ ਕਿ ਕਈ ਸੌ ਲੋਕ ਇਕ ਮੇਲਾ ਜਿਹਾ ਲਾਈ ਬੈਠੇ ਹਨ। ਬਿਆਸ ਦਰਿਆ ਦੇ ਕੰਢੇ ਤੇ ਲੋਕ ਦੀਵੇ ਬਾਲ ਰਹੇ ਹਨ। ਦੇਸੀ ਤੇਲ ਦੇ (ਸਰ੍ਹੋਂ ਦੇ ਤੇਲ ਦੇ)। ਮੈਂ ਕੁਝ ਸਮਝਿਆ ਨਾ ਤੇ ਮੈਂ ਡਰਾਈਵਰ ਨੂੰ ਕਿਹਾ, ਕਾਕਾ ਇਹ ਮੇਲਾ ਕਿਸ ਵਾਸਤੇ ਅੱਜ ਤਾਂ ਕੋਈ ਦੀਵਾਲੀ ਨਹੀਂ, ਹਾਲੇ ਹਫਤਾ ਪਹਿਲਾਂ ਦੀਵਾਲੀ ਹੋ ਹਟੀ ਹੈ, ਅੱਜ ਇੰਨੀ ਰੌਣਕ? ਉਸਨੇ ਝੱਟ ਜਵਾਬ ਦਿੱਤਾ, ਅੰਕਲ ਜੀ! ਇਹ ਦੀਵਾਲੀ ਨਹੀਂ ਮਨਾਉਂਦੇ, ਇਹ ਤਾਂ ਸਨਿਚਰ ਦੇਵਤੇ ਨੂੰ ਮਨਾ ਰਹੇ ਹਨ। ਮੈਂ ਕਿਹਾ ਕਾਕਾ ਜੀ ਇੰਨੇ ਸਿੱਖ ਇੱਥੇ ਇਹ ਸਨਿਚਰ ਦੇਵਤੇ ਨੂੰ ਮਨਾਉਣ ਵਾਸਤੇ ਆਏ ਹੋਏ ਹਨ। ਤੇ ਮੇਰੀ ਸਮਝ ਵਿਚ ਇਹ ਕਹਿ ਰਿਹਾ ਸੀ ਕਿ ਲੋਕਾਂ ਦਾ ਕੁਝ ਵਿਗੜ ਜਾਵੇ ਤਾਂ ਪਾਂਧੇ ਪੰਡਤਾਂ ਕੋਲ ਜਾ ਕੇ ਕੁਝ ਔਹੜ ਪੌਹੜ ਪੁੱਛ ਦੇ ਕਰਦੇ ਹਨ। ਕਦੇ ਨਲੇਰ ਪਾਣੀ ਵਿਚ, ਲਾਲ ਕੱਪੜੇ ਵਿਚ ਬੰਨ੍ਹ ਕੇ ਸੁੱਟ ਦਿੱਤਾ, ਕਦੇ ਸੱਤੇ ਦਾਲਾਂ ਇਕੱਠੀਆਂ ਕਰਕੇ ਸੁੱਟ ਦਿੱਤੀਆਂ ਤੇ ਕਦੇ ਇਸ ਤਰ੍ਹਾਂ ਦੀ ਹੋਰ ਖੇਹ-ਸਵਾਹ!

ਅਗਲੇ ਸਨਿਚਰਵਾਰ ਮੈਂ ਸ਼ਿਮਲੇ ਜਾਣ ਲਈ ਨਵਾਂ ਸ਼ਹਿਰ ਤੋਂ ਬੱਸ ਲਈ ਤਾਂ ਵੇਖਿਆ, ਥੱਲੇ ਜਾ ਕੇ ਸਤਲੁਜ ਦਰਿਆ ਵਿਚ ਜਿੱਥੇ ਪਾਣੀ ਤਾਂ ਜ਼ਿਆਦਾ ਨਹੀਂ, ਉਥੇ ਵੀ ਲਾਲ ਚਿੱਟੇ ਕੱਪੜਿਆਂ ਦੇ ਹਜ਼ਾਰਾਂ ਹੀ ਟੁਕੜੇ ਪਏ ਹਨ ਤੇ ਲੋਕ ਥੱਲੇ ਉਤਰ ਕੇ ਦੀਵੇ ਵੀ ਜਗਾ ਰਹੇ ਹਨ, ਦਿਨੇ ਹੀ ਕੁਝ ਉਪਰੋਂ ਹੀ ਕੁਝ ਥੱਲੇ ਸੁੱਟੀ ਜਾਂਦੇ ਸਨ। ਅੱਗੇ ਲੰਘ ਕੇ ਰੋਪੜ ਵਿਚ ਬੜੀ ਵੱਡੀ ਨਹਿਰ ਹੈ। ਉਥੇ ਵੀ ਉਹ ਮੇਲਾ ਲੱਗਿਆ ਹੋਇਆ ਵੇਖ ਕੇ ਮੈਂ ਤੁਰੰਤ ਸਮਝ ਗਿਆ ਕਿ ਰੋਪੜ ਦੇ ਲੋਕ ਵੀ ਸਨਿਚਰ ਦੇਵਤੇ ਤੋਂ ਬਹੁਤ ਹੀ ਤੰਗ ਹੋਣਗੇ ਜੋ ਅੱਜ ਛੁੱਟੀ ਮਨਾਉਣ ਦੀ ਬਜਾਏ ਸਨਿਚਰਵਾਰ ਨੂੰ ਪਾਣੀਆਂ ਵਿਚ ਤਾਰੀਆਂ ਲਾਉਣ ਨੂੰ ਤਿਆਰ ਹੋਏ ਪਏ ਹਨ। ਪਾਂਧੇ ਪੰਡਤਾਂ ਨੇ ਲੋਕਾਂ ਨੂੰ ਕੰਮ ਕਰਨ ਲਾ ਦਿੱਤਾ। ਉਹ 8 ਘੰਟੇ ਦੀ ਰੋਟੀ ਕਮਾ ਕੇ ਚੰਗਾ ਗੁਜ਼ਾਰਾ ਕਰ ਸਕਦੇ ਹਨ ਪਰ ਇਹਨਾਂ ਚੱਕਰਾਂ ਵਿਚ ਉਹ ਪਤਾ ਨਹੀਂ ਕਿੰਨੇ ਕਿੰਨੇ ਘੰਟੇ ਖਰਾਬ ਕਰਦੇ ਹਨ।

ਦੂਸਰੇ ਦਿਨ ਜਦੋਂ ਵਾਪਸ ਆਏ ਤਾਂ ਵੇਖਿਆ ਚੰਡੀਗੜ੍ਹ ਤੋਂ ਨਵਾਂ ਸ਼ਹਿਰ ਦੇ ਰਸਤੇ ਵਿਚ ਇਕ ਚੌਂਕ ਵਿਚ ਘੜਾ ਭੱਜਾ ਪਿਆ ਹੈ, ਨਾਲ ਕੁਝ ਦਾਲ ਜਿਹੀ ਸੁੱਟੀ ਪਈ ਹੈ। ਮੇਰੇ ਸਾਹਮਣੇ ਬੈਠੀ ਸਵਾਰੀ ਕਹਿੰਦੀ, ਇਹ ਚੌਂਕ ਵਿਚ ਕਿਸੇ ਨੇ ਟੂਣਾ ਕੀਤਾ ਹੋਇਆ ਹੈ। ਇਹ ਹਾਲਾਤ ਵੇਖ ਕੇ ਮੈਨੂੰ ਪੰਜਾਬੀਆਂ ਤੇ ਤਰਸ ਆਉਣ ਲੱਗ ਪਿਆ। ਕੰਮਕਾਰ ਛੱਡ ਕੇ ਕਿਵੇਂ ਢਕਵੰਜ ਕਰਨ ਲੱਗ ਪਏ ਹਨ। ਉਹਨਾਂ ਨੂੰ ਸ਼ਾਇਦ ਲੱਗਣ ਲੱਗ ਪਿਆ ਹੋਵੇਗਾ ਕਿ ਸ਼ਾਇਦ ਇਕ ਲਾਲ ਕੱਪੜਾ ਇਕ ਦੀਵਾ ਜਗਾਉਣ ਨਾਲ ਦੁੱਖਾਂ ਦਾ ਨਾਸ਼ ਹੋ ਜਾਂਦਾ ਹੋਵੇਗਾ ਤੇ ਸਨਿਚਰ ਦੇਵਤਾ ਉਹਨਾਂ ਤੇ ਰਹਿਮ ਕਰ ਦੇਵੇਗਾ। ਅਸਲ ਵਿਚ ਉਹ "ਵਿਹਲੜ ਮਨ ਸ਼ੈਤਾਨ ਦੀ ਟੂਟੀ'' ਵਾਂਗ ਦਿਮਾਗ ਚਲਾਉਂਦੇ ਹਨ, ਉਹਨਾਂ ਨੂੰ ਲੱਗਦਾ ਹੈ ਕਿ ਕਰਨਾ ਕੁਝ ਨਾ ਪਵੇ ਤੇ ਮੋਟੀਆਂ ਰਕਮਾਂ ਦਾ ਮੀਂਹ ਪੈਣ ਲੱਗ ਪਵੇ। ਹੱਦ ਤਾਂ ਉਦੋਂ ਹੋਈ ਜਿਸ ਦਿਨ ਸਨਿਚਰਵਾਰ ਨੂੰ ਹੀ ਮੈਂ ਵਾਪਸ ਆ ਰਿਹਾ ਸੀ।

ਅਸੀਂ ਫਗਵਾੜਾ ਤੋਂ ਇੰਡੋ ਕਨੇਡੀਅਨ ਬੱਸ ਵਿਚ ਬੈਠੇ ਤੇ ਉਹ ਬੱਸ 4-30 ਕੁ ਸਾਢੇ ਚਾਰ ਕੁ ਵਜੇ ਸਰਹਿੰਦ ਨਹਿਰ ਤੇ ਪਹੁੰਚੀ। ਉਥੇ ਲੱਗਾ ਮੇਲਾ ਵੇਖ ਕੇ ਤਾਂ ਦਿਮਾਗ ਨੂੰ ਸੋਚਣ ਸਮਝਣ ਵਿਚ ਦੇਰ ਹੀ ਨਹੀਂ ਲੱਗੀ ਕਿ ਇਹ ਸਾਰਾ ਲਾਣਾ ਸਨਿਚਰ ਦੇਵਤੇ ਨੂੰ ਹੀ ਮਨਾਉਣ ਆਇਆ ਹੋਇਆ ਹੈ।

ਉਥੇ ਬਹੁਤ ਹੀ ਵਧੀਆ ਨਹਿਰ ਦੇ ਉਪਰ ਰੈਸਟੋਰੈਂਟ ਬਣਿਆ ਹੋਇਆ ਹੈ ਜੋ 1976 ਤੋਂ ਪਹਿਲਾਂ ਦਾ ਬਣਿਆ ਹੋਇਆ ਹੈ। ਉਸ ਰੈਸਟੋਰੈਂਟ ਵਿਚ ਮੈਂ 1976 ਵਿਚ ਐਮ. ਏ. ਕਰਦਾ ਹੋਇਆ ਜਲੰਧਰੋਂ-ਚੰਡੀਗੜ੍ਹ ਟੂਰ ਤੇ ਜਾਂਦੇ ਹੋਏ ਰੁਕ ਕੇ ਚਾਹ ਪੀ ਕੇ ਗਏ ਸੀ। ਅੱਜ ਦਾ ਮੇਲਾ ਵੇਖ ਕੇ ਮੈਂ ਇੰਨਾ ਕੁ ਹੀ ਸੋਚ ਸਕਿਆ ਕਿ ਇਹ ਰੈਸਟੋਰੈਂਟ ਤਾਂ ਹੁਣ ਬੰਦ ਹੀ ਹੋਇਆ ਸਮਝੋ ਕਿਉਂਕਿ ਸਨਿਚਰ ਦੇਵਤੇ ਨੂੰ ਮਨਾਉਣ ਵਾਲੇ ਜ਼ਿਆਦਾ ਹਨ। ਚਾਹ ਪਾਣੀ ਪੀਣ ਵਾਲੇ ਘੱਟ ਹਨ। ਉਹ ਯਾਰੋ! ਇਹਨਾਂ ਲੋਕਾਂ ਨੂੰ ਕੋਈ ਸਮਝਾਓ। ਇਸ ਪਾਣੀ ਵਿਚ ਦੀਵੇ ਵਿਚ ਪਿਆ ਤੇਲ ਜ਼ਰੂਰ ਘੁਲ ਜਾਵੇਗਾ ਤੇ ਇਹ ਪਾਣੀ ਜੋ ਪੰਜਾਬ ਦਾ ਮਿੱਠਾ ਪਾਣੀ ਕਹਾਉਂਦਾ ਹੈ, ਗੰਧਲਾ ਹੋ ਜਾਵੇਗਾ। ਲੋਕਾਂ ਨੂੰ ਇਹ ਸ਼ਾਇਦ ਪੀਣ ਦੀ ਲੋੜ ਪਈ ਹੋਵੇ ਜਾਂ ਖੇਤਾਂ ਵਾਸਤੇ ਹੋਵੇ ਜਾਂ ਘਰਾਂ ਦੇ ਵਰਤਣ ਲਈ ਹੋਵੇ। ਉਹ ਤੁਸੀਂ ਸਮਝਦੇ ਕਿਉਂ ਨਹੀਂ। ਪੜ੍ਹੇ-ਲਿਖੇ ਪੰਜਾਬ ਨੂੰ ਲੋਕਾਂ ਦੀਆਂ ਇਹ ਲੂੰਬੜ ਚਾਲਾਂ ਨੇ ਗਰਕਣ ਵੱਲ ਧਕੇਲ ਆਪ ਬਰਬਾਦ ਤੇ ਹੋ ਗਏ ਹਨ ਤੇ ਹੁਣ ਗੁਆਂਢੀ ਰਾਜਾਂ ਨੂੰ ਇਸ ਨਰਕ ਵੱਲ ਧੱਕ ਦੇਣਗੇ। ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਕੰਮਕਾਰ ਕਰਨ ਦੇ ਮਨ ਬਣਾ ਲਓ, ਇਹ ਹੱਡ-ਹਰਾਮੀਆਂ ਵਾਲੀ ਜ਼ਿੰਦਗੀ ਛੱਡ ਦਿਓ। ਕੋਈ ਕੰਮ-ਕਿੱਤਾ ਕਰੋ ਤਾਂ ਕਿ ਪੰਜਾਬ ਫਿਰ ਤੋਂ ਦੁਨੀਆਂ ਦਾ ਇਕ ਚੰਗਾ ਰਾਜ ਬਣ ਸਕੇ, ਜੇ ਤੁਸੀਂ 2500 ਸਾਲ ਪਿੱਛੇ ਨੂੰ ਮੁੜ ਕੇ ਇਹੀ ਕੁਝ ਕਰਨ ਲੱਗ ਪਓਗੇ, ਫਿਰ ਦਿਨ ਦੂਰ ਨਹੀਂ ਹਨ, ਜਦੋਂ ਤੁਸੀਂ ਬਰਬਾਦੀ ਦੇ ਕੰਢੇ ਤੋਂ ਤਿਲਕ ਜਾਵੋਗੇ, ਜਿਵੇਂ ਹੜ੍ਹ ਆਉਣ ਤੇ ਨਦੀ ਕਿਨਾਰੇ ਖੜ੍ਹੇ ਦਰੱਖਤ ਪਹਿਲੇ ਝਟਕੇ ਵਿਚ ਨਦੀ ਨਾਲ ਵਹਾ ਕੇ ਲੈ ਜਾਂਦੇ ਹਨ। ਇਹਨਾਂ ਸਨਿਚਰ ਦੇਵਤਾਵਾਂ ਨੇ ਕੁਝ ਨਹੀਂ ਕਰਨਾ, ਤੁਸੀਂ ਕੰਮ ਕਰਕੇ ਵੇਖੋ, ਪੁਰਾਣੇ ਬਜ਼ੁਰਗਾਂ ਵਾਂਗ ਘਿਓ-ਦੁੱਧ ਵੀ ਪੱਚ ਜਾਵੇਗਾ ਤੇ ਨਾਲ ਹੀ ਰੱਜ ਕੇ ਵਾਹ ਵੀ ਸਕੋਗੇ ਤਾਂ ਖਾ ਵੀ ਸਕੋਗੇ।

ਪੰਜਾਬ ਨੂੰ ਖੁਸ਼ਹਾਲ ਕਰਨ ਲਈ ਕੁਝ ਕਰੋ ਨਹੀਂ ਰੱਬ ਈ ਬੇਲੀ ਐ।

## ਸੰਪਾਦਕ ਦੇ ਨਾਂ ਖ਼ਤ

**ਤਰਨਤਾਰਨ- ਦਸੰਬਰ 6, 2013**
**ਭਾਈ ਸਾਹਿਬ-**

ਤੁਹਾਡੇ ਪਿਛਲੇ ਹਫਤੇ ਦੇ ਲੇਖ ਨੇ ਜਿਸ ਵਿਚ ਤੁਸੀਂ ਆਪਣੇ ਪਿੰਡ ਜਾਣ ਬਾਰੇ ਲਿਖਿਆ ਸੀ, ਦਿਲ ਨੂੰ ਬਹੁਤ ਹੀ ਟੁੰਬਿਆ। ਤੁਹਾਡੇ ਵਰਗੇ ਹੋਰ ਵੀ ਕਈ ਪੁੱਤਰ ਜ਼ਰੂਰ ਹੋਣਗੇ ਜੋ ਆਪਣੇ ਲੰਘ ਗਏ ਵਕਤ ਨੂੰ ਹੁਣ ਫੜਨਾ ਚਾਹੁੰਦੇ ਹੋਣਗੇ। ਮੈਂ ਇਹ ਵੀ ਜਾਣਦੀ ਹਾਂ ਕਿ ਕਈ ਧੀਅ-ਪੁੱਤਰ ਹਨ ਜੋ ਆਪਣੇ ਮਾਂ-ਬਾਪ ਲਈ ਨਹੀਂ ਕੁਝ ਕਰ ਸਕੇ। ਮੇਰੀ ਰਾਏ ਅਨੁਸਾਰ ਜਿਹੜਾ ਸਮਾਂ ਲੰਘ ਗਿਆ, ਉਹ ਤਾਂ ਮੁੜ ਕੇ ਵਾਪਸ ਨਹੀਂ ਆਉਣਾ।

ਤੁਸੀਂ ਇਕ ਚੰਗਾ ਸੁਨੇਹਾ ਪੰਜਾਬੀਆਂ ਵਿਚ ਫੈਲਾ ਰਹੇ ਹੋ ਕਿ ਜਿਹੜੇ ਪੁੱਤਰ ਆਪਣੇ ਮਾਂ-ਬਾਪ ਪ੍ਰਤੀ ਆਪਣਾ ਫਰਜ਼ ਨਹੀਂ ਪਛਾਣਦੇ। ਤੁਸੀਂ ਉਹਨਾਂ ਨੂੰ ਸੁਚੇਤ ਕਰ ਰਹੇ ਹੋ। ਮਾਂ ਬਾਪ ਦੇ ਜਾਣ ਮਗਰੋਂ ਜਿਹੜੇ ਪੁੱਤਰ ਦੁੱਖ ਵਿਚ ਰਹਿੰਦੇ ਹਨ, ਜਿਹਨਾਂ ਨੇ ਮਾਂ-ਬਾਪ ਦੀ ਸੇਵਾ ਨਹੀਂ ਕੀਤੀ, ਇਹ ਤੁਹਾਡੀ ਕਮਿਊਨਿਟੀ ਪ੍ਰਤੀ ਬਹੁਤ ਸ਼ਲਾਘਾ ਯੋਗ ਉਦਮ ਹੈ। ਭਾਵੇਂ ਮਾਂ-ਬਾਪ ਦਾ ਬਦਲ ਕੋਈ ਨਹੀਂ। ਜਿਹੜੇ ਆਪਣੇ ਮਾਂ ਬਾਪ ਦਾ ਖਿਆਲ ਨਹੀਂ ਰੱਖਦੇ, ਕਦੇ ਖੁਸ਼ ਨਹੀਂ ਰਹਿ ਸਕਦੇ

**ਪਿਆਰ ਸਹਿਤ**
**ਬੀਬੀ ਆਸਵੰਤ ਕੌਰ**
**ਗਿੱਲ ਫਾਰਮ, ਤਰਨਤਾਰਨ, ਦੀਨੇਵਾਲ, ਪੰਜਾਬ**

ਪਹਿਲੇ ਸਫੇ ਦੀ ਬਾਕੀ

## ਮਿੱਥੇ ਸਮੇਂ ਤੋਂ ਪਹਿਲਾਂ ਨਹੀਂ ਹੋ ਸਕਦੀਆਂ ਭਾਰਤ ਵਿਚ ਲੋਕ ਸਭਾ ਚੋਣਾਂ

ਪੂਰਾ ਕਰਨ ਦੀ ਕੋਸ਼ਿਸ਼ ਕਰੇਗੀ। ਕਾਂਗਰਸ ਜਾਣਦੀ ਹੈ ਕਿ ਇਸ ਵਾਰ ਉਸ ਨੂੰ ਦੁਬਾਰਾ ਸੱਤਾ ਵਿਚ ਆਉਣ ਦਾ ਮੌਕਾ ਨਹੀਂ ਮਿਲਣ ਵਾਲਾ, ਇਸ ਕਰਕੇ ਉਹ ਹੁਣ ਲੋਕ ਸਭਾ ਚੋਣਾਂ ਦੀ ਕਾਹਲੀ ਨਹੀਂ ਕਰੇਗੀ, ਬਲਕਿ ਸਮੇਂ ਦਾ ਇੰਤਜ਼ਾਰ ਕਰੇਗੀ।

ਇੱਧਰ ਭਾਰਤੀ ਜਨਤਾ ਪਾਰਟੀ ਜਿਹੜੀ ਮੁਲਕ ਵਿਚ ਆਪਣੇ ਪੱਖ ਵਿਚ ਹਵਾ ਚੱਲ ਰਹੀ ਮਹਿਸੂਸ ਕਰਦੀ ਹੈ, ਇਹ ਵੀ ਜਾਣਦੀ ਹੈ ਕਿ ਉਹ ਖੇਤਰੀ ਪਾਰਟੀਆਂ ਦੇ ਸਹਿਯੋਗ ਤੋਂ ਬਿਨਾਂ ਦਿੱਲੀ ਦੇ ਤਖਤ ਤੇ ਨਹੀਂ ਬੈਠ ਸਕਦੀ। ਉਸ ਦਾ ਆਧਾਰ ਹਾਲੇ ਵੀ ਹਿੰਦੀ ਭਾਸ਼ੀ ਖੇਤਰਾਂ ਵਿਚ ਹੀ ਜ਼ਿਆਦਾ ਹੈ। ਉਤਰ ਪ੍ਰਦੇਸ਼ ਵਿਚ ਮੁਲਾਇਮ ਸਿੰਘ ਦੀ ਸਪਾ ਅਤੇ ਬਸਪਾ ਉਸ ਨੂੰ ਖੋਰਾ ਲਗਾਉਣ ਲਈ ਤਿਆਰ ਬੈਠੀਆਂ ਹਨ, ਬਿਹਾਰ ਵਿਚ ਨਿਤੀਸ਼ ਕੁਮਾਰ ਦੀ ਸਰਕਾਰ ਨੇ ਆਪਣਾ ਅਕਸ ਸਾਫ ਸੁਥਰਾ ਬਣਾਇਆ ਹੋਇਆ ਹੈ।

ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਦਿੱਲੀ, ਗੁਜਰਾਤ, ਮਹਾਂਰਾਸ਼ਟਰ, ਕਰਨਾਟਕ ਦੇ ਸਹਾਰੇ ਭਾਰਤੀ ਜਨਤਾ ਪਾਰਟੀ ਨੂੰ ਸੱਤਾ ਨਹੀਂ ਮਿਲਣ ਲੱਗੀ। ਇਹਨਾਂ ਸੂਬਿਆਂ ਵਿਚ 200 ਦੇ ਕਰੀਬ ਲੋਕ ਸਭਾ ਸੀਟਾਂ ਤਾਂ ਹਨ ਪਰ ਇਹਨਾਂ ਵਿਚੋਂ 50-60 ਹੋਰ ਪਾਰਟੀਆਂ ਨੂੰ ਵੀ ਮਿਲਣਗੀਆਂ।

ਪੰਜਾਬ ਵਿਚ ਇਕ ਦੋ ਸੀਟ, ਜੰਮੂ-ਕਸ਼ਮੀਰ ਵਿਚੋਂ ਇਕ ਦੋ ਸੀਟ, ਹਿਮਾਚਲ ਵਿਚੋਂ ਵੀ ਇਹੀ ਸਥਿਤੀ ਹੈ, ਬਿਹਾਰ ਵਿਚੋਂ ਵੀ ਭਾਜਪਾ ਨੂੰ ਕੁਝ ਸੀਟਾਂ ਮਿਲ ਸਕਦੀਆਂ ਹਨ ਪਰ ਕੁੱਲ ਅੰਕੜਾ 175 ਤੋਂ ਉਪਰ ਜਾਣ ਵਾਲਾ ਨਜ਼ਰ ਨਹੀਂ ਆਉਂਦਾ। ਇੰਨੀਆਂ ਸੀਟਾਂ ਦੇ ਬਾਵਜੂਦ ਵੀ ਭਾਜਪਾ ਨੂੰ ਸਰਕਾਰ ਬਣਾਉਣ ਲਈ 100 ਤੋਂ ਜ਼ਿਆਦਾ ਸਾਂਸਦਾਂ ਦੀ ਜ਼ਰੂਰਤ ਹੋਵੇਗੀ, ਪਰ ਸ਼ਿਵ ਸੈਨਾ ਅਤੇ ਅਕਾਲੀ ਦਲ ਤੋਂ ਇਲਾਵਾ ਭਾਜਪਾ ਕੋਲ ਕੋਈ ਸਹਿਯੋਗੀ ਨਹੀਂ ਹੈ। ਇਹ ਦੋਵੇਂ ਪਾਰਟੀ 10 ਤੋਂ ਜ਼ਿਆਦਾ ਸੀਟਾਂ ਦਾ ਯੋਗਦਾਨ ਨਹੀਂ ਪਾ ਸਕਦੇ। ਜਿੱਥੋਂ ਤੱਕ ਤੀਜੇ ਮੋਰਚੇ ਦਾ ਸਬੰਧ ਹੈ, ਉਤਰ ਪ੍ਰਦੇਸ਼ ਵਿਚ ਮੁਲਾਇਮ ਸਿੰਘ ਯਾਦਵ ਅਤੇ ਬਸਪਾ ਚੰਗੀਆਂ ਸੀਟਾਂ ਪ੍ਰਾਪਤ ਕਰਨ ਦੀ ਆਸ ਵਿਚ ਬੈਠੇ ਹਨ। ਮੁਲਾਇਮ ਸਿੰਘ ਨੂੰ ਜੇਕਰ ਪਿਛਲੀ ਲੋਕ ਸਭਾ ਵਾਂਗ 40 ਦੇ ਕਰੀਬ ਸੀਟਾਂ ਮਿਲ ਜਾਂਦੀਆਂ ਹਨ ਤਾਂ ਉਹ ਤੀਜੇ ਮੋਰਚੇ ਦਾ ਗਠਨ ਕਰਨ ਦੀ ਕੋਸ਼ਿਸ਼ ਕਰਨਗੇ।

ਉਹਨਾਂ ਨੂੰ ਕਾਂਗਰਸ ਵੀ ਹਮਾਇਤ ਦੇ ਸਕਦੀ ਹੈ, ਕਾਮਰੇਡ ਵੀ, ਦੱਖਣ ਦੀਆਂ ਪਾਰਟੀਆਂ ਸਮੇਤ ਜਨਤਾ ਦਲ ਵੀ ਹਮਾਇਤ ਕਰ ਦੇਵੇਗਾ। ਜੇਕਰ ਕਾਂਗਰਸ ਨੂੰ 150 ਸੀਟਾਂ ਤੋਂ ਘੱਟ ਮਿਲੀਆਂ ਤਾਂ ਉਹ ਸਰਕਾਰ ਨਹੀਂ ਬਣਾਵੇਗੀ ਬਲਕਿ ਬਾਹਰੋਂ ਹਮਾਇਤ ਕਰਨ ਦੀ ਕੋਸ਼ਿਸ਼ ਕਰੇਗੀ। ਅਜਿਹੀ ਹਾਲਤ ਵਿਚ 15ਵੀਂ ਲੋਕ ਸਭਾ ਦਾ ਕਾਰਜਕਾਲ ਜ਼ਿਆਦਾ ਲੰਮੇ ਸਮੇਂ ਦਾ ਨਹੀਂ ਹੋਵੇਗਾ।

TAJ- E- CHAAT

Special

ਸਮੋਸਾ ਪਲੇਟ
ਪਾਪੜੀ ਚਾਟ
ਆਲੂ ਟਿੱਕੀ
ਵੈਜ ਮਿਕਸ ਪਕੌੜਾ
ਪਨੀਰ ਪਕੌੜਾ
ਆਲੂ ਟਿੱਕੀ ਚਾਟ
ਛੋਲੇ ਭਟੂਰੇ
ਮੈਂਗੋ ਲੱਸੀ
ਮਿੱਠੀ ਲੱਸੀ
ਨਮਕੀਨ ਲੱਸੀ

ਪਿਆਜ਼ ਨਾਨ
ਅਦਰਕ ਨਾਨ
ਮੂਲੀ ਪਰੌਂਠਾ
ਤੰਦੂਰੀ ਰੋਟੀ
ਵੈਜੀਟੇਬਲ ਰੈਪ
ਗੋਟ ਕਰੀ
ਚਿਕਨ ਕਰੀ
ਤੰਦੂਰੀ ਚਿਕਨ ਟਿੱਕਾ
ਗੋਟ ਬਿਰਿਆਨੀ
ਚਿਕਨ ਬਿਰਿਆਨੀ

TANDOORI NAAN







$14.99 ਦਾ Food ਲੈਣ ਤੇ ਇਕ Movie ਮੁਫਤ ਦਿੱਤੀ ਜਾਵੇਗੀ

Sur Sangeet
DVD, Movie, CD's:-
Punjabi, Hindi, Tamil, Telugu, Malayalam
For Rent or to Buy



Punjabi Music Group
Dholl & other Musician & Tabla Vadic
For Wedding, Stage Event, Reception, Religious Events or any kind of events



Jawala Singh
510-378-7690,

Sunny Singh
510- 648-0084



39497 Fremont Blvd.
Fremont, CA 94538

510-226-8081

# ਹੁਣ ਤੱਕ ਹੋਏ ਕਬੱਡੀ ਵਿਸ਼ਵ ਕੱਪਾਂ 'ਤੇ ਪਿਛਲਝਾਤ

**– ਪ੍ਰਿੰ. ਸਰਵਣ ਸਿੰਘ**

ਪਹਿਲੇ ਵਿਸ਼ਵ ਕੱਪ ਦੇ ਫਾਈਨਲ ਮੈਚ ਵਿਚ ਭਾਰਤੀ ਟੀਮ ਨੇ ਪਾਕਿਸਤਾਨੀ ਟੀਮ ਨੂੰ 58-24 ਅੰਕਾਂ ਨਾਲ ਹਰਾਇਆ ਸੀ। ਦੂਜੇ ਕੱਪ ਦੇ ਫਾਈਨਲ ਵਿਚ ਕੈਨੇਡੀਅਨ ਟੀਮ ਨੂੰ 59-25 ਅੰਕਾਂ ਨਾਲ ਹਰਾਇਆ ਤੇ ਤੀਜੇ ਕੱਪ ਵਿਚ ਪਾਕਿਸਤਾਨ ਦੀ ਟੀਮ ਨੂੰ ਫਿਰ 59-22 ਅੰਕਾਂ ਦੇ ਵੱਡੇ ਫਰਕ ਨਾਲ ਹਰਾਇਆ। ਦੇਸ਼-ਵਿਦੇਸ਼, ਖਾਸ ਕਰਕੇ ਪਾਕਿਸਤਾਨ ਦੇ ਦਰਸ਼ਕ ਵੱਡੀ ਗਿਣਤੀ ਵਿਚ ਟੀ. ਵੀ. ਨਾਲ ਰਹੇ ਕਿ ਵੇਖੀਏ ਪਾਕਿਸਤਾਨ ਭਾਰਤ ਨੂੰ ਹਰਾਉਂਦਾ ਜਾਂ ਨਹੀਂ?

2010 ਵਿਚ ਪਹਿਲੇ ਕਬੱਡੀ ਵਿਸ਼ਵ ਕੱਪ ਵਿਚ 9 ਟੀਮਾਂ ਨੇ 20 ਮੈਚ ਖੇਡੇ ਪਰ ਕਾਂਟੇਦਾਰ ਮੈਚ ਕੇਵਲ 2 ਹੀ ਹੋਏ। ਅੰਮ੍ਰਿਤਸਰ ਵਿਚ ਖੇਡਿਆ ਇਟਲੀ ਤੇ ਅਮਰੀਕਾ ਦਾ ਮੈਚ ਸਭ ਤੋਂ ਫਸਵਾਂ ਰਿਹਾ, ਜੋ ਇਟਲੀ ਨੇ 45-43 ਅੰਕਾਂ ਨਾਲ ਜਿੱਤਿਆ। ਇਕ ਮੈਚ ਵਿਚ ਇਟਲੀ ਨੇ ਆਸਟ੍ਰੇਲੀਆ ਨੂੰ 47-43 ਅੰਕਾਂ ਨਾਲ ਜਿੱਤਿਆ। ਇਕ ਮੈਚ ਵਿਚ ਇਟਲੀ ਨੇ ਆਸਟ੍ਰੇਲੀਆ ਨੂੰ 47-43 ਅੰਕਾਂ ਨਾਲ ਹਰਾਇਆ। 2011 ਦੇ ਦੂਜੇ ਕੱਪ ਵਿਚ 14 ਮੁਲਕਾਂ ਦੀਆਂ ਟੀਮਾਂ ਨੇ 44 ਮੈਚ ਖੇਡੇ ਪਰ ਗਹਿਗੱਚਵਾਂ ਮੈਚ ਪਾਕਿਸਤਾਨ ਬਨਾਮ ਅਮਰੀਕਾ ਦਾ ਹੀ ਹੋਇਆ ਜੋ ਅਮਰੀਕਾ ਦੀ ਟੀਮ ਨੇ 43-41 ਅੰਕਾਂ ਨਾਲ ਜਿੱਤਿਆ। ਬਰਾਬਰ ਦਾ ਇਕ ਹੋਰ ਮੈਚ ਪਾਕਿਸਤਾਨ ਬਨਾਮ ਕੈਨੇਡਾ ਵਿਚਕਾਰ ਹੋਇਆ ਜੋ ਕੈਨੇਡਾ ਨੇ ਜਿੱਤਿਆ। 2012 ਦੇ ਤੀਜੇ ਕੱਪ ਵਿਚ ਮਰਦਾਂ ਦੀਆਂ ਟੀਮਾਂ ਭਾਵੇਂ 15 ਸਨ ਪਰ ਮੈਚ 25 ਹੀ ਖੇਡੇ ਗਏ। ਉਹਨਾਂ ਵਿਚੋਂ ਅਮਰੀਕਾ ਤੇ ਇਰਾਨ ਦਾ ਮੈਚ ਕਾਂਟੇਦਾਰ ਹੋਇਆ ਜੋ ਈਰਾਨ ਦੀ ਟੀਮ ਨੇ 45-41 ਅੰਕਾਂ ਨਾਲ ਜਿੱਤਿਆ। ਈਰਾਨ ਬਨਾਮ ਕੈਨੇਡਾ ਦਾ ਮੈਚ ਪਹਿਲਾਂ ਹੋਣ ਦੀ ਆਸ ਸੀ ਪਰ ਉਹ ਮੀਂਹ ਵਿਚ ਭਿੱਜ ਗਿਆ, ਜੋ ਕੈਨੇਡਾ ਨੇ 51-35 ਅੰਕਾਂ ਨਾਲ ਜਿੱਤਿਆ।



ਭਾਰਤੀ ਟੀਮ ਇੰਗਲੈਂਡ ਦੀ ਟੀਮ ਨੂੰ 57-28, ਅਫ਼ਗਾਨਿਸਤਾਨ ਨੂੰ 73-23 ਅੰਕਾਂ ਨਾਲ ਹਰਾ ਕੇ ਫਾਈਨਲ ਵਿਚ ਪੁੱਜੀ ਸੀ ਜੋ ਉਸ ਨੇ 59-22 ਅੰਕਾਂ ਨਾਲ ਜਿੱਤਿਆ। ਲੜਕੀਆਂ ਦੀਆਂ 7 ਟੀਮਾਂ ਦੇ 13 ਮੈਚ ਸਨ ਪਰ ਕਾਂਟੇਦਾਰ ਮੈਚ ਇਕ ਅੱਧਾ ਹੀ ਹੋ ਸਕਿਆ। ਭਾਰਤ ਤੇ ਭਾਰਤੀ ਕੁੜੀਆਂ ਨਾਲ ਲੈਸ ਮਲੇਸ਼ੀਆ ਦੀਆਂ ਟੀਮਾਂ ਇੰਨੀਆਂ ਤਕੜੀਆਂ ਸਨ ਕਿ ਹੋਰ ਟੀਮਾਂ ਉਹਨਾਂ ਦੇ ਪਾ-ਪਾਸਕ ਵੀ ਨਹੀਂ ਸਨ। ਸਿਰਫ ਇੰਗਲੈਂਡ ਅਤੇ ਡੈਨਮਾਰਕ ਦੀਆਂ ਗੋਰੀਆਂ ਦਾ ਮੈਚ ਹੀ ਮੁਕਾਬਲੇ ਦਾ ਹੋ ਸਕਿਆ ਜੋ ਡੈਨਮਾਰਕ ਨੇ 16-28 ਅੰਕਾਂ ਨਾਲ ਜਿੱਤਿਆ। ਭਾਰਤ ਦੀ ਟੀਮ ਡੈਨਮਾਰਕ ਨੂੰ 60-17, ਕੈਨੇਡਾ ਨੂੰ 62-16, ਇੰਗਲੈਂਡ ਨੂੰ 56-7 ਤੇ ਮਲੇਸ਼ੀਆ ਨੂੰ 72-12 ਅੰਕਾਂ ਦੇ ਵੱਡੇ ਫਰਕ ਨਾਲ ਹਰਾ ਕੇ ਦੂਜੀ ਵਾਰ ਵਿਸ਼ਵ ਕੱਪ ਜਿੱਤੀ। ਕ੍ਰਿਕਟ ਨੂੰ ਇਸ ਦੇ ਅੰਕੜਿਆਂ ਨੇ ਦਿਲਚਸਪ ਬਣਾਇਆ ਹੈ। ਕਿਸ ਖਿਡਾਰੀ ਨੇ ਕਿੰਨੇ ਵਿਕਟ ਲਏ, ਕਿੰਨੀਆਂ ਦੌੜਾਂ ਬਣਾਈਆਂ, ਕਿੰਨੇ ਚੌਕੇ ਲਾਏ, ਕਿੰਨੇ ਛਿੱਕੇ ਤੇ ਕਿੰਨੇ ਕੈਚ ਲਏ ਦੀ ਗਿਣਤੀ ਕ੍ਰਿਕਟ ਪ੍ਰੇਮੀਆਂ ਦੀ ਦਿਲਚਸਪੀ ਵਿਚ ਵਾਧਾ ਕਰਦੀ ਹੈ। ਕੋਈ ਕਿੰਨੇ ਟੈਸਟ ਮੈਚ ਖੇਡਿਆ, ਕਿੰਨੇ ਇਕ ਰੋਜ਼ਾ, ਕਿੰਨੀਆਂ ਪਾਰੀਆਂ ਤੇ ਕਿੰਨੀ ਵਾਰ ਨਾਟ ਆਊਟ ਰਿਹਾ ਆਦਿ ਦੀ ਗਿਣਤੀ ਕ੍ਰਿਕਟ ਦੀ ਖੇਡ ਦਾ ਰੋਚਕ ਮਸਾਲਾ ਹੈ। ਸਚਿਨ ਤੇਂਦੁਲਕਰ ਕ੍ਰਿਕਟ ਮੈਚ ਤੋਂ ਰਿਟਾਇਰ ਹੋਇਆ ਤਾਂ ਉਸਦੇ ਅੰਕੜਿਆਂ ਦਾ ਪੂਰਾ ਵੇਰਵਾ ਲੋਕਾਂ ਦੇ ਸਾਹਮਣੇ ਸੀ। ਸਾਡੇ ਪਾਸ ਨਾ ਕਬੱਡੀ ਦੀਆਂ ਰੇਡਾਂ ਦਾ ਰਿਕਾਰਡ ਹੈ, ਨਾ ਜੱਫਿਆਂ ਦਾ। ਕਬੱਡੀ ਦੇ ਖਿਡਾਰੀਆਂ ਦਾ ਅਜਿਹਾ ਰਿਕਾਰਡ ਰੱਖਿਆ ਜਾਣਾ ਕਬੱਡੀ ਦੀ ਖੇਡ ਨੂੰ ਹੋਰ ਰੋਚਕ ਬਣਾ ਸਕਦਾ ਹੈ। ਹੁਣ ਕਬੱਡੀ ਦੇ ਵਿਸ਼ਵ ਕੱਪਾਂ 'ਚ ਕਬੱਡੀ ਮੈਚਾਂ ਤੇ ਖਿਡਾਰੀਆਂ ਦੇ ਅੰਕਾਂ ਦਾ ਰਿਕਾਰਡ ਵੇਖਿਆ ਜਾ ਰਿਹੈ। ਇਹ ਅੰਕੜੇ ਕੁਮੈਂਟੇਟਰਾਂ ਤੇ ਖੇਡ ਮਾਹਿਰਾਂ ਵੱਲੋਂ ਟਿੱਪਣੀਆਂ ਕਰਨ ਲਈ ਸਹਾਈ ਹੋ ਸਕਦੇ ਹਨ। ਇਹਨਾਂ ਦਾ ਜ਼ਿਕਰ ਹੁੰਦਾ ਰਹਿਣਾ ਚਾਹੀਦੈ ਤਾਂ ਕਿ ਭਵਿੱਖ ਦੇ ਖਿਡਾਰੀ ਪਹਿਲੇ ਖਿਡਾਰੀਆਂ ਦੇ ਰਿਕਾਰਡ ਨੂੰ ਮਾਤ ਪਾ ਸਕਣ। 2010 ਦੇ ਪਹਿਲੇ ਕਬੱਡੀ ਕੱਪ ਵਿਚ 9 ਟੀਮਾਂ ਨੇ 20 ਮੈਚ ਖੇਡੇ, 1729 ਰੇਡਾਂ ਪਈਆਂ ਤੇ 447 ਜੱਫੇ ਲੱਗੇ। ਇੰਝ ਇਕ ਮੈਚ ਦੇ ਹਿੱਸੇ 86-87 ਰੇਡਾਂ ਤੇ 22-23 ਜੱਫੇ ਆਏ। ਪਾਕਿਸਤਾਨ ਤੇ ਇੰਗਲੈਂਡ ਵਿਚਕਾਰ ਖੇਡੇ ਮੈਚ 'ਚ ਸਿਰਫ 78 ਰੇਡਾਂ ਪਈਆਂ, ਜਦਕਿ ਕੈਨੇਡਾ ਬਨਾਮ ਸਪੇਨ ਦੇ ਮੈਚ ਵਿਚ 94 ਰੇਡਾਂ ਪਾਈਆਂ। ਦੋਹਾਂ ਮੈਚਾਂ ਵਿਚ 21 ਰੇਡਾਂ ਦਾ ਫਰਕ ਸੀ। 2011 ਦੇ ਦੂਜੇ ਕਬੱਡੀ ਕੱਪ ਵਿਚ ਮਰਦਾਂ ਦੀਆਂ 14 ਤੇ ਔਰਤਾਂ ਦੀਆਂ 4 ਟੀਮਾਂ ਸਨ। ਮਰਦਾਂ ਨੇ 44 ਮੈਚ ਖੇਡੇ, ਜਿਹਨਾਂ ਵਿਚ 3687 ਰੇਡਾਂ ਪਈਆਂ ਤੇ 1098 ਜੱਫੇ ਲੱਗੇ। ਰੇਡਾਂ ਦੀ ਔਸਤ 84 ਪਈ ਤੇ ਜੱਫਿਆਂ ਦੀ ਔਸਤ 25 'ਤੇ ਜਾ ਪੁੱਜੀ। ਭਾਰਤ ਤੇ ਅਫ਼ਗਾਨਿਸਤਾਨ ਵਿਚਕਾਰ ਹੋਏ ਮੈਚ ਵਿਚ ਸਿਰਫ 67 ਕਬੱਡੀਆਂ ਪੈ ਸਕੀਆਂ ਪਰ ਅਰਜਨਟੀਨਾ ਬਨਾਮ ਸ਼੍ਰੀਲੰਕਾ ਦੇ ਮੈਚ ਵਿਚ 102 ਰੇਡਾਂ ਪੈ ਗਈਆਂ। ਮੈਚਾਂ ਦੀਆਂ ਰੇਡਾਂ ਦਾ ਫਰਕ 21 ਤੋਂ ਵੱਧ ਕੇ 35 ਹੋ ਗਿਆ ਜੋ ਬਹੁਤ ਜ਼ਿਆਦਾ ਸੀ। 2012 ਦੇ ਤੀਜੇ ਵਿਸ਼ਵ ਕੱਪ ਵਿਚ ਮਰਦਾਂ ਦੀਆਂ 15 ਟੀਮਾਂ ਨੇ 25 ਮੈਚ ਖੇਡੇ, 2194 ਕਬੱਡੀਆਂ ਪਈਆਂ ਜਿਹਨਾਂ ਦੀ ਔਸਤ 88 ਰੇਡਾਂ ਪਈ। ਇਹਨਾਂ ਵਿਚ 701 ਜੱਫੇ ਲੱਗੇ, ਜਿਹਨਾਂ ਦੀ ਔਸਤ 28 ਜੱਫੇ ਬਣਦੀ ਹੈ। ਤੀਜੇ ਕੱਪ ਵਿਚ ਸਭ ਤੋਂ ਘੱਟ ਰੇਡਾਂ ਪਾਕਿਸਤਾਨ ਬਨਾਮ ਸੀਅਰਾ ਲਿਓਨ ਦੇ ਮੈਚ ਵਿਚ ਤੇ ਸਭ ਤੋਂ ਵੱਧ ਭਾਰਤ ਬਨਾਮ ਡੈਨਮਾਰਕ ਦੇ ਮੈਚ ਵਿਚ ਪਈਆਂ, ਜਿਹਨਾਂ ਦੀ ਗਿਣਤੀ 67 ਤੇ 101 ਸੀ। ਕੁੜੀਆਂ ਦੇ ਕੱਪ ਵਿਚ 7 ਟੀਮਾਂ ਸ਼ਾਮਲ ਸਨ, ਜਿਹਨਾਂ ਨੇ 13 ਮੈਚਾਂ ਵਿਚ 914 ਰੇਡਾਂ ਪਾਈਆਂ ਤੇ 360 ਜੱਫੇ ਲਾਏ। ਚੌਥੇ ਕੱਪ ਵਿਚ ਵੇਖਦੇ ਹਾਂ, ਅੰਕੜੇ ਕੀ ਕਹਿੰਦੇ ਹਨ?

**– ਪ੍ਰਿੰ. ਸਰਵਣ ਸਿੰਘ**

## ਪਰਵਾਸ ਦਾ ਨਫ਼ਾ-ਨੁਕਸਾਨ

**ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਖ਼ੁਸ਼ਹਾਲੀ ਅਤੇ ਮੌਜਾਂ ਮਾਰਨ ਬਾਰੇ ਸਾਡੇ ਪ੍ਰਭਾਵ ਜ਼ਿਆਦਾਤਰ ਇੱਕਪਾਸੜ, ਪੇਤਲੇ ਤੇ ਪੱਖਪਾਤੀ ਵਿਸ਼ਲੇਸ਼ਣਾਂ ਦਾ ਹੀ ਨਤੀਜਾ ਨਜ਼ਰ ਆਉਂਦੇ ਹਨ। ਇਹ ਸੱਚ ਹੈ ਕਿ ਪੰਜਾਬੀਆਂ ਨੇ ਆਰਥਿਕ ਖੇਤਰਾਂ, ਰਾਜਨੀਤਕ, ਸਮਾਜਿਕ ਅਤੇ ਵਿੱਦਿਅਕ ਤੇ ਹੋਰ ਖੇਤਰਾਂ ਵਿੱਚ ਮੱਲਾਂ ਮਾਰੀਆਂ ਹਨ ਪਰ ਆਮ ਤੌਰ 'ਤੇ ਇਹ ਸੱਭਿਆਚਾਰਕ, ਪਰਿਵਾਰਕ ਤੇ ਕਦਰਾਂ-ਕੀਮਤਾਂ ਦੀਆਂ ਕੁਰਬਾਨੀਆਂ ਨਾਲ ਹੀ ਸੰਭਵ ਹੋ ਸਕਿਆ ਹੈ।**

ਦੂਜਾ ਪੂਰਬ ਵਿੱਚ ਸਥਿਰਤਾ ਨੂੰ ਅਵਸਰ ਦਾ ਲਾਹਾ ਲੈਣ ਨਾਲੋਂ ਉੱਪਰ ਸਮਝਿਆ ਗਿਆ ਹੈ ਜਦਕਿ ਪੱਛਮ ਵਿੱਚ ਇਸ ਤੋਂ ਉਲਟ ਹੈ। ਇਨ੍ਹਾਂ ਦੋਵਾਂ ਸਿਧਾਂਤਾਂ ਵਿੱਚ ਬਾਕੀ ਭਾਰਤ ਪੂਰਬੀ ਵਿਚਾਰਧਾਰਾ ਦੇ ਜ਼ਿਆਦਾ ਨੇੜੇ ਹੈ ਜਦਕਿ ਪੰਜਾਬ ਪੱਛਮੀ ਸਿਧਾਂਤਾਂ ਦੇ ਜ਼ਿਆਦਾ ਨੇੜੇ ਹੈ। ਇਸ ਪ੍ਰਕਿਰਿਆ ਵਿੱਚ ਹਰੇ ਇਨਕਲਾਬ ਨੇ ਵੀ ਵੱਡੀ ਭੂਮਿਕਾ ਨਿਭਾਈ ਹੈ। ਹਰੇ ਇਨਕਲਾਬ ਨੇ ਪੰਜਾਬ ਦੇ ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂ, ਪੰਜਾਬ ਦੇ ਕਿਰਤ ਸੱਭਿਆਚਾਰ, ਕਦਰਾਂ ਕੀਮਤਾਂ ਤੇ ਸਮਾਜ ਦੀ ਬਣਤਰ ਨੂੰ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ ਹੈ। ਪੰਜਾਬ ਦਾ ਮੌਜੂਦਾ ਵੱਡੇ ਪੱਧਰ ਦਾ ਪਰਵਾਸ ਕਾਫ਼ੀ ਹੱਦ ਤਕ ਪੰਜਾਬ 'ਤੇ ਹਰੇ ਇਨਕਲਾਬ ਦੇ ਨਾਂਹਪੱਖੀ ਪ੍ਰਭਾਵਾਂ ਨਾਲ ਸਬੰਧਤ ਹੈ। 'ਕੀ ਪਰਵਾਸ ਨੇ ਪੰਜਾਬ ਅਤੇ ਪੰਜਾਬੀਆਂ ਦਾ ਕੁਝ ਸੰਵਾਰਿਆ ਹੈ' ਦਾ ਜਵਾਬ ਦੇਣ ਵੇਲੇ ਸਾਨੂੰ ਇਹ ਤੱਥ ਵੀ ਧਿਆਨ ਵਿੱਚ ਰੱਖਣਾ ਪਵੇਗਾ ਕਿ ਪੰਜਾਬ ਵਿੱਚੋਂ ਪਰਵਾਸ ਦੇ ਮੌਜੂਦਾ ਵੱਡੇ ਰੁਝਾਨ ਦੀਆਂ ਜੜ੍ਹਾਂ ਨਾਂਹਪੱਖੀ ਤੱਥਾਂ ਵਿੱਚ ਹਨ। ਆਮ ਤੌਰ 'ਤੇ ਨਾਂਹਪੱਖੀ ਤੱਥਾਂ ਵਿੱਚੋਂ ਹਾਂ-ਪੱਖੀ ਨਤੀਜਿਆਂ ਦੀਆਂ ਸੰਭਾਵਨਾਵਾਂ ਘਟ ਜਾਂਦੀਆਂ ਹਨ। ਕੁਝ ਲੋਕ ਇਹ ਦਲੀਲ ਦੇ ਸਕਦੇ ਹਨ ਕਿ ਪਰਵਾਸ ਹਮੇਸ਼ਾਂ ਹੀ ਨਾਂਹਪੱਖੀ ਤੱਥਾਂ ਤੋਂ ਸ਼ੁਰੂ ਹੁੰਦਾ ਹੈ ਕਿਉਂਕਿ ਘਾਟਾਂ ਤੇ ਲੋੜਾਂ ਹੀ ਪਰਵਾਸ ਦਾ ਕਾਰਨ ਬਣਦੀਆਂ ਹਨ ਪਰ ਇਹ ਗੱਲ ਪੂਰੀ ਤਰ੍ਹਾਂ ਸੱਚ ਨਹੀਂ ਹੈ। ਗੁਜਰਾਤ ਵਿੱਚੋਂ ਪਰਵਾਸ ਘਾਟਾਂ ਪੂਰੀਆਂ ਕਰਨ ਲਈ ਨਹੀਂ ਹੋਇਆ ਸਗੋਂ ਆਪਣਾ ਵਪਾਰ ਵਧਾਉਣ ਲਈ ਹੋਇਆ ਹੈ। ਅੰਮ੍ਰਿਤਸਰੀ ਅਤੇ ਗੁਜਰਾਤੀ ਵਪਾਰੀ ਮੱਧ ਪੂਰਬ ਤੇ ਕੇਂਦਰੀ ਏਸ਼ਿਆਈ ਦੇਸ਼ਾਂ ਨਾਲ ਵਪਾਰਕ ਸਬੰਧ ਰੱਖਦੇ ਰਹੇ ਹਨ।

ਆਮ ਤੌਰ 'ਤੇ ਪੰਜਾਬ ਅਤੇ ਪੰਜਾਬੀਆਂ ਵਿੱਚ ਇਹ ਭਾਵਨਾ ਪ੍ਰਚੱਲਤ ਹੋ ਗਈ ਕਿ ਪਰਵਾਸ ਨੇ ਪੰਜਾਬੀਆਂ ਨੂੰ ਉੱਨਤ ਅਤੇ ਖ਼ੁਸ਼ਹਾਲ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਟੀ.ਵੀ. ਫ਼ਿਲਮਾਂ ਅਤੇ ਗਾਇਕ ਇਹ ਭਾਵਨਾ ਨੂੰ ਪ੍ਰਪੱਕ ਕਰਦੇ ਰਹਿੰਦੇ ਹਨ। ਸਾਡੇ ਬਹੁਤ ਸਾਰੇ ਅਖੌਤੀ ਬੁੱਧੀਜੀਵੀ ਵੀ ਵਿਦੇਸ਼ਾਂ ਵਿੱਚ ਪੰਜਾਬੀਆਂ ਦੇ ਜੀਵਨ ਤੇ ਖ਼ਾਸ ਕਰਕੇ ਪੰਜਾਬੀਆਂ ਵੱਲੋਂ ਮਾਰੀਆਂ ਮੱਲਾਂ ਤੇ ਉਨ੍ਹਾਂ ਦੀ ਖ਼ੁਸ਼ਹਾਲੀ ਬਾਰੇ ਇੱਕਪਾਸੜ ਪੱਖ ਪੇਸ਼ ਕਰਦੇ ਰਹਿੰਦੇ ਹਨ ਪਰ ਜ਼ਿਆਦਾ ਡੂੰਘਾਈ ਨਾਲ ਘੋਖਣ ਤੋਂ ਬਾਅਦ ਇਹ ਸਪਸ਼ਟ ਹੋ ਜਾਂਦਾ ਹੈ ਕਿ ਨਾ ਤਾਂ ਪ੍ਰਚੱਲਤ ਮੀਡੀਆ ਵੱਲੋਂ ਦਿੱਤਾ ਜਾ ਰਿਹਾ ਪ੍ਰਭਾਵ ਤੇ ਨਾ ਹੀ ਇਨ੍ਹਾਂ ਅਖੌਤੀ ਬੁੱਧੀਜੀਵੀਆਂ ਵੱਲੋਂ ਪੇਸ਼ ਕੀਤੀ ਗਈ ਤਸਵੀਰ ਹੀ ਯਥਾਰਥ ਦੀ ਕਸੌਟੀ 'ਤੇ ਪੂਰੇ ਉਤਰਦੇ ਹਨ। ਅੱਜ ਪੰਜਾਬ ਵਿੱਚ ਜ਼ਮੀਨ ਦੀ ਮਾਲਕੀਅਤ ਢਾਈ ਏਕੜ ਤੋਂ ਘਟ ਗਈ ਹੈ। ਢਾਈ ਏਕੜ ਤੋਂ ਘੱਟ ਜ਼ਮੀਨ ਦੀ ਮਾਲਕ ਕਿਸਾਨੀ ਨੂੰ ਅਸੀਂ ਅਮਲੀ ਤੌਰ 'ਤੇ ਬੇਜ਼ਮੀਨੀ ਹੀ ਕਹਿ ਸਕਦੇ ਹਾਂ। ਜਿੱਥੋਂ ਤਕ ਅਖੌਤੀ ਬੁੱਧੀਜੀਵੀਆਂ ਦੇ ਸਫ਼ਰਨਾਮਿਆਂ ਦਾ ਸਵਾਲ ਹੈ ਉਹ ਜ਼ਿਆਦਾਤਰ ਪ੍ਰਤੱਖ ਗਿਆਨ 'ਤੇ ਆਧਾਰਿਤ ਹਨ, ਨਾ ਕਿ ਸੰਕਲਪੀ ਗਿਆਨ 'ਤੇ। ਪ੍ਰਤੱਖ ਗਿਆਨ ਮੁਢਲੇ ਪ੍ਰਭਾਵਾਂ ਅਤੇ ਸੰਕਲਪੀ ਗਿਆਨ ਡੂੰਘੇ ਵਿਚਾਰ ਤੇ ਤਜਰਬੇ 'ਤੇ ਆਧਾਰਿਤ ਹੁੰਦਾ ਹੈ।

ਜਦੋਂ ਤੋਂ ਪੰਜਾਬ ਵਿੱਚ ਮੌਜੂਦਾ ਵੱਡੇ ਪੱਧਰ 'ਤੇ ਪਰਵਾਸ ਸ਼ੁਰੂ ਹੋਇਆ ਹੈ ਉਦੋਂ ਤੋਂ ਹੁਣ ਤਕ ਸੂਬਾ ਕਿੱਥੇ ਖੜ੍ਹਾ ਹੈ? ਬਹੁਤ ਸਾਰੇ ਸੰਜੀਦਾ ਅਤੇ ਸੁਹਿਰਦ ਬੁੱਧੀਜੀਵੀ ਤੇ ਪੰਜਾਬ ਦੇ ਦਰਦਮੰਦ ਲਗਪਗ ਪੂਰੀ ਤਰ੍ਹਾਂ ਇਸ ਗੱਲ 'ਤੇ ਸਹਿਮਤ ਹਨ ਕਿ ਸੂਬਾ ਨਿਘਾਰ ਦੀ ਅਵਸਥਾ ਤੇ ਵਿਨਾਸ਼ ਵੱਲ ਵਧ ਰਿਹਾ ਹੈ। ਮਿਸਾਲ ਵਜੋਂ ਪੰਜਾਬ ਦੀ ਤੁਲਨਾ ਮਹਾਰਾਸ਼ਟਰ, ਹਰਿਆਣਾ, ਹਿਮਾਚਲ ਅਤੇ ਰਾਜਸਥਾਨ ਨਾਲ ਕੀਤੀ ਜਾ ਸਕਦੀ ਹੈ। 70ਵਿਆਂ ਵਿੱਚ ਇਹ ਸਭ ਪੰਜਾਬ ਤੋਂ ਬਹੁਤ ਪਛੜੇ ਹੋਏ ਸਨ ਪਰ ਹੁਣ ਇੰਜ ਲੱਗਦਾ ਹੈ ਕਿ ਮਹਾਰਾਸ਼ਟਰ ਪੰਜਾਬ ਨਾਲੋਂ ਅੱਗੇ ਲੰਘ ਗਿਆ ਹੈ ਜਦਕਿ ਪੰਜਾਬ ਦਾ ਗੁਆਂਢੀ ਸੂਬਿਆਂ ਨਾਲੋਂ ਫ਼ਰਕ ਬਹੁਤ ਘਟ ਗਿਆ ਹੈ। ਅੰਕੜੇ ਵੀ ਇਸ ਪ੍ਰਭਾਵ ਦੀ ਪੁਸ਼ਟੀ ਕਰਦੇ ਹਨ। ਕਿਸੇ ਵੇਲੇ ਵਿਕਾਸ ਪੱਖੋਂ ਪੰਜਾਬ ਭਾਰਤ ਵਿੱਚ ਸਭ ਤੋਂ ਅੱਗੇ ਸੀ ਪਰ ਹੁਣ ਇਹ 18ਵੇਂ ਨੰਬਰ 'ਤੇ ਆ ਗਿਆ ਹੈ। ਵਾਤਾਵਰਨ ਅਤੇ ਸਮਾਜਿਕ ਸਥਿਰਤਾ ਦੇ ਪੱਖੋਂ ਪੰਜਾਬ ਬਹੁਤ ਹੇਠਾਂ ਆ ਗਿਆ ਹੈ। ਨਾਂਹਪੱਖੀ ਰੁਝਾਨਾਂ ਜਿਵੇਂ ਐਕਸੀਡੈਂਟਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ, ਤਲਾਕਾਂ ਦੀ ਗਿਣਤੀ, ਸਮਾਜਿਕ ਅਤੇ ਪਰਿਵਾਰਕ ਹਿੰਸਾ, ਨਸ਼ਿਆਂ, ਬੀਮਾਰੀਆਂ, ਮਾਨਸਿਕ ਤਣਾਅ ਤੇ ਡਿਪਰੈਸ਼ਨ ਵਿੱਚ ਬਾਕੀ ਨੂੰ ਪਿੱਛੇ ਛੱਡਦਾ ਜਾ ਰਿਹਾ ਹੈ। ਸਰੀਰਕ ਬੀਮਾਰੀਆਂ ਜਿਵੇਂ ਦਿਲ ਦੇ ਰੋਗਾਂ, ਡਾਇਬਟੀਜ਼, ਹਾਈ ਬਲੱਡ ਪ੍ਰੈਸ਼ਰ ਅਤੇ ਕੈਂਸਰ ਵਰਗੇ ਰੋਗਾਂ ਤੇ ਮਾਨਸਿਕ ਰੋਗਾਂ ਦੇ ਮਾਮਲੇ 'ਚ ਪੰਜਾਬ ਬਾਕੀ ਭਾਰਤ ਨੂੰ ਬਹੁਤ ਪਿੱਛੇ ਛੱਡਦਾ ਜਾ ਰਿਹਾ ਹੈ। ਪੰਜਾਬ ਵਿੱਚ ਅਣਖ ਅਤੇ ਮਹਿਮਾਨਾਂ ਦੀ ਸੇਵਾ ਵਰਗੇ ਸਦਗੁਣ ਹੁਣ ਵਿਦੇਸ਼ਾਂ ਤੋਂ ਆਏ ਆਪਣੇ ਰਿਸ਼ਤੇਦਾਰਾਂ ਅਤੇ ਹੋਰਾਂ ਅੱਗੇ ਹੱਥ ਅੱਡਣ ਤੇ ਉਨ੍ਹਾਂ ਨੂੰ ਲੁੱਟਣ ਦੀਆਂ ਰੁਚੀਆਂ ਪ੍ਰਬਲ ਹੋ ਰਹੀਆਂ ਹਨ। ਸਮੁੱਚੇ ਤੌਰ 'ਤੇ ਪੰਜਾਬ ਜੇ ਬੀਮਾਰ ਮਾਨਸਿਕਤਾ ਨਹੀਂ ਤਾਂ ਗਿਰੀ ਹੋਈ ਮਾਨਸਿਕਤਾ ਦਾ ਸ਼ਿਕਾਰ ਹੋਇਆ ਨਜ਼ਰ ਆ ਰਿਹਾ ਹੈ।

ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਖ਼ੁਸ਼ਹਾਲੀ ਅਤੇ ਮੌਜਾਂ ਮਾਰਨ ਬਾਰੇ ਸਾਡੇ ਪ੍ਰਭਾਵ ਜ਼ਿਆਦਾਤਰ ਇੱਕਪਾਸੜ, ਪੇਤਲੇ ਤੇ ਪੱਖਪਾਤੀ ਵਿਸ਼ਲੇਸ਼ਣਾਂ ਦਾ ਹੀ ਨਤੀਜਾ ਨਜ਼ਰ ਆਉਂਦੇ ਹਨ। ਇਹ ਸੱਚ ਹੈ ਕਿ ਪੰਜਾਬੀਆਂ ਨੇ ਆਰਥਿਕ ਖੇਤਰਾਂ, ਰਾਜਨੀਤਕ, ਸਮਾਜਿਕ ਅਤੇ ਵਿੱਦਿਅਕ ਤੇ ਹੋਰ ਖੇਤਰਾਂ ਵਿੱਚ ਮੱਲਾਂ ਮਾਰੀਆਂ ਹਨ ਪਰ ਆਮ ਤੌਰ 'ਤੇ ਇਹ ਸੱਭਿਆਚਾਰਕ, ਪਰਿਵਾਰਕ ਤੇ ਕਦਰਾਂ-ਕੀਮਤਾਂ ਦੀਆਂ ਕੁਰਬਾਨੀਆਂ ਨਾਲ ਹੀ ਸੰਭਵ ਹੋ ਸਕਿਆ ਹੈ। ਕੈਨੇਡਾ ਵਿੱਚ ਵੈਨਕੂਵਰ ਦੇ ਇਲਾਕੇ ਜਿਸਨੂੰ ਕਿ ਪੰਜਾਬੀਆਂ ਦਾ ਗੜ੍ਹ ਕਿਹਾ ਜਾ ਸਕਦਾ ਹੈ, ਵਿੱਚ ਮੈਨੂੰ ਇੱਕ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਤੇ ਇੱਕ ਪੰਜਾਬੀ ਮੂਲ ਦੇ ਮਾਨਸਿਕ ਬੀਮਾਰੀਆਂ ਦੇ ਡਾਕਟਰ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਪਤਾ ਲੱਗਿਆ ਕਿ ਪੰਜਾਬੀ ਵਸੋਂ ਵਿੱਚ ਡਿਪਰੈਸ਼ਨ ਦੀ ਬੀਮਾਰੀ ਬਹੁਤ ਵੱਡੇ ਪੱਧਰ 'ਤੇ ਫੈਲ ਚੁੱਕੀ ਹੈ। ਕੈਨੇਡਾ ਵਿੱਚ ਹੋਏ ਇੱਕ ਸਰਵੇਖਣ ਅਨੁਸਾਰ ਕੈਨੇਡਾ ਵਿੱਚ ਭਾਰਤੀ ਮੂਲ ਦੇ ਲੋਕਾਂ ਵਿੱਚ ਦਿਲ ਦੀ ਬੀਮਾਰੀ ਕੈਨੇਡਾ ਦੀ ਔਸਤ ਨਾਲੋਂ 4 ਗੁਣਾਂ ਜ਼ਿਆਦਾ ਹੈ ਜਦਕਿ ਚੀਨੀ ਮੂਲ ਦੇ ਲੋਕਾਂ ਵਿੱਚ 4 ਗੁਣਾਂ ਘੱਟ ਹੁੰਦੀ ਹੈ। ਪਤੀ-ਪਤਨੀ ਵਿੱਚ ਘਰੇਲੂ ਹਿੰਸਾ ਕੈਨੇਡਾ ਵਿੱਚ ਬਾਕੀ ਭਾਈਚਾਰਿਆਂ ਨਾਲੋਂ ਪੰਜਾਬੀ ਭਾਈਚਾਰੇ ਵਿੱਚ ਬਹੁਤ ਜ਼ਿਆਦਾ ਹੈ। ਬੀ.ਸੀ. ਸਰਕਾਰੀ ਸਰਵੇਖਣ ਵਿੱਚ ਮਾਂ-ਬਾਪ ਅਤੇ ਬੱਚਿਆਂ ਦੇ ਰਿਸ਼ਤਿਆਂ ਦੇ ਸੰਦਰਭ ਵਿੱਚ ਇਸ ਗੱਲ 'ਤੇ ਹੈਰਾਨੀ ਪ੍ਰਗਟ ਕੀਤੀ ਗਈ ਕਿ ਬਹੁਤ ਸਾਰੇ ਪੰਜਾਬੀ ਮਾਪੇ ਆਪਣੇ ਹੀ ਬੱਚਿਆਂ ਤੋਂ ਸਹਿਮੇ ਹੋਏ ਜੀਅ ਰਹੇ ਹਨ। ਕੈਨੇਡਾ ਸਰਕਾਰ ਨੂੰ ਇਹ ਵੀ ਜਾਣਕਾਰੀ ਹੈ ਕਿ ਵੀਜ਼ਾ ਲੈਣ ਲਈ ਪੰਜਾਬੀ ਝੂਠੇ ਵਿਆਹ ਕਰਵਾਉਂਦੇ ਹਨ, ਇੱਥੋਂ ਤਕ ਕਿ ਕਈ ਵਾਰ ਸਕੇ ਭੈਣ-ਭਰਾ ਤੇ ਪਿਓ-ਧੀ ਦਾ ਝੂਠਾ ਵਿਆਹ ਵੀ ਕਰਵਾ ਦਿੰਦੇ ਹਨ। ਕੈਨੇਡਾ ਵਿੱਚ ਡਰੱਗਜ਼ ਦੇ ਧੰਦੇ 'ਤੇ ਪੰਜਾਬੀਆਂ ਨੇ ਲਗਪਗ ਪੂਰੀ ਤਰ੍ਹਾਂ ਇਜਾਰੇਦਾਰੀ ਕਾਇਮ ਕਰ ਲਈ ਹੈ। ਇਕੱਲੀ ਸਰੀ ਵਿੱਚ 100 ਤੋਂ ਵੱਧ ਪੰਜਾਬੀ ਨੌਜਵਾਨ ਡਰੱਗਜ਼ ਨਾਲ ਸਬੰਧਤ ਹਿੰਸਾ ਦਾ ਸ਼ਿਕਾਰ ਹੋ ਚੁੱਕੇ ਹਨ। ਝੂਠੇ ਡਿਸਏਬਿਲਟੀ ਸਰਟੀਫਿਕੇਟ ਜਾਂ ਝੂਠੇ ਗ਼ਰੀਬੀ ਦੇ ਸਰਟੀਫਿਕੇਟ ਬਣਾ ਕੇ ਝੂਠੇ ਸਰਕਾਰੀ ਬੈਨੇਫਿਟ ਸਹੂਲਤਾਂ ਲੈਣ ਵਿੱਚ ਪੰਜਾਬੀਆਂ ਨੇ ਵੱਡੀ ਮੁਹਾਰਤ ਹਾਸਲ ਕਰ ਲਈ ਹੈ। ਕਈ ਵਾਰ ਪਤੀ-ਪਤਨੀ ਸਰਕਾਰੀ ਸਹੂਲਤਾਂ ਲੈਣ ਲਈ ਝੂਠੇ ਤਲਾਕ ਵੀ ਕਰ ਰਹੇ ਹਨ। ਇੰਗਲੈਂਡ ਵਿੱਚ 70 ਫ਼ੀਸਦੀ ਭਾਰਤੀ ਜਿਨ੍ਹਾਂ ਨੂੰ ਬ੍ਰਿਟਿਸ਼ ਪਾਸਪੋਰਟ ਮਿਲੇ ਹਨ, ਅਪਾਹਜ ਹੋਣ ਦੀਆਂ ਸਹੂਲਤਾਂ ਲੈ ਰਹੇ ਹਨ। ਪੇਤਲੇ ਪ੍ਰਭਾਵਾਂ ਨੂੰ ਛੱਡ ਕੇ ਤੱਥਾਂ 'ਤੇ ਆਧਾਰਿਤ ਖੋਜ ਦੀ ਜਿਸ ਵਿੱਚ ਤਲਾਕ, ਘਰੇਲੂ ਹਿੰਸਾ, ਡਿਪਰੈਸ਼ਨ, ਡਰੱਗਜ਼ ਅਤੇ ਸਰੀਰਕ ਬੀਮਾਰੀਆਂ ਦੇ ਅੰਕੜੇ ਇਕੱਠੇ ਕੀਤੇ ਜਾਣ ਦੀ ਲੋੜ ਹੈ।


SKY TRANSPORT SOLUTION

STRIVE FOR MORE

ਅਸੀਂ ਟਰੱਕਿੰਗ ਨਾਲ ਸਬੰਧਤ ਪਰਮਿਟ ਅਤੇ ਹਰ ਕਿਸਮ ਦੀਆਂ ਸੇਵਾਵਾਂ ਦਿੰਦੇ ਹਾਂ।



ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

SPECIAL BIT INSPECTION AND DOT AUDIT COMPLIANCE:

ਮੌਕੇ ਤੇ ਵਿਨ ਵੈਰੀਫਿਕੇਸ਼ਨ ਸੇਵਾਵਾਂ

Out of service D.O.T ਲਈ ਵਿਸ਼ੇਸ਼ ਸੇਵਾਵਾਂ

IRS 2290 ਈ-ਫਾਈਲਿੰਗ ਕੀਤੀ ਜਾਂਦੀ ਹੈ

ਕੁਆਟਰਲੀ IFTA ਫਾਈਲਿੰਗ ਦੀਆਂ ਸੇਵਾਵਾਂ

SPECIAL DOT COMPLIANCE FOR SAFETY, AUDITS AND RECORD KEEPING.

ਟਰੱਕ ਵਾਲਿਆਂ ਵੀਰਾਂ ਦੇ ਲਈ SKY Transport Solution ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR FREE ADVICE

2680 N TRACY BLVD, SUITE 4, TRACY, CA 95376

PHONE: 209-855-6938, FAX: 209-762-6540

Email: skytransportsolution@gmail.com

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

# Bhogal Dental Group



- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment



Dr. Raja Bhogal

37070 Newark Blvd, Suite C
Newark, CA 94560

510-797-2840

drraja@rbhogaldds.com





# Preet Fabrics & Appliance

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ, ਫੈਸ਼ਨ ਦਾ ਹੋਰ ਸਾਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਾਮਾਨ ਵੀ ਮਿਲਦਾ ਹੈ।

YOUR ONE-STOP CENTER FOR BOTH FABRICS & APPLIANCES

5156 mowry AVE. Fremont, CA 94538

TEL : 510-797-7111 FAX : 510-739-6350

(For More Info. Call Onkar)

APPLIANCES WE CARRY ALL MAJOR BRANDS!!



SONY, SANY, JVC, PANASONIC, LUGGAGE CROSS, PARKER PENS, OSTER BLENDERS

- Tvs, VCRs, DVD
- Tape Recorders
- Camcorders
- DVD Players
- Cordless Phones
- Watches (Seiko, Citizen & Swistar)
- Shavers & Trimmers
- Cellular Phones
- Medical Equipment
- Calling Cards



# TRAVEL FOR LESS INC.



INDIA | PAKISTAN | EUROPE

ਅਗਰ ਤੁਸੀ ਇੰਡਿਆ ਜਾਣ ਲਈ ਸਸਤੀਆਂ ਟਿਕਟਾਂ ਲੈਣ ਦੇ ਚਾਹਵਾਨ ਹੋ ਤਾ ਟਿਕਟ ਖ਼੍ਰੀਦਣ ਤੋ ਪਹਿਲਾਂ ਇੱਕ ਵਾਰ ਸਾਨੂੰ ਜਰੂਰ ਕਾਲ ਕਰੋ।

CST NO : 2031914-40

Fremont Office




TRAVEL FOR LESS INC
39156 STATE STREET
FREMONT CA – 94538
510-791-330

San Jose Office




TRAVEL FOR LESS INC
2850 Quimby Rd, Suite 150
Sanjose Ca 95148
408-791-2600

BUY TRAVEL TICKETS AT WHOLESALE PRICE

Open 7 days a week

Still searching seats for December travel to INDIA Call us for special fares




3RD TIME IN A ROW 2011 BEST OF FREMONT AWARD

Serving the Bay Area Since 1996

Fax: 510.791.3361 | Email: info@letsflyhome.com

www.letsflyhome.com

510.791.3300 (Fremont)
408.791.2600(San Jose)
916.419.4323 (Sacramento)
559.892.0009 (Fresno)
661.829.4467 (Bakersfield)

# M.K Nijjar DDS
# Ruchi Nijjar DDS

LASER DENTISTRY

NO SHOTS, NO DRILL, NO PAIN!



- Esthetic Crowns, Bridges & Dentures
- Teeth Whitening-Oral Surgery
- Root Canal Treatments
- Treatment & Prevention of Gum Disease

FAMILY DENTISTRY | COSMETIC DENTISTRY

New Patients & Children Welcome



510-794-7058

www.drnijjar.com

(Across from Washington Hospital & Bart) 1895 Mowry Ave. Ste 104 Fremont

# FARMERS

FARMERS INSURANCE GROUP

ਆਟੋ, ਘਰ, ਬਿਜ਼ਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉੱਤੇ ਕਰਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਰਵੇਜ ਲਓ ਤੇ ਨਿਸ਼ਚਿੰਤ ਹੋ ਜਾਓ

+Auto +Home +Life +Umbrella +Business Work Comp.

## Duabba Insurance Agency

2450, PERALTA BLVD. SUITE 120, FREMONT, CA-94536

Ph. : (510) 797-7989

Fax : (510) 794-7398

Visit us@farmers.com



Gurcharan Singh Mann
Insurance Agent
Licence # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਮਿਲਦਾ ਹੈ ਜਿਸ ਦੀ ਦਫ਼ਤਰ ਵੱਲੋਂ ਮਨਜ਼ੂਰੀ ਹੈ।

ਦੀਵਾਲੀ, ਬੰਦੀ ਛੋੜ ਦਿਵਸ ਅਤੇ 'ਪਰਦੇਸ ਟਾਇਮਜ਼' ਦੀ 8ਵੀਂ ਵਰ੍ਹੇਗੰਢ ਦੀ ਲੱਖ-ਲੱਖ ਵਧਾਈ

# Raja

New Introducing Chaat Corner

King of Sweets Now Presents

Come and Enjoy Mouth Watering Chaat All Day



ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

## RAJA SWEETS & INDIAN CUISINE

31583 Alvarado Blvd. Union City, CA 94587

Phone : (510) 489-9100



# Cosmetic & Family Dentistry

# UPPAL DENTAL CARE

50 % Discount for Cash Patients

INVISALIGN
Start from $ 2850 Off

Call for Details
Straighten Teeth Without Wires



Charanjit S Uppal
D.D.S.

FREE TEETH WHITENING WITH PAID EXAM, X-RAY & CLEANING YOUR INSURANCE USUALLY COVER THESE SERVICES

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Not Valid with any other offer

Strictly Maintained Sterilization Standards
Most Insurance Plans Accepted

FREE TEETH WHITENING
ਸਫਾਈ ਤੇ ਐਕਸ-ਰੇ, ਇੰਸ਼ੋਰੈਂਸ ਵੱਲੋਂ ਹੀ ਭੁਗਤਾਨ ਹੋ ਜਾਵੇਗਾ।

1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

www.uppaldental.com

MOON indian cuisine

# Moon Indian Cuisine

510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ



Paul
510-978-7170

Fish Pakora
ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Gill
510-709-5285

Over 30 Years Experience in Restaurant & Catering Business

ਇੰਡੀਅਨ-ਫਿਜੀ, ਪਾਕਿਸਤਾਨੀ ਕੁਜ਼ੀਨ

# ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544

Phone (510)780-9233 Fax (510) 780-9812

www.moonindiancuisine.net

# ਔਰਤਾਂ ਕਦੋਂ ਤਕ ਹੁੰਦੀਆਂ ਰਹਿਣਗੀਆਂ ਯੌਨ ਸ਼ੋਸ਼ਣ ਦਾ ਸ਼ਿਕਾਰ

-ਪੂਨਮ ਆਈ.ਕੋਸ਼ਿਸ਼

ਨੈਤਿਕ ਅਤੇ ਨੈਤਿਕਤਾ ਕੀ ਹੈ? ਕੀ ਕਿਸੇ ਦੀ ਨੈਤਿਕਤਾ ਉਥੇ ਖਤਮ ਹੋ ਜਾਂਦੀ ਹੈ, ਜਿਥੋ ਦੂਜੇ ਦੀ ਇੱਜ਼ਤ ਸ਼ੁਰੂ ਹੁੰਦੀ ਹੈ? ਇਹ ਸਵਾਲ ਅਜਿਹੇ ਹਨ, ਜੋ ਸਾਨੂੰ ਦੱਸਦੇ ਹਨ ਕਿ ਕਿਸ ਤਰ੍ਹਾਂ ਕੁਝ ਵਿਗੜੀ ਸੈਕਸ ਮਾਨਸਿਕਤਾ ਵਾਲੇ ਲੋਕਾਂ ਦੀ ਸਮਝ, ਸੰਤੁਲਨ ਅਤੇ ਸਹਿਣਸ਼ੀਲਤਾ ਗੁਆਚ ਜਿਹੀ ਗਈ ਹੈ।

ਤੁਸੀਂ ਵੀ 'ਤਹਿਲਕਾ' ਦੇ ਮੁੱਖ ਸੰਪਾਦਕ ਤਰੁਣ ਤੇਜਪਾਲ ਵਲੋਂ ਪਿਛਲੇ ਦਿਨੀਂ ਗੋਆ 'ਚ ਇਕ ਸਮਾਗਮ ਦੌਰਾਨ ਆਪਣੀ ਸਹਿ-ਮੁਲਾਜ਼ਮ ਦੇ ਯੌਨ ਸ਼ੋਸ਼ਣ ਦੀ ਘਟਨਾ ਨੂੰ ਕਿਨ੍ਹਾਂ ਸ਼ਬਦਾਂ 'ਚ ਪ੍ਰਗਟਾਓਗੇ? ਇਸ ਅਪਰਾਧ ਲਈ ਤੇਜਪਾਲ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਤੇ ਇਸ ਘਟਨਾ 'ਚ ਕਈ ਮੋੜ ਆਏ। ਪਹਿਲਾਂ ਤੇਜਪਾਲ ਨੇ 6 ਮਹੀਨਿਆਂ ਤਕ 'ਤਹਿਲਕਾ' ਤੋਂ ਦੂਰ ਰਹਿ ਕੇ ਪਛਤਾਵਾ ਕਰਨ ਦਾ ਫੈਸਲਾ ਕੀਤਾ ਅਤੇ ਨਾਲ ਹੀ 'ਤਹਿਲਕਾ' ਦੀ ਮੈਨੇਜਿੰਗ ਐਡੀਟਰ ਨੇ ਇਸ ਮਾਮਲੇ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ।

ਅਜਿਹੀਆਂ ਘਟਨਾਵਾਂ ਇਥੇ ਹੀ ਨਹੀਂ ਰੁਕੀਆਂ, ਸੁਪਰੀਮ ਕੋਰਟ ਦੇ ਸਾਬਕਾ ਜੱਜ ਅਤੇ ਪੱਛਮੀ ਬੰਗਾਲ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੌਜੂਦਾ ਮੁਖੀ ਅਸ਼ੋਕ ਗਾਂਗੁਲੀ 'ਤੇ ਇਕ ਨੌਜਵਾਨ ਔਰਤ ਨੇ ਯੌਨ ਸ਼ੋਸ਼ਣ ਦਾ ਦੋਸ਼ ਲਗਾਇਆ ਹੈ। ਇਹ ਕਥਿਤ ਘਟਨਾ ਉਦੋਂ ਦੀ ਹੈ, ਜਦੋਂ 'ਦਾਮਿਨੀ ਮਾਮਲਾ' ਮੀਡੀਆ ਦੀਆਂ ਸੁਰਖੀਆਂ 'ਚ ਸੀ।

ਇਸ ਮਾਮਲੇ 'ਚ ਜਾਂਚ ਲਈ ਬਣੀ ਤਿੰਨ ਜੱਜਾਂ ਦੀ ਕਮੇਟੀ ਨੇ ਵੀਰਵਾਰ ਆਪਣੀ ਰਿਪੋਰਟ ਮੁੱਖ ਜੱਜ ਸਦਾਸ਼ਿਵਮ ਨੂੰ ਸੌਂਪ ਦਿੱਤੀ ਹੈ, ਜਿਸ ਤੋਂ ਦੁਖੀ ਅਸ਼ੋਕ ਗਾਂਗੁਲੀ ਨੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਹੈ,''ਮੈਂ ਹਾਲਾਤ ਦਾ ਮਾਰਿਆ ਹਾਂ। ਉਹ ਮੇਰੀ ਇੰਟਰਨ ਸੀ ਅਤੇ ਮੇਰੇ ਬੱਚਿਆਂ ਵਰਗੀ ਹੈ।''

ਕੀ ਤੁਸੀਂ ਅਜਿਹੀਆਂ ਘਟਨਾਵਾਂ ਤੋਂ ਦੁਖੀ ਹੋ? ਬਿਲਕੁਲ ਨਹੀਂ। ਹਰ ਰੋਜ਼ ਅਖਬਾਰਾਂ 'ਚ 2,4,8,10 ਸਾਲਾਂ ਦੀਆਂ ਬੱਚੀਆਂ ਨਾਲ ਜਬਰ-ਜ਼ਨਾਹ, ਚਲਦੀਆਂ ਰੇਲ ਗੱਡੀਆਂ 'ਚ ਸਕੂਲੀ ਵਿਦਿਆਰਥਣਾਂ ਨਾਲ ਛੇੜਖਾਨੀ, ਮਲਿਆਲੀ ਅਭਿਨੇਤਰੀ ਸ਼ਵੇਤਾ ਮੈਨਨ ਵਲੋਂ ਕਾਂਗਰਸੀ ਐੱਮ. ਪੀ. ਪਿਤਾਂਬਰ ਕੁਰੂਪ ਵਿਰੁੱਧ ਛੇੜਖਾਨੀ ਦੀ ਸ਼ਿਕਾਇਤ ਵਰਗੀਆਂ ਖਬਰਾਂ ਸੁਰਖੀਆਂ 'ਚ ਹੁੰਦੀਆਂ ਹਨ। 'ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼' ਦੀ ਇਕ ਰਿਪੋਰਟ ਅਨੁਸਾਰ ਐਨ. ਡੀ. ਐੱਮ. ਕੇ. ਅਤੇ ਤ੍ਰਿਣਮੂਲ ਕਾਂਗਰਸ ਦੇ ਇਕ-ਇਕ ਐੱਮ. ਪੀ. ਵਿਰੁੱਧ ਜਬਰ-ਜ਼ਨਾਹ ਦੇ ਗੰਭੀਰ ਦੋਸ਼ ਹਨ।

ਇਹੋ ਨਹੀਂ ਯੂ. ਪੀ. 'ਚ ਸਪਾ ਦੇ ਤਿੰਨ, ਬਸਪਾ ਦੇ ਇਕ, ਭਾਜਪਾ ਵਿਧਾਇਕਾਂ, ਓਡਿਸ਼ਾ ਅਤੇ ਪੱਛਮੀ ਬੰਗਾਲ 'ਚ 7 ਵਿਧਾਇਕਾਂ 'ਤੇ ਅਦਾਲਤਾਂ 'ਚ ਜਬਰ-ਜ਼ਨਾਹ ਦੇ ਮਾਮਲੇ ਦਰਜ ਹਨ। ਪੂਰੇ ਦੇਸ਼ 'ਚ 360 ਵਿਧਾਇਕਾਂ ਨੇ ਔਰਤਾਂ ਨਾਲ ਛੇੜਖਾਨੀ ਦੀ ਗੱਲ ਕਬੂਲੀ ਹੈ। ਸਾਡੇ ਕਾਨੂੰਨ ਘਾੜਿਆਂ ਜਾਂ ਕਾਨੂੰਨ ਤੋੜਨ ਵਾਲਿਆਂ ਨੂੰ ਸਲਾਮ।

ਦੇਸ਼ ਦੇ ਉੱਤਰ-ਦੱਖਣ, ਪੂਰਬ-ਪੱਛਮ ਭਾਵ ਕਿਸੇ ਵੀ ਕੋਨੇ ਤੋਂ ਲੈ ਕੇ ਕਿਸੇ ਵੀ ਮੁਹੱਲੇ 'ਚ ਜਾਓ ਹਰ ਪਾਸੇ ਇਹੋ ਸਥਿਤੀ ਦੇਖਣ ਨੂੰ ਮਿਲਦੀ ਹੈ। ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਜਿਨ੍ਹਾਂ ਬਾਰੇ ਸੁਣ ਕੇ ਆਦਮੀ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ ਫਿਰ ਵੀ ਅਸੀਂ ਕਹਿੰਦੇ ਹਾਂ ਕਿ ਸਾਡਾ ਸਮਾਜ ਸੱਭਿਅਕ ਹੈ। ਅਜਿਹੀਆਂ ਘਟਨਾਵਾਂ ਨੂੰ ਲੈ ਕੇ ਹਰੇਕ ਦੇ ਦਿਲ 'ਚ ਭਾਰੀ ਰੋਸ ਹੈ। ਕਿਸੇ ਕੁੜੀ ਨਾਲ ਛੇੜਖਾਨੀ, ਯੌਨ ਸ਼ੋਸ਼ਣ ਅਤੇ ਵਿਰੋਧ ਮੁਜ਼ਾਹਰੇ ਦੇ ਸਵਾਲ ਹੀ ਚਿੰਤਾ ਦਾ ਵਿਸ਼ਾ ਨਹੀਂ ਹਨ, ਸਭ ਤੋਂ ਵੱਡੀ ਚਿੰਤਾ ਸਾਡੇ ਨੇਤਾਵਾਂ ਵਲੋਂ ਇਨ੍ਹਾਂ ਮੁੱਦਿਆਂ ਦਾ ਸਿਆਸੀਕਰਨ ਕੀਤੇ ਜਾਣ ਨੂੰ ਲੈ ਕੇ ਹੈ।



ਭਾਜਪਾ ਨੇ ਕਾਂਗਰਸ 'ਤੇ ਤੇਜਪਾਲ ਨੂੰ ਸੁਰੱਖਿਆ ਦੇਣ ਦਾ ਦੋਸ਼ ਲਗਾਇਆ ਤਾਂ ਕਾਂਗਰਸ ਨੇ ਸੰਘ 'ਤੇ ਦੋਹਰੇ ਪੈਮਾਨੇ ਅਪਣਾਉਣ ਦਾ ਦੋਸ਼ ਲਗਾਇਆ, ਜਿਸ ਕਾਰਨ ਉਹ ਨਰਿੰਦਰ ਮੋਦੀ ਦੇ 'ਸਨੂਪਗੇਟ' ਅਤੇ ਦਿੱਲੀ 'ਚ ਇਕ ਭਾਜਪਾ ਨੇਤਾ ਵਲੋਂ 'ਤਹਿਲਕਾ' ਦੀ ਸਾਬਕਾ ਮੈਨੇਜਿੰਗ ਐਡੀਟਰ ਸ਼ੋਮਾ ਚੌਧਰੀ ਦੀ ਰਿਹਾਇਸ਼ 'ਤੇ ਗੁੰਡਾਗਰਦੀ ਕਰਨ ਬਾਰੇ ਸਵਾਲ ਉਠਾ ਰਹੀ ਹੈ ਪਰ ਕੋਈ ਵੀ ਪੀੜਤਾ ਬਾਰੇ ਨਹੀਂ ਸੋਚ ਰਿਹਾ। ਇਹ ਲੋਕ ਮੁੱਦੇ ਦੀ ਗੰਭੀਰਤਾ ਨੂੰ ਬੇਹੂਦਾ ਗੱਲਾਂ ਕਰਕੇ ਘੱਟ ਕਰ ਰਹੇ ਹਨ ਅਤੇ ਇਸ ਗੱਲ ਵੱਲ ਬਿਲਕੁਲ ਧਿਆਨ ਨਹੀਂ ਦੇ ਰਹੇ ਕਿ ਉਹ ਸਮੂਹਿਕ ਤੌਰ 'ਤੇ ਸਾਡੇ ਸ਼ਹਿਰਾਂ ਨੂੰ ਔਰਤਾਂ ਲਈ ਸੁਰੱਖਿਅਤ ਬਣਾਉਣ 'ਚ ਨਾਕਾਮ ਰਹੇ ਹਨ। ਦਾਮਿਨੀ ਕਾਂਡ ਤੋਂ ਬਾਅਦ ਜਸਟਿਸ ਵਰਮਾ ਕਮੇਟੀ ਦੀਆਂ ਸਿਫਾਰਿਸ਼ਾਂ ਦੇ ਆਧਾਰ 'ਤੇ ਜਬਰ-ਜ਼ਨਾਹ ਦੀ ਪਰਿਭਾਸ਼ਾ ਨੂੰ ਕਠੋਰ ਬਣਾਇਆ ਗਿਆ ਪਰ ਇਸ ਨਾਲ ਮਰਦ ਔਰਤਾਂ ਦੇ ਯੌਨ ਸ਼ੋਸ਼ਣ ਅਤੇ ਉਨ੍ਹਾਂ ਨਾਲ ਛੇੜਖਾਨੀ ਕਰਨ ਤੋਂ ਬਾਜ਼ ਆਏ ਹਨ? ਬਿਲਕੁਲ ਨਹੀਂ। ਸ਼ਾਇਦ ਇਸ ਦਾ ਸੰਬੰਧ ਸਾਡੇ ਪਿਤ੍ਰ ਸੱਤਾਤਮਕ ਸਮਾਜ ਨਾਲ ਹੈ। ਖੁਦ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੇ ਇਕ ਵਾਰ ਕਿਹਾ ਸੀ,''ਕੁੜੀਆਂ ਨੂੰ ਜੀਨਸ ਅਤੇ ਅੰਗ-ਦਿਖਾਊ ਕੱਪੜਿਆਂ ਦੀ ਬਜਾਏ ਸਲਵਾਰ-ਕਮੀਜ਼ ਪਹਿਨਣੀ ਚਾਹੀਦੀ ਹੈ। ਰਾਤ ਨੂੰ 2 ਵਜੇ ਉਨ੍ਹਾਂ ਦੇ ਸ਼ਹਿਰ 'ਚ ਘੁੰਮਣ ਦਾ ਕੋਈ ਮਤਲਬ ਨਹੀਂ ਹੈ।'' ਕਰਨਾਟਕ 'ਚ ਦੱਖਣਪੰਥੀ ਸ਼੍ਰੀਰਾਮ ਸੈਨਾ ਦੇ ਮੁਖੀ ਪ੍ਰਮੋਦ ਮੁਤਾਲਿਕ ਵਿਰੁੱਧ 'ਅਿਪੰਕ ਚੱਡੀ' ਮੁਹਿੰਮ ਚਲਾਈ ਗਈ ਸੀ। ਮੁਤਾਲਿਕ ਦੀ ਸ਼੍ਰੀਰਾਮ ਸੈਨਾ ਨੇ ਰਵਾਇਤੀ ਭਾਰਤੀ ਕਦਰਾਂ-ਕੀਮਤਾਂ ਦੀ ਉਲੰਘਣਾ ਕਰਨ 'ਤੇ ਮੰਗਲੌਰ ਦੇ ਇਕ ਪੱਬ 'ਚ ਔਰਤਾਂ 'ਤੇ ਹਮਲਾ ਕੀਤਾ ਸੀ। ਇਨ੍ਹਾਂ ਘਟਨਾਵਾਂ ਤੋਂ ਸਵਾਲ ਉੱਠਦਾ ਹੈ ਕਿ ਔਰਤਾਂ ਨੂੰ ਭੋਗ ਦੀ ਵਸਤੂ ਕਿਉਂ ਮੰਨਿਆ ਜਾਂਦਾ ਹੈ? ਉਨ੍ਹਾਂ ਨੂੰ ਮਰਦਾਂ ਦੀ ਯੌਨ ਇੱਛਾ ਪੂਰੀ ਕਰਨ ਵਾਲਾ ਖਿਡੌਣਾ ਕਿਉਂ ਮੰਨਿਆ ਜਾਂਦਾ ਹੈ? ਕੀ ਅਸੀਂ ਭਿਆਨਕ ਅਪਰਾਧੀਕਰਨ ਅੱਗੇ ਗੋਡੇ ਟੇਕਣ ਦਾ ਫੈਸਲਾ ਕਰ ਲਿਆ ਹੈ? ਕੀ ਅਸੀਂ ਕਾਨੂੰਨ ਦੇ ਸ਼ਾਸਨ ਦੀ ਪਾਲਣਾ ਕਰਨੀ ਛੱਡ ਦਿੱਤੀ ਹੈ?ਸਾਡੇ ਮਰਦ ਪ੍ਰਧਾਨ ਸਮਾਜ 'ਚ ਕੰਮ ਵਾਲੀ ਜਗ੍ਹਾ 'ਤੇ ਯੌਨ ਸ਼ੋਸ਼ਣ ਦਾ ਸਾਹਮਣਾ ਕਰ ਰਹੀਆਂ ਕਈ ਔਰਤਾਂ ਬੇਇੱਜ਼ਤੀ ਦੇ ਡਰੋਂ ਅਜਿਹੀਆਂ ਘਟਨਾਵਾਂ ਦੀ ਸ਼ਿਕਾਇਤ ਨਹੀਂ ਕਰਦੀਆਂ। ਉਹ ਇਸ ਲਈ ਵੀ ਸ਼ਿਕਾਇਤ ਕਰਨ ਤੋਂ ਡਰਦੀਆਂ ਹਨ ਕਿ ਉਨ੍ਹਾਂ ਨੂੰ ਬਦਚਲਨ ਕਿਹਾ ਜਾਵੇਗਾ। ਸਾਡੇ ਰਾਜਨੇਤਾ 'ਮੇਰਾ ਭਾਰਤ ਮਹਾਨ' ਅਤੇ 'ਬ੍ਰਾਂਡ ਇੰਡੀਆ' ਦੀਆਂ ਗੱਲਾਂ ਕਰਦੇ ਹਨ ਪਰ ਦੇਸ਼ 'ਚ ਔਰਤਾਂ ਅਤੇ ਕੁੜੀਆਂ ਅਸੁਰੱਖਿਅਤ ਮਾਹੌਲ 'ਚ ਰਹਿ ਰਹੀਆਂ ਹਨ। ਕੁਝ ਔਰਤਾਂ ਨੂੰ ਇਹ ਵੀ ਸ਼ਿਕਾਇਤ ਹੈ ਕਿ ਨੌਕਰੀ ਦੇ ਪੇਸ਼ੇ 'ਚ ਅੱਗੇ ਆਉਣ ਲਈ ਉਨ੍ਹਾਂ ਨੂੰ 'ਗੌਡ ਫਾਦਰ' ਦੀ ਲੋੜ ਹੁੰਦੀ ਹੈ, ਜੋ ਉਨ੍ਹਾਂ ਦਾ ਜੀਵਨ ਬਣਾ ਜਾਂ ਵਿਗਾੜ ਸਕਦਾ ਹੈ।

ਫਿਲਮ ਉਦਯੋਗ 'ਚ ਯੌਨ ਸ਼ੋਸ਼ਣ ਆਮ ਦੇਖਣ ਨੂੰ ਮਿਲਦਾ ਹੈ। ਅਭਿਨੇਤਰੀਆਂ 'ਕਾਊਚ' ਪ੍ਰਥਾ ਦੀ ਸ਼ਿਕਾਇਤ ਕਰਦੀਆਂ ਹਨ, ਜਿਸ ਕਾਰਨ ਆਮ ਅਭਿ-ਨੇਤਰੀਆਂ ਨੂੰ ਫਿਲਮ ਮਿਲਣੀ ਮੁਸ਼ਕਿਲ ਹੋ ਜਾਂਦੀ ਹੈ। ਉਨ੍ਹਾਂ ਨੂੰ ਸਿਰਫ ਅੰਗ ਪ੍ਰਦਰਸ਼ਨ ਕਰਨ ਲਈ ਕਿਹਾ ਜਾਂਦਾ ਹੈ। ਫਿਲਮ ਦੀ ਸ਼ੂਟਿੰਗ ਤੋਂ ਬਾਅਦ ਨਿਰਦੇਸ਼ਕ, ਨਿਰਮਾਤਾ ਅਤੇ ਅਭਿਨੇਤਾ ਕੋਲ ਵੀ ਜਾਣਾ ਪੈਂਦਾ ਹੈ। ਇਸ਼ਤਿਹਾਰ ਜਗਤ 'ਚ ਕਿਹਾ ਜਾਂਦਾ ਹੈ ਕਿ ਔਰਤਾਂ ਨੂੰ ਅਜਿਹੇ ਕੱਪੜੇ ਪਹਿਨਣੇ ਚਾਹੀਦੇ ਹਨ, ਜਿਨ੍ਹਾਂ 'ਚ ਉਹ 'ਨਮਕੀਨ' ਲੱਗਣ।

ਅੱਜ ਹਾਲਤ ਇਹ ਹੈ ਕਿ ਜਦੋਂ ਸੜਕ 'ਤੇ ਜਾਂਦੀਆਂ ਔਰਤਾਂ ਨੂੰ ਚਲਦੀ ਕਾਰ 'ਚ ਧੂਹ ਲਿਆ ਜਾਂਦਾ ਹੈ ਅਤੇ ਉਨ੍ਹਾਂ ਨਾਲ ਜਬਰ-ਜ਼ਨਾਹ ਕੀਤਾ ਜਾਂਦਾ ਹੈ ਤਾਂ ਅਸੀਂ ਬੇਚੈਨ ਨਹੀਂ ਹੁੰਦੇ ਜਾਂ ਸਾਨੂੰ ਗੁੱਸਾ ਨਹੀਂ ਆਉਂਦਾ। ਲੰਡਨ ਦੀ ਇਕ ਫਰਮ ਵਲੋਂ ਕਰਵਾਏ ਗਏ ਸਰਵੇਖਣ 'ਚ ਦੁਨੀਆ ਦੇ 150 ਸੁਰੱਖਿਅਤ ਸ਼ਹਿਰਾਂ 'ਚ ਦਿੱਲੀ 139ਵੇਂ ਅਤੇ ਮੁੰਬਈ 126ਵੇਂ ਸਥਾਨ 'ਤੇ ਹਨ।

ਇਸ ਸਮੇਂ ਯੌਨ ਸ਼ੋਸ਼ਣ ਵਿਰੁੱਧ ਸਫਲ ਦਿਸ਼ਾ-ਨਿਰਦੇਸ਼ ਇਹ ਹਨ ਕਿ ਹਰੇਕ ਸੰਸਥਾ 'ਚ ਯੌਨ ਸ਼ੋਸ਼ਣ ਨਿਵਾਰਨ ਕਮੇਟੀ ਹੋਵੇਗੀ, ਜਿਸ ਦੇ ਪੰਜ ਮੈਂਬਰਾਂ 'ਚ ਪ੍ਰਧਾਨ ਸਮੇਤ ਤਿੰਨ ਮਹਿਲਾ ਮੈਂਬਰ ਹੋਣਗੀਆਂ। ਜ਼ੁਬਾਨੀ ਜਾਂ ਲਿਖਤੀ ਸ਼ਿਕਾਇਤ ਦੇ ਆਧਾਰ 'ਤੇ ਕਮੇਟੀ ਸ਼ਿਕਾਇਤਕਰਤਾ ਅਤੇ ਦੋਸ਼ੀ ਦੀ ਗੱਲ ਸੁਣੇਗੀ, ਸਬੂਤਾਂ ਦੀ ਜਾਂਚ ਕਰੇਗੀ ਅਤੇ ਜੇ ਦੋਸ਼ ਸਹੀ ਸਿੱਧ ਹੋਏ ਤਾਂ ਦੋਸ਼ੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

ਪਰ ਮਰਦਾਂ ਦੇ ਅਧਿਕਾਰਾਂ ਦੇ ਪੱਖ 'ਚ ਬੋਲਣ ਵਾਲਿਆਂ ਦਾ ਕਹਿਣਾ ਹੈ,''ਅਸੀਂ ਇਸ ਤੱਥ ਨੂੰ ਅਣਡਿੱਠ ਕਰ ਦਿੰਦੇ ਹਾਂ ਕਿ ਮਰਦਾਂ ਦਾ ਵੀ ਸ਼ੋਸ਼ਣ ਹੁੰਦਾ ਹੈ। ਕਈ ਵਾਰ ਔਰਤਾਂ ਪੇਸ਼ੇਵਰ ਅਸਹਿਮਤੀ ਦਾ ਬਦਲਾ ਲੈਣ ਲਈ ਚੰਗੇ ਮਰਦਾਂ ਵਿਰੁੱਧ ਵੀ ਯੌਨ ਸ਼ੋਸ਼ਣ ਦੀਆਂ ਸ਼ਿਕਾਇਤਾਂ ਕਰਦੀਆਂ ਹਨ। ਇਹ ਨਿੰਦਣਯੋਗ ਹੈ।''

ਮਰਦ ਪ੍ਰਧਾਨ ਸਮਾਜ ਨੂੰ ਦੇਖਦਿਆਂ ਇਸ ਦਾ ਇਕ ਹੱਲ ਇਹ ਹੋ ਸਕਦਾ ਹੈ ਕਿ ਸ਼ਿਕਾਇਤਕਰਤਾ ਦੇ ਲਿੰਗ ਨੂੰ ਧਿਆਨ 'ਚ ਰੱਖਦਿਆਂ ਅਸੀਂ ਸਭ ਦੀਆਂ ਗੱਲਾਂ ਸੁਣੀਏ, ਮੁੱਦੇ ਦੀ ਨਿਰਪੱਖ ਜਾਂਚ ਕਰੀਏ ਤੇ ਸਾਰੇ ਤੱਥਾਂ ਨੂੰ ਧਿਆਨ 'ਚ ਰੱਖ ਕੇ ਦੋਸ਼ੀਆਂ ਨੂੰ ਸਖਤ ਸਜ਼ਾ ਦੇਈਏ।

ਯੌਨ ਸ਼ੋਸ਼ਣ ਦੇ ਮੁੱਦੇ ਉਠਾਉਣ ਦੀ ਮਹੱਤਤਾ ਨੂੰ ਦੇਖਦਿਆਂ ਹੁਣ ਸਮਾਂ ਆ ਗਿਆ ਹੈ ਕਿ ਯੌਨ ਸ਼ੋਸ਼ਣ ਦੀਆਂ ਸ਼ਿਕਾਰ ਔਰਤਾਂ ਅੱਗੇ ਆਉਣ ਅਤੇ ਆਪਣੀ ਗੱਲ ਕਹਿਣ, ਜਿਸ ਨਾਲ ਲੋਕ ਜਾਗਰੂਕ ਹੋਣਗੇ ਅਤੇ ਉਨ੍ਹਾਂ ਦੇ ਸਮਰਥਨ 'ਚ ਅੱਗੇ ਆਉਣਗੇ।

ਜੇ ਉਹ ਚੁੱਪ ਰਹਿੰਦੀਆਂ ਹਨ ਤਾਂ ਮਰਦਾਂ ਵਲੋਂ ਕੀਤੇ ਜਾਣ ਵਾਲੇ ਅਜਿਹੇ ਅਪਰਾਧ ਵਧਦੇ ਰਹਿਣਗੇ। ਨਾਲ ਹੀ ਔਰਤਾਂ ਲਈ ਸੁਰੱਖਿਅਤ ਕੰਮਕਾਜੀ ਮਾਹੌਲ ਤਿਆਰ ਕੀਤਾ ਜਾਣਾ ਚਾਹੀਦਾ ਹੈ ਤੇ ਯੌਨ ਸ਼ੋਸ਼ਣ ਦੇ ਵਿਸ਼ੇ 'ਚ ਔਰਤਾਂ ਤੇ ਮਰਦਾਂ ਲਈ ਗੋਸ਼ਟੀਆਂ ਆਯੋਜਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਕੁਲ ਮਿਲਾ ਕੇ ਅਜਿਹੇ ਮਾਹੌਲ 'ਚ ਜਿਥੇ ਨੈਤਿਕਤਾ ਅਤੇ ਕਦਰਾਂ-ਕੀਮਤਾਂ ਨੂੰ ਯੋਜਨਾਬੱਧ ਢੰਗ ਨਾਲ ਬਰਬਾਦ ਕੀਤਾ ਜਾ ਰਿਹਾ ਹੋਵੇ, ਜਿਥੇ ਅਨੈਤਿਕ ਘਟਨਾਵਾਂ ਸਾਰੇ ਦੇਸ਼ 'ਚ ਹੋ ਰਹੀਆਂ ਹੋਣ, ਉਥੇ ਇਸ ਵਿਸ਼ੇ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਕਿ ਕੀ ਔਰਤਾਂ ਮਰਦਾਂ ਦੇ ਭੇਸ 'ਚ ਬਘਿਆੜਾਂ ਦੇ ਹੱਥੋਂ ਸ਼ਿਕਾਰ ਹੁੰਦੀਆਂ ਰਹਿਣਗੀਆਂ?

ਸਮਾਂ ਆ ਗਿਆ ਹੈ ਕਿ ਅਸੀਂ ਇਸ ਬਾਰੇ ਸਵੈ-ਪੜਚੋਲ ਕਰੀਏ ਕਿ ਜਬਰ-ਜ਼ਨਾਹ ਤੇ ਅਪਰਾਧੀਕਰਨ ਦਾ ਸਿਲਸਿਲਾ ਆਖਿਰ ਕਦੋਂ ਤਕ ਚੱਲਦਾ ਰਹੇਗਾ?

# ਖੇਤ ਅਤੇ ਖੇਤੀ ਦੋਹਾਂ ਨੂੰ ਡਕਾਰ ਰਹੀ ਹੈ ਰਖਵਾਲੀ ਵਾਲੀ ਵਾੜ

ਜਦੋਂ ਕਿਸੇ ਦੇਸ਼ ਜਾਂ ਰਾਜ 'ਚ ਰਖਵਾਲੀ ਕਰਨ ਵਾਲੀ ਵਾੜ ਹੀ ਖੇਤ ਤੇ ਖੇਤੀ ਨੂੰ ਖਾਣ ਲੱਗ ਪਵੇ ਤਾਂ ਉਸ ਦੇਸ਼ ਦਾ ਅਤੇ ਉਥੋਂ ਦੇ ਲੋਕਾਂ ਦਾ ਕਦੇ ਵੀ ਭਲਾ ਨਹੀਂ ਹੋ ਸਕਦਾ। ਇਨਸਾਫ਼ ਦੀ ਕੁਰਸੀ 'ਤੇ ਬੈਠ ਕੇ ਬੇਇਨਸਾਫੀ ਕਰਨਾ ਅਤੇ ਹੱਥ 'ਚ ਤੱਕੜੀ ਫੜ ਕੇ ਘੱਟ ਤੋਲਣਾ ਮਾਨਵ ਅਧਿਕਾਰਾਂ ਦਾ ਉਲੰਘਣ ਹੀ ਨਹੀਂ, ਸਗੋਂ ਨਿਘਾਰ ਹੈ। ਇਹ ਮਾਨਵਤਾ ਲਈ ਅਜਿਹਾ ਸਦਮਾ ਹੈ, ਜਿਸ ਤੋਂ ਉਭਰਨ ਵਾਸਤੇ ਦਹਾਕੇ ਨਹੀਂ, ਸਗੋਂ ਸਦੀਆਂ ਲੱਗ ਜਾਂਦੀਆਂ ਹਨ। ਭਾਰਤ ਵਰਗਾ ਦੇਸ਼, ਜਿਹੜਾ 200 ਸਾਲ ਤਕ ਅੰਗਰੇਜ਼ਾਂ ਦੀ ਗੁਲਾਮੀ ਨੂੰ ਸਹਿਣ ਕਰ ਚੁੱਕਾ ਹੈ, ਉਸ ਨਾਲੋਂ ਵੱਡਾ ਤਜਰਬਾ ਇਸ ਮਾਮਲੇ 'ਚ ਕਿਸੇ ਨੂੰ ਹੋ ਸਕਦਾ ਹੈ? ਹੈਰਾਨੀ ਉਦੋਂ ਹੁੰਦੀ ਹੈ, ਜਦੋਂ ਆਜ਼ਾਦ ਦੇਸ਼ ਦੇ ਹੁਕਮਰਾਨ ਗੋਰੇ ਹੁਕਮਰਾਨਾਂ ਤੋਂ ਵੀ ਅੱਗੇ ਲੰਘ ਕੇ ਮਾਨਵੀ ਹੱਕਾਂ, ਹਿੱਤਾਂ ਅਤੇ ਅਧਿਕਾਰਾਂ ਨੂੰ ਕੁਚਲਣ ਲੱਗਦੇ ਹਨ। ਭਾਰਤ 'ਚ ਅਜਿਹਾ ਵਰਤਾਰਾ ਹਰ ਸੂਬੇ 'ਚ ਦੇਖਿਆ ਜਾ ਸਕਦਾ ਹੈ ਅਤੇ ਇਸ ਮਾਮਲੇ 'ਚ ਪੰਜਾਬ ਵੀ ਕੋਈ ਵੱਖਰਾ ਨਹੀਂ।

ਪੰਜਾਬ ਦੀ ਗੱਲ ਕਰੀਏ ਤਾਂ ਇਥੋਂ ਦੇ ਹੁਕਮਰਾਨ ਵੀ ਆਜ਼ਾਦੀ ਦੇ ਬਾਅਦ ਤੋਂ ਲੈ ਕੇ ਹੁਣ ਤਕ ਆਪਣੀ ਪਰਜਾ ਨਾਲ ਇਨਸਾਫ਼ ਨਹੀਂ ਕਰ ਸਕੇ ਅਤੇ ਨਾ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰ ਸਕੇ ਹਨ। ਉਲਟਾ ਇਨ੍ਹਾਂ ਹੁਕਮਰਾਨਾਂ ਨੇ ਤਾਂ ਖੁਦ ਹੀ ਪਰਜਾ ਦੇ ਹੱਕ ਹੜੱਪਣੇ ਸ਼ੁਰੂ ਕਰ ਦਿੱਤੇ ਹਨ। ਜਨਤਾ ਦੀ ਰਾਖੀ ਕਰਨ ਵਾਲੀ ਸਰਕਾਰ ਜੇ ਆਪ ਹੀ ਜਨਤਾ ਨੂੰ ਲੁੱਟਣ ਲੱਗ ਪਵੇ ਤਾਂ ਉਸ ਤੋਂ ਮਾੜੀ ਗੱਲ ਹੋਰ ਕੀ ਹੋ ਸਕਦੀ ਹੈ। ਅੱਜ ਪੰਜਾਬ 'ਚ ਹਾਲਤ ਇਹ ਹੈ ਕਿ ਇਥੇ ਖੇਤੀਬਾੜੀ ਦੀ ਰਖਵਾਲੀ ਲਈ ਸਥਾਪਤ ਕੀਤੀ ਵਾੜ ਨਾ ਸਿਰਫ ਫਸਲਾਂ ਨੂੰ ਖਾ ਰਹੀ ਹੈ, ਸਗੋਂ ਖੇਤਾਂ ਨੂੰ ਵੀ ਡਕਾਰ ਰਹੀ ਹੈ। ਜੇ ਗੱਲ ਨੂੰ ਕੁਝ ਸਪੱਸ਼ਟ ਕਰਕੇ ਕਿਹਾ ਜਾਵੇ ਤਾਂ ਜਿਥੇ ਸਰਕਾਰੀ ਪ੍ਰਬੰਧਾਂ ਦੀ ਛਤਰ-ਛਾਇਆ ਹੇਠ ਕਿਸਾਨਾਂ ਦੀਆਂ ਫਸਲਾਂ ਭੰਗ ਦੇ ਭਾਅ ਹੜੱਪੀਆਂ ਜਾ ਰਹੀਆਂ ਹਨ, ਉਥੇ ਹੀ ਪੰਚਾਇਤੀ ਜ਼ਮੀਨਾਂ, ਸ਼ਾਮਲਾਟ ਜ਼ਮੀਨਾਂ ਤੇ ਪਿੰਡਾਂ ਦੀਆਂ ਹੋਰ ਸਾਂਝੀਆਂ ਥਾਵਾਂ 'ਤੇ ਜ਼ੋਰਾਵਰਾਂ ਵਲੋਂ ਧੱਕੇ ਨਾਲ ਕਬਜ਼ੇ ਕੀਤੇ ਜਾ ਰਹੇ ਹਨ। ਜੇ ਅਕਾਲੀ-ਭਾਜਪਾ ਸਰਕਾਰ ਸੱਤਾ 'ਚ ਹੁੰਦੀ ਹੈ ਤਾਂ ਉਹ ਕਾਂਗਰਸੀਆਂ ਜਾਂ ਹੋਰਨਾਂ ਵਲੋਂ ਕੀਤੇ ਅਜਿਹੇ ਕਬਜ਼ਿਆਂ 'ਤੇ ਉਂਗਲ ਉਠਾਉਂਦੀ ਰਹਿੰਦੀ ਹੈ। ਜੇਕਰ ਕਾਂਗਰਸ ਦੀ ਸਰਕਾਰ ਹੋਵੇ ਤਾਂ ਉਸ ਨੂੰ ਅਕਾਲੀ-ਭਾਜਪਾ ਵਾਲੇ ਜਾਂ ਹੋਰ ਪਾਰਟੀਆਂ ਦੇ ਕਬਜ਼ਾਧਾਰੀ ਹੀ ਦਿਖਾਈ ਦਿੰਦੇ ਹਨ। ਆਪਣੀ ਪੀੜ੍ਹੀ ਹੇਠ ਕੋਈ ਵੀ ਪਾਰਟੀ ਈਮਾਨਦਾਰੀ ਨਾਲ ਸੋਟਾ ਨਹੀਂ ਫੇਰਦੀ। ਇਸ ਸਭ ਦਾ ਖਮਿਆਜ਼ਾ ਪਿੰਡਾਂ ਦੇ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਇਨ੍ਹਾਂ ਲੋਕਾਂ ਦੇ ਹੱਕ 'ਤੇ ਅਸਰ-ਰਸੂਖ ਵਾਲੇ ਲੋਕਾਂ, ਸੱਤਾ ਦੇ ਭਾਈਵਾਲਾਂ ਅਤੇ ਉੱਚੀ ਪਹੁੰਚ ਵਾਲੇ ਅਫਸਰਾਂ ਵਲੋਂ ਡਾਕਾ ਮਾਰਿਆ ਜਾ ਰਿਹਾ ਹੈ।



ਪਿਛਲੇ ਸਾਲਾਂ 'ਚ ਅਜਿਹੇ ਦਰਜਨਾਂ ਨਹੀਂ, ਸਗੋਂ ਸੈਂਕੜੇ ਨਾਮ ਸਾਹਮਣੇ ਆਏ, ਜਿਥੇ ਕਿ ਨਾਜਾਇਜ਼ ਤੌਰ 'ਤੇ ਕਬਜ਼ੇ ਹੇਠ ਲਈਆਂ ਗਈਆਂ ਸਾਂਝੀਆਂ ਅਤੇ ਸ਼ਾਮਲਾਟ ਜ਼ਮੀਨਾਂ ਦੀ ਗੱਲ ਛਿੜੀ ਪਰ ਨਤੀਜਾ ਕੋਈ ਨਹੀਂ ਨਿਕਲਿਆ। ਮੀਡੀਆ 'ਚ ਇਸ ਗੱਲ ਦਾ ਕਈ ਸਾਲਾਂ ਤੋਂ ਪ੍ਰਚਾਰ-ਪ੍ਰਸਾਰ ਹੁੰਦਾ ਰਿਹਾ ਹੈ ਪਰ ਹੁਣ ਵੀ ਪਰਨਾਲਾ ਉਥੇ ਦਾ ਉਥੇ ਹੀ ਹੈ।

ਇਕ ਮੋਟੇ ਜਿਹੇ ਅੰਦਾਜ਼ੇ ਅਨੁਸਾਰ ਪੰਜਾਬ 'ਚ 50,000 ਏਕੜ ਦੇ ਕਰੀਬ ਸ਼ਾਮਲਾਟ, ਮੁਸ਼ਤਰਕਾ-ਮਾਲਕਾਨ ਅਤੇ ਪੰਚਾਇਤੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਕੀਤੇ ਗਏ ਹਨ। ਅੱਜ ਪੰਜਾਬ 'ਚ ਇਕ ਏਕੜ ਜ਼ਮੀਨ ਦਾ ਠੇਕਾ ਵੀ 50,000 ਰੁਪਏ ਸਾਲਾਨਾ ਤਕ ਦਾ ਪਹੁੰਚਿਆ ਹੈ। ਇਸ ਲਿਹਾਜ਼ ਨਾਲ ਪਿੰਡਾਂ ਦੇ ਆਮ ਲੋਕਾਂ ਨੂੰ ਸਾਂਝੀਆਂ ਜ਼ਮੀਨਾਂ ਤੋਂ ਮਿਲਣ ਵਾਲੀਆਂ ਸਹੂਲਤਾਂ 'ਤੇ ਲੱਗਭਗ ਢਾਈ ਅਰਬ ਰੁਪਏ ਸਾਲਾਨਾ ਦਾ ਡਾਕਾ ਮਾਰਿਆ ਜਾ ਰਿਹਾ ਹੈ। ਇਸ ਢਾਈ ਅਰਬ ਰੁਪਏ ਨਾਲ ਪੰਜਾਬ ਦੇ ਪਿੰਡਾਂ ਦੀ ਤਸਵੀਰ ਅਤੇ ਤਕਦੀਰ ਚਮਕਦਾਰ ਬਣਾਈ ਜਾ ਸਕਦੀ ਹੈ। ਪਿੰਡਾਂ 'ਚ ਇਸ ਪੈਸੇ ਨਾਲ ਸਿਹਤ ਸਹੂਲਤਾਂ ਦਾ ਵਿਸਥਾਰ ਕੀਤਾ ਜਾ ਸਕਦਾ ਹੈ। ਸਿੱਖਿਆ ਦੇ ਸਬੰਧ 'ਚ ਉੱਚ ਪਾਏ ਦੇ ਸਕੂਲ ਤੇ ਕਾਲਜ ਖੋਲ੍ਹੇ ਜਾ ਸਕਦੇ ਹਨ। ਪਿੰਡਾਂ ਨੂੰ ਰੌਸ਼ਨੀ, ਪੀਣ ਵਾਲਾ ਪਾਣੀ ਅਤੇ ਸੜਕਾਂ ਆਦਿ ਦੀ ਸਹੂਲਤ ਦਿੱਤੀ ਜਾ ਸਕਦੀ ਹੈ। ਜੇਕਰ ਇਹ ਢਾਈ ਅਰਬ ਰੁਪਿਆ ਹਰ ਸਾਲ ਪੰਜਾਬ ਦੇ ਪਿੰਡਾਂ 'ਤੇ ਖਰਚਿਆ ਜਾਵੇ ਤਾਂ ਇਸ ਨਾਲ ਪੇਂਡੂ ਲੋਕਾਂ ਦੀ ਕਾਇਆ ਪਲਟ ਸਕਦੀ ਹੈ। ਇਹ ਗੱਲ ਨਹੀਂ ਹੈ ਕਿ ਇਨ੍ਹਾਂ ਨਾਜਾਇਜ਼ ਕਬਜ਼ਿਆਂ ਬਾਰੇ ਹੁਣ ਤਕ ਸਰਕਾਰ ਦੇ ਧਿਆਨ 'ਚ ਹੀ ਨਾ ਆਇਆ ਹੋਵੇ ਅਤੇ ਅਜਿਹਾ ਵੀ ਨਹੀਂ ਹੈ ਕਿ ਸਰਕਾਰ ਨੇ ਕਿਸੇ ਨਾਜਾਇਜ਼ ਕਬਜ਼ਾਧਾਰੀ ਵੱਲ ਉਂਗਲ ਨਾ ਉਠਾਈ ਹੋਵੇ ਪਰ ਫਿਰ ਵੀ ਇਸ ਮਾਮਲੇ 'ਚ ਨਤੀਜਾ ਹੁਣ ਤਕ ਜ਼ੀਰੋ ਹੀ ਹੈ। ਕੁਝ ਜ਼ਿੰਮੇਵਾਰ ਨਾਗਰਿਕਾਂ ਨੇ ਇਹ ਮਾਮਲਾ ਵੱਖ-ਵੱਖ ਸਰਕਾਰਾਂ ਕੋਲ ਉਠਾਇਆ ਅਤੇ ਆਰ. ਟੀ. ਆਈ. ਐਕਟ ਅਧੀਨ ਇਸ ਮਾਮਲੇ 'ਚ ਜਾਣਕਾਰੀ ਵੀ ਇਕੱਤਰ ਕੀਤੀ ਪਰ ਕਿਸੇ ਵੀ ਸਰਕਾਰ ਨੇ ਇਸ ਮਾਮਲੇ 'ਚ ਕੋਈ ਪੁਖਤਾ ਕਦਮ ਨਹੀਂ ਚੁੱਕੇ ਤਾਂ ਜੋ ਘੜੰਮ ਚੌਧਰੀਆਂ ਤੋਂ ਇਹ ਸ਼ਾਮਲਾਟ ਅਤੇ ਪੰਚਾਇਤੀ ਜ਼ਮੀਨ ਖਾਲੀ ਕਰਵਾਈ ਜਾ ਸਕੇ।

ਇਸ ਮਾਮਲੇ 'ਚ ਹੁਸ਼ਿਆਰਪੁਰ ਜ਼ਿਲੇ ਦੀ ਸਥਿਤੀ ਸਭ ਤੋਂ ਗੰਭੀਰ ਹੈ, ਜਿਥੇ ਡੰਡੇ ਦੇ ਜ਼ੋਰ ਵਾਲੇ 10,000 ਏਕੜ ਦੇ ਕਰੀਬ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਜਮਾਈ ਬੈਠੇ ਹਨ। ਇਸ ਤੋਂ ਪਿੱਛੇ ਪਟਿਆਲੇ ਦਾ ਸਥਾਨ ਆਉਂਦਾ ਹੈ, ਜਿਥੇ 8200 ਏਕੜ ਜ਼ਮੀਨ ਨਾਜਾਇਜ਼ ਕਬਜ਼ਾਧਾਰੀ ਹੜੱਪੀ ਬੈਠੇ ਹਨ। ਪੰਜਾਬ ਦੀ ਰਾਜਧਾਨੀ ਦੇ ਨਾਲ ਲੱਗਦੇ ਮਹੱਤਵਪੂਰਨ ਜ਼ਿਲਾ ਮੋਹਾਲੀ ਦਾ ਸਥਾਨ ਇਸ ਮਾਮਲੇ 'ਚ ਤੀਜਾ ਹੈ, ਜਿਥੇ 7600 ਏਕੜ ਦੇ ਕਰੀਬ ਜ਼ਮੀਨ 'ਤੇ ਕੁਝ ਲੋਕਾਂ ਨੇ ਧੱਕੇ ਨਾਲ ਕਬਜ਼ੇ ਜਮਾਏ ਹੋਏ ਹਨ। ਪੰਜਾਬ 'ਚ ਸਿਰਫ ਫਰੀਦਕੋਟ ਹੀ ਅਜਿਹਾ ਜ਼ਿਲਾ ਹੈ, ਜਿਥੇ ਸਭ ਤੋਂ ਘੱਟ ਚਾਰ ਏਕੜ ਜ਼ਮੀਨ ਨਾਜਾਇਜ਼ ਕਬਜ਼ਾਧਾਰੀਆਂ ਕੋਲ ਹੈ। ਪੰਜਾਬ ਸਰਕਾਰ ਜੇਕਰ ਇਸ ਹਜ਼ਾਰਾਂ ਏਕੜ ਜ਼ਮੀਨ ਨੂੰ ਨਾਜਾਇਜ਼ ਕਬਜ਼ਾਧਾਰੀਆਂ ਤੋਂ ਮੁਕਤ ਕਰਵਾ ਲੈਂਦੀ ਹੈ ਤਾਂ ਉਸ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਨੂੰ 1 ਰੁਪਏ ਕਿਲੋ ਆਟਾ ਅਤੇ 20 ਰੁਪਏ ਕਿਲੋ ਦਾਲ ਦੇਣ ਦੀ ਲੋੜ ਨਹੀਂ ਪਵੇਗੀ। ਨਾਜਾਇਜ਼ ਕਬਜ਼ਿਆਂ ਵਾਲੀ ਜ਼ਮੀਨ ਤੋਂ ਮਿਲਣ ਵਾਲੇ ਕਰੋੜਾਂ ਰੁਪਏ ਨਾਲ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਦੀ ਹਾਲਤ ਵੀ ਸੁਧਾਰੀ ਜਾ ਸਕਦੀ ਹੈ। ਹਕੀਕਤ ਇਹ ਹੈ ਕਿ ਸ਼ਾਇਦ ਕਿਸੇ ਵੀ ਸਰਕਾਰ 'ਚ ਇਹ ਕਦਮ ਚੁੱਕਣ ਦੀ ਇੱਛਾ ਸ਼ਕਤੀ ਅਤੇ ਸਮਰੱਥਾ ਇਸ ਕਰਕੇ ਨਹੀਂ ਹੁੰਦੀ, ਕਿਉਂਕਿ ਇਨ੍ਹਾਂ ਨਾਜਾਇਜ਼ ਕਬਜ਼ਾਧਾਰੀਆਂ 'ਚ ਬਹੁਤੇ ਉਨ੍ਹਾਂ ਦੇ ਆਪਣੇ ਹੀ ਹੁੰਦੇ ਹਨ। ਅਫਸਰਸ਼ਾਹੀ ਵੀ ਇਸ ਮਾਮਲੇ 'ਚ ਕੋਈ ਠੋਸ ਕਦਮ ਚੁੱਕਣ ਤੋਂ ਇਸ ਕਰਕੇ ਗੁਰੇਜ਼ ਕਰਦੀ ਹੈ, ਕਿਉਂਕਿ ਉਨ੍ਹਾਂ 'ਚੋਂ ਵੀ ਕਈਆਂ ਦੇ ਹੱਥ ਇਨ੍ਹਾਂ ਨਾਜਾਇਜ਼ ਕਬਜ਼ਿਆਂ 'ਚ ਰੰਗੇ ਹੋਏ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਕੁਝ ਕਬਜ਼ਾਧਾਰੀਆਂ ਨੇ ਅਜਿਹੀਆਂ ਸ਼ਾਮਲਾਟਾਂ ਤੇ ਸਾਂਝੀਆਂ ਜ਼ਮੀਨਾਂ 'ਤੇ ਨਾ ਸਿਰਫ ਕਬਜ਼ੇ ਕੀਤੇ ਹਨ, ਸਗੋਂ ਉਨ੍ਹਾਂ ਨੂੰ ਅੱਗੇ ਵੇਚ ਦਿੱਤਾ ਹੈ। ਅਫਸਰਸ਼ਾਹੀ ਤਾਂ ਅਜਿਹੀਆਂ ਜ਼ਮੀਨਾਂ ਦੇ ਮਾਮਲੇ 'ਚ ਠੀਕ ਖੁਲਾਸਾ ਕਰਨ ਤੋਂ ਵੀ ਕੰਨੀ ਕਤਰਾ ਜਾਂਦੀ ਹੈ। ਬਹੁਤੇ ਜ਼ਿਲਿਆਂ ਦੇ ਵਿਕਾਸ ਅਧਿਕਾਰੀਆਂ ਨੇ ਕਦੇ ਵੀ ਸਹੀ ਅੰਕੜੇ ਉਪਲੱਬਧ ਨਹੀਂ ਕਰਵਾਏ ਕਿ ਉਨ੍ਹਾਂ ਦੇ ਜ਼ਿਲੇ 'ਚ ਕਿੰਨੀ ਸਾਂਝੀ ਜ਼ਮੀਨ (ਮੁਸ਼ਤਰਕਾ-ਮਾਲਕਾਨ) ਜਾਂ ਸ਼ਾਮਲਾਟ ਜ਼ਮੀਨ ਨਾਜਾਇਜ਼ ਕਬਜ਼ਿਆਂ ਅਧੀਨ ਹੈ ਪਰ ਫਿਰ ਵੀ ਇਸ ਮਾਮਲੇ 'ਚ ਜਿਹੜੇ ਅੰਕੜੇ ਉਪਲੱਬਧ ਹਨ, ਉਹ ਬੇਹੱਦ ਹੈਰਾਨੀਜਨਕ ਹਨ। ਲੱਗਦਾ ਹੈ ਕਿ ਇਸ ਮਾਮਲੇ 'ਚ ਵੀ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਦੀ ਘੋਰ ਅਣਗਹਿਲੀ ਤੋਂ ਬਾਅਦ ਨਿਆਂਪਾਲਿਕਾ ਨੂੰ ਹੀ ਕੋਈ ਠੋਸ ਅਤੇ ਅਮਲੀ ਕਦਮ ਚੁੱਕਣਾ ਪਵੇਗਾ ਤਾਂ ਜੋ ਅਰਬਾਂ ਰੁਪਏ ਦੀ ਹੋ ਰਹੀ ਇਸ ਬਰਬਾਦੀ ਨੂੰ ਰੋਕਿਆ ਜਾ ਸਕੇ ਅਤੇ ਇਸ ਪੈਸੇ ਨੂੰ ਉਸ ਦੇ ਸਹੀ ਹੱਕਦਾਰਾਂ 'ਤੇ ਖਰਚ ਕਰਨਾ ਯਕੀਨੀ ਬਣਾਇਆ ਜਾ ਸਕੇ। ਇਹੀ ਸਹੀ ਅਰਥਾਂ 'ਚ ਖੇਤ, ਖੇਤੀ ਤੇ ਕਿਸਾਨਾਂ ਦਾ ਭਲਾ ਹੋਵੇਗਾ।

## ਸੁਰ-ਸੰਗੀਤ ਸੰਸਾਰ

# ਵਾਰਿਸ ਮੋਏ ਤੇ ਵਿਛੜੇ ਕੌਣ ਮੇਲੇ- ਰੇਸ਼ਮਾ



ਜਗਤਾਰ ਸਿੰਘ ਗਿੱਲ, ਫਰੀਮਾਂਟ
(ਪਿੰਡ ਪੁਰਾਣੇ ਵਾਲਾ, ਮੋਗਾ) 408-857-4455

ਇਧਰ ਰੇਸ਼ਮਾ ਦੇ ਗੀਤਾਂ ਨੇ ਪਾਕਿਸਤਾਨ ਵਿਚ ਹਨੇਰੀਆਂ ਲਿਆਂਦੀਆਂ ਹੋਈਆਂ ਸਨ ਤੇ ਉਧਰ ਰੇਸ਼ਮਾ ਹਨੇਰੇ ਵਿਚ ਪਤਾ ਨਹੀਂ ਕਿਹੜੇ ਬੀਆਬਾਨਾਂ ਵਿਚ ਗਵਾਚੀ ਹੋਈ ਸੀ। ਦੋ ਹਜ਼ਾਰ ਰੁਪਏ ਦਾ ਇਨਾਮ ਪੁਲਿਸ ਕਦੇ ਡਾਕੂਆਂ ਨੂੰ ਫੜਨ ਲਈ ਰੱਖਦੀ ਤਾਂ ਸੁਣੀ ਸੀ ਪਰ ਕਿਸੇ ਫਨਕਾਰ ਲਈ ਪਹਿਲੀ ਵਾਰ ਰੱਖਿਆ ਗਿਆ ਸੀ। ਇਹ ਕਬੀਲਾ ਘੁੰਮਦਾ ਘੁੰਮਾਉਂਦਾ ਮੁਲਤਾਨ ਪਹੁੰਚਿਆ। ਰੇਸ਼ਮਾ ਆਪਣੀ ਸਹੇਲੀ ਨਾਲ ਬਾਜ਼ਾਰ ਗਈ ਤਾਂ ਦੁਕਾਨ ਤੇ ਰਸਾਲਾ ਪਿਆ ਵੇਖਿਆ, ਜਿਸ ਉਤੇ ਉਸਦੀ ਫੋਟੋ ਸੀ। ਰਸਾਲਾ ਚੁੱਕ ਕੇ ਦੁਕਾਨਦਾਰ ਨੂੰ ਕਹਿਣ ਲੱਗੀ "ਵੀਰਾ ਉਚਾਈਂ ਖਾਂ ਇਹ ਅੱਖਰ ਕੀ ਲਿਖਿਐ ਮੇਰੀ ਨਿਮਾਣੀ ਬਾਰੇ'' ਦੁਕਾਨਦਾਰ ਉਠ ਕੇ ਖੜ੍ਹਾ ਹੋ ਗਿਆ, ਕਦੇ ਰਸਾਲੇ ਵੱਲ ਵੇਖੇ, ਕਦੇ ਰੇਸ਼ਮਾ ਵੱਲ। ਰੌਲਾ ਪਾ ਦਿੱਤਾ ਲੱਭ ਗਈਓ ਰੇਸ਼ਮਾ "ਬੇਗਮ''। ਰੇਸ਼ਮਾ ਨੇ ਚੁੱਪ ਰਹਿਣ ਲਈ ਕਿਹਾ ਤੇ ਇਕ ਖ਼ਤ ਉਸੇ ਦੁਕਾਨਦਾਰ ਤੋਂ ਗਿਲਾਨੀ ਸਾਹਿਬ ਹੋਰਾਂ ਲਈ ਲਿਖਾ ਕੇ ਪਾਉਣ ਲੱਗੀ ਤਾਂ ਦੁਕਾਨਦਾਰ ਨੇ ਕਿਹਾ, "ਭੈਣਾ ਮੈਂ ਆਪ ਜਾਵਾਂਗਾ ਗਿਲਾਨੀ ਹੁਰਾਂ ਪਾਸ ਮੈਨੂੰ ਗਰੀਬੜੇ ਨੂੰ ਦੋ ਹਜ਼ਾਰ ਮਿਲ ਜਾਵੇਗਾ, ਤੈਨੂੰ ਲੱਭਣ ਦਾ ਇਨਾਮ।'' ਇੰਛਾ ਅੱਲਾ ਕਹਿ ਕੇ ਰੇਸ਼ਮਾ ਘਰ ਨੂੰ ਤੁਰ ਪਈ ਤੇ ਦੁਕਾਨਦਾਰ ਰੇਡੀਓ ਸਟੇਸ਼ਨ ਗਿਲਾਨੀ ਹੋਰਾਂ ਨੂੰ ਜਾ ਮਿਲਿਆ ਤੇ ਉਹੀ ਖ਼ਤ ਗਿਲਾਨੀ ਨੂੰ ਜਾ ਫੜਾਇਆ।

ਗਿਲਾਨੀ ਬਾਗੋ ਬਾਗ ਹੋ ਗਿਆ ਤੇ ਅਗਲੇ ਦਿਨ ਸਰਕਾਰੀ ਗੱਡੀ ਲੈ ਕੇ ਮੁਲਤਾਨ ਆ ਪਹੁੰਚਿਆ। ਪੁਲਿਸ ਚੌਂਕੀ ਤੋਂ ਦੋ ਸਿਪਾਹੀਆਂ ਨੂੰ ਨਾਲ ਲੈ ਕੇ ਕਬੀਲੇ ਵਾਲਿਆਂ ਪਾਸ ਪਹੁੰਚ ਗਿਆ। ਰੇਸ਼ਮਾ ਨੇ ਮਾਂ ਨੂੰ ਸਾਰੀ ਕਹਾਣੀ ਤੇ ਫੋਟੋ ਵਾਲੀ ਅਸਲੀਅਤ ਦੱਸ ਦਿੱਤੀ ਸੀ। ਉਸਦੀ ਮਾਂ ਨੇ ਉਸਦੇ ਅੱਬਾ ਨੂੰ ਦੱਸ ਦਿੱਤਾ ਪਰ ਉਹ ਕੁਝ ਨਾ ਬੋਲਿਆ। ਜਦ ਗਿਲਾਨੀ ਆਇਆ ਤਾਂ ਰੇਸ਼ਮਾ ਅੰਦਰ ਲੁਕ ਗਈ। ਗਿਲਾਨੀ ਨੇ ਕਬੀਲੇ ਦੇ ਬੰਦਿਆਂ ਨੂੰ ਰੇਸ਼ਮਾ ਦੀ ਕਾਮਯਾਬੀ ਬਾਰੇ ਦੱਸਿਆ ਤੇ ਟੇਪ ਲਾ ਕੇ ਗੀਤ ਸੁਣਾਏ ਤਾਂ ਉਹ ਹੈਰਾਨ ਹੋ ਗਏ। ਤੀਵੀਆਂ ਮੂੰਹ 'ਚ ਉਂਗਲਾਂ ਪਾਉਣ 'ਹੈਂ ਰੇਸ਼ਮਾ ਨੇ ਰੇਡੀਓ ਟੇਸ਼ਣ ਤੇ ਗੀਤ ਗਾਏ।'

ਗਿਲਾਨੀ ਨੇ ਕਬੀਲੇ ਦੇ ਲੋਕਾਂ ਨੂੰ ਦੱਸਿਆ ਕਿ ਦੇਸ਼ ਦੇ ਰਾਸ਼ਟਰਪਤੀ ਅਯੂਬ ਖਾਨ ਨੇ ਰੇਸ਼ਮਾ ਦਾ ਗਾਉਣ ਸੁਣਨ ਦੀ ਸਿਫਾਰਸ਼ ਕੀਤੀ ਹੈ। ਅਯੂਬ ਖਾਨ ਨੂੰ ਮਿਲਣ ਰਾਵਲਪਿੰਡੀ ਜਾਂਦੇ ਹੋਏ ਰੇਸ਼ਮਾ ਨੇ ਪਹਿਲੀ ਵਾਰ ਜਹਾਜ਼ ਦਾ ਹੂਟਾ ਲਿਆ ਸੀ। ਕਬੀਲੇ ਵਾਲੇ ਸਿੱਧ ਪੱਧਰੇ ਲੋਕ ਬਹੁਤ ਜਲਦੀ ਹੀ ਮੰਨ ਗਏ ਕਿਤੇ ਸਰਕਾਰ ਨੂੰ ਨਾਂਹ ਕਰਨ ਤੇ ਕਬੀਲੇ ਤੇ ਕੋਈ ਆਫਤ ਨਾ ਆ ਜਾਵੇ। ਇਸ ਤੋਂ ਬਾਅਦ ਰੇਸ਼ਮਾ ਰੇਡੀਓ ਆਰਟਿਸਟ ਬਣ ਗਈ ਤੇ ਹੋਰ ਬਹੁਤ ਗੀਤ ਰੇਡੀਓ ਤੋਂ ਗਾਏ। ਚਾਰੇ ਪਾਸੇ ਰੇਸ਼ਮਾ ਦੀਆਂ ਗੱਲਾਂ ਹੁੰਦੀਆਂ ਸਨ। ਰੇਸ਼ਮਾ ਦੋਹਾਂ ਪੰਜਾਬਾਂ ਦੀ ਗਾਇਕਾ ਬਣ ਚੁੱਕੀ ਸੀ।

1969 ਵਿਚ ਉਸਦਾ ਪਹਿਲਾ ਗੀਤ ਰਿਕਾਰਡ ਬਣ ਕੇ ਇੰਗਲੈਂਡ ਤੋਂ ਭਾਰਤ ਆਇਆ ਤਾਂ ਚਾਰੇ ਪਾਸੇ ਤਰਥੱਲੀ ਮੱਚ ਗਈ "ਹਾਏ ਉਏ ਰੱਬਾ ਨਹੀਓਂ ਲੱਗਦਾ ਦਿਲ ਮੇਰਾ''।
ਨੱਸ ਗਈ ਸੱਪਣੀ ਰੋਵੇ ਸਪੇਰਾ''

ਜੰਗਲੀ ਕਬੀਲੇ ਦਾ ਹੁਸਨ ਤੇ ਦਿਲ ਨੂੰ ਧੂਹ ਪਾਉਣ ਵਾਲੀ ਹੂਕ ਪਲਿਾਂ ਕਿਸੇ ਨੇ ਨਹੀਂ ਸੁਣੀ ਸੀ। ਜੋ ਵੀ ਸੁਣਦਾ ਦਿਲ ਫੜ ਕੇ ਬੈਠ ਜਾਂਦਾ। ਬੋਲਾਂ ਵਿਚ ਪੰਜਾਬ ਦੀ ਰੂਹ ਗੂੰਜਦੀ ਸੀ, ਸ਼ਿਵ ਕੁਮਾਰ ਬਟਾਲਵੀ ਨੂੰ ਇਸ ਗੀਤ ਨੇ ਇੰਨਾ ਪ੍ਰਭਾਵਿਤ ਕੀਤਾ ਕਿ ਉਸ ਨੇ ਆਪਣੀ ਆਵਾਜ਼ ਵਿਚ ਇਸ ਨੂੰ ਕਈ ਵਾਰ ਗਾਇਆ। ਜਦ ਉਹ ਵਾਰਿਸ ਸ਼ਾਹ ਦੀ ਹੀਰ ਗਾਉਂਦੀ ਤਾਂ ਸੁਣਨ ਵਾਲਾ ਸਿਰ ਤੋਂ ਪੈਰਾਂ ਤੱਕ ਕੰਬ ਜਾਂਦਾ, ਸਰੀਰ ਵਿਚ ਝੁਣਝਣੀ ਜਿਹੀ ਛਿੜ ਜਾਂਦੀ।

ਹੀਰ ਆਖਿਆ ਜੋਗੀਆ ਝੂਠ ਬੋਲੇਂ
ਕੌਣ ਰੁੱਠੜੇ ਯਾਰ ਮਨਾਂਵਦਾ ਈ
ਦੇਵਾਂ ਚੂਰੀਆਂ ਘਿਓ ਦੇ ਬਾਲ ਦੀਵੇ
ਵਾਰਿਸ ਸ਼ਾਹ ਜੇ ਸੁਣਾ ਮੈਂ ਆਂਵਦਾਈ।

ਇਸ ਵਿਚ ਵੰਡ ਤੋਂ ਉਪਰੰਤ ਦੋਹਾਂ ਪੰਜਾਬਾਂ ਦੇ ਰੁੱਠੜੇ ਹੋਏ ਰਿਸ਼ਤੇਦਾਰ ਯਾਰਾਂ ਨੂੰ ਮਨਾਉਣ ਦੀ ਗੱਲ ਸੀ, ਝੂਠੇ ਸੁਪਨਿਆਂ ਦੀ ਪੁਕਾਰ ਸੀ। ਦੋਹਾਂ ਦੇਸ਼ਾਂ ਦੇ ਵਿਛੜੇ ਹੋਏ ਭੈਣਾਂ ਭਰਾਵਾਂ ਤੇ ਯਾਰਾਂ ਦੋਸਤਾਂ ਦੀ ਗੱਲ ਸੀ ਜੋ ਕਦੇ ਰਲ ਕੇ ਬਹਿੰਦੇ। ਸਭ ਬਿਨਾਂ ਵਜ੍ਹਾ ਉਜੜ ਪੁੱਜੜ ਗਏ ਸਨ। ਇਹਨਾਂ ਦੇ ਦਰਦ ਵਿਚ ਲਪੇਟੀ ਹੋਈ ਆਵਾਜ਼ ਸੀ ਰੇਸ਼ਮਾ ਦੀ। ਚਾਹਨਾ ਸੀ ਘਿਓ ਦੇ ਦੀਵੇ ਬਾਲਣ ਦੀ, ਜੇ ਕਿਤੇ ਫਿਰ ਕੱਠੇ ਰਲ ਬੈਠ ਸਕੀਏ ਤਾਂ।



ਰੇਸ਼ਮਾ ਗੀਤ ਨੂੰ ਇੰਨਾ ਖੁੱਭ ਕੇ ਗਾਉਂਦੀ ਸੀ ਕਿ ਸੁਣਨ ਵਾਲੇ ਦੀਆਂ ਅੱਖਾਂ ਨਮ ਹੋ ਜਾਂਦੀਆਂ ਸਨ। ਉਹ ਗੀਤ ਨਾਲ ਇਕ ਮਿਕ ਹੋ ਜਾਂਦੀ ਸੀ। ਉਸਦੇ ਤਕਰੀਬਨ ਸਾਰੇ ਹੀ ਗੀਤ ਦਰਦ ਭਰੇ ਹਨ, ਵੈਰਾਗ ਵਾਲੇ ਹਨ। ਉਹ ਸੁੱਤੇ ਸਿੱਧ ਹੀ ਗਾ ਰਹੀ ਹੁੰਦੀ ਹੈ। ਰੇਸ਼ਮਾ ਲਈ ਬਹੁਤੇ ਗੀਤ ਇਕ ਫੱਕਰ ਤਬੀਅਤ ਇਨਸਾਨ ਨੇ ਬੋਲੇ ਹੋਏ ਹਨ। ਇਹ ਇਨਸਾਨ ਸੀ ਮਨਸੂਰ ਝੱਲਾ। ਰੱਬ ਦਾ ਭਗਤ ਦਰੱਖਤਾਂ ਥੱਲੇ ਸੌਣ ਵਾਲਾ ਆਪਣੀ ਮਸਤੀ 'ਚ ਤੁਰਿਆ ਫਿਰਦਾ ਵਿਯੋਗ ਦੇ ਗੀਤ ਗਾਉਂਦਾ ਰਹਿੰਦਾ। ਇਸਦੇ ਬੋਲੇ ਬੋਲ ਰੇਸ਼ਮਾ ਲਈ ਗੀਤ ਬਣ ਗਏ। ਇਹਨਾਂ ਬੋਲਾਂ ਵਿਚ ਆਪਣੇ ਪਿਆਰੇ ਨੂੰ ਮਿਲਣ ਦੀ ਤੜਪ ਖਾਸ ਝਲਕਦੀ ਹੈ। ਵੈਰਾਗ ਹੈ ਵਿਛੋੜੇ ਦਾ। ਸਿੱਕ ਹੈ ਉਸਦੇ ਦੀਦਾਰ ਦੀ। ਬੱਸ ਇਸੇ ਕਰਕੇ ਰੇਸ਼ਮਾ ਹਰ ਦਿਲ ਅਜ਼ੀਜ਼ ਬਣ ਗਈ। ਪਹਿਲੇ ਗੀਤਾਂ ਦਾ ਸੰਗੀਤ ਦਿੱਤਾ ਸੀ ਨੱਥੂ ਰਾਮ ਨੇ ਜੋ ਖੁਦ ਰੱਬ ਦਾ ਬੰਦਾ ਸੀ। ਤਿੰਨੇ ਕਲਾਕਾਰ ਰੱਬ ਨੂੰ ਮੰਨਣ ਵਾਲੇ ਹੋਣ ਤਾਂ ਫਿਰ ਕਮੀ ਕਿਸ ਗੱਲ ਦੀ। ਜਦੋਂ ਰੇਸ਼ਮਾ ਕਿੱਤੇ ਵਜੋਂ ਗਾਉਣ ਲੱਗੀ ਤਾਂ ਸੰਗੀਤ ਤੁਫੈਲ ਨਿਆਜ਼ੀ ਦਿੰਦਾ ਸੀ ਤੇ ਫਿਰ ਰੇਸ਼ਮਾ ਦਾ ਭਤੀਜਾ ਤੇ ਖਾਵੰਦ ਇਹ ਕੰਮ ਕਰਨ ਲੱਗਾ।

ਰੇਸ਼ਮਾ ਨੂੰ ਬਹੁਤ ਸਨਮਾਨਾਂ ਨਾਲ ਨਿਵਾਜਿਆ ਗਿਆ, ਜਿਵੇਂ ਮਲਕਾ-ਏ-ਰਾਜਸਤਾਨ, ਲੀਜੰਡ ਆਫ ਪਾਕਿਸਤਾਨ, ਪਰਾਈਡ ਆਫ ਪਰਫਾਰਮੈਂਸ, ਬੁਲਬੁਲ-ਏ-ਸਾਹਿਰਾ, ਸਿਤਾਰਾ-ਏ-ਇਮਤਿਆਜ਼। ਤੁਰਕੀ ਵਿਚ ਰਾਸ਼ਟਰੀ ਮੇਲੇ ਤੇ ਗਾਉਣ ਕਰਕੇ ਸੋਨੇ ਦਾ ਮੈਡਲ ਮਿਲਿਆ। ਰੇਸ਼ਮਾ ਕਬੀਲੇ ਵਿਚੋਂ ਉਠੀ ਤੇ ਗਾਉਣ ਲੱਗੀ ਪਰ ਸ਼ੋਹਰਤ ਇੰਨੀ ਹੋ ਗਈ ਕਿ ਤਕੜੇ ਤਕੜੇ ਬੰਦਿਆਂ ਦੇ ਸੁਣਨ ਦੀ ਸ਼ੈਅ ਬਣ ਕੇ ਰਹਿ ਗਈ। ਗੱਡੀਆਂ 'ਚੋਂ ਉਠ ਕੇ ਟੋਇਟਾ ਕਾਰ ਦੀ ਸਵਾਰੀ ਕਰਨ ਲੱਗੀ।

ਰੇਸ਼ਮਾ ਦਾ ਗੀਤ 'ਦਮਾ ਦਮ ਮਸਤ ਕਲੰਦਰ' ਇੰਨਾ ਮਸ਼ਹੂਰ ਹੋਇਆ ਕਿ ਬੰਗਲਾਦੇਸ਼ ਦੀ ਰੂਨਾ ਲੈਲਾ ਨੇ ਇਹੀ ਗੀਤ ਗਾ ਕੇ ਬੰਬਈ ਤੇ ਦਿੱਲੀ ਨੂੰ ਮੋਹ ਲਿਆ। ਜਲੰਧਰ ਵਾਲੀ ਬੀਬੀ ਨੂਰਾਂ ਨੇ ਵੀ ਇਹੀ ਅੰਦਾਜ਼ ਵਿਚ ਇਹੀ ਗੀਤ ਨਾਲ ਪੰਜਾਬ ਨੂੰ ਝੂੰਮਣ ਲਾ ਦਿੱਤਾ। ਰੇਸ਼ਮਾ ਜਦ ਗਾਉਂਦੀ ਸੀ ਤਾਂ ਉਸਦਾ ਧਿਆਨ ਪੀਰਾਂ ਫਕੀਰਾਂ ਵਿਚ ਹੁੰਦਾ ਸੀ। ਰੂਨਾ ਲੈਲਾ ਤੇ ਬੀਬੀ ਨੂਰਾਂ ਦੇ ਨਕਲ ਕਰਨ ਤੇ ਵੀ ਗੀਤ ਦੀ ਅਸਲ ਕੋਸ਼ਿਸ਼ ਉਵੇਂ ਹੀ ਬਰਕਰਾਰ ਰਹੀ। ਹੋਰ ਵੀ ਬਹੁਤ ਗਾਇਕਾਂ ਨੇ ਗਾਇਆ ਤੇ ਅੱਜ ਵੀ ਇਹ ਅੰਦਾਜ਼ ਉਵੇਂ ਨਵਾਂ ਨਰੋਆ ਹੈ।

1982 ਵਿਚ ਰੇਸ਼ਮਾ ਪਾਕਿਸਤਾਨ ਤੋਂ ਬੰਬਈ ਆਈ। ਕਪੂਰਥਲੇ ਦੇ ਰਾਜੇ ਪਦਮਜੀਤ ਸਿੰਘ ਦੀ ਲਾਡਲੀ ਬੇਟੀ ਅਨੀਤਾ ਸਿੰਘ ਪਾਸ ਰੁਕੀ। ਉਸਨੇ ਇਹਨਾਂ ਦੇ ਰਹਿਣ ਦਾ ਪ੍ਰਬੰਧ ਇਕ ਛੋਟੇ ਜਿਹੇ ਹੋਟਲ ਵਿਚ ਕਰ ਦਿੱਤਾ। ਜਦ ਦਲੀਪ ਕੁਮਾਰ ਤੇ ਸਾਇਰਾ ਬਾਨੋ ਉਸਨੂੰ ਮਿਲਣ ਗਏ ਤਾਂ ਉਹਨਾਂ ਨੇ ਰੇਸ਼ਮਾ ਹੋਰਾਂ ਦੇ ਰਹਿਣ ਦਾ ਪ੍ਰਬੰਧ ਫਾਈਵ ਸਟਾਰ ਹੋਟਲ ਸੀ ਰਾਕ ਵਿਚ ਕਰ ਦਿੱਤਾ ਤੇ ਖਰਚ ਪੱਲਿਉਂ ਕੀਤਾ। ਫਿਰ ਆਪਣੇ ਪਾਲੀ ਹਿੱਲ ਵਿਖੇ ਸਥਿਤ ਬੰਗਲੇ ਵਿਚ ਉਸਨੂੰ ਬਹੁਤ ਵੱਡੀ ਪਾਰਟੀ ਦਿੱਤੀ, ਜਿੱਥੇ ਫਿਲਮ ਜਗਤ ਦੀਆਂ ਮਸ਼ਹੂਰ ਹਸਤੀਆਂ ਹਾਜ਼ਰ ਹੋਈਆਂ। ਐਕਟਰ ਡਾਇਰੈਕਟਰ ਤੇ ਮਿਊਜ਼ਿਕ ਡਾਇਰੈਕਟਰ ਹਾਜ਼ਰ ਸਨ। ਅੱਜ ਰੇਸ਼ਮਾ ਇਹਨਾਂ ਮਹਾਨ ਹਸਤੀਆਂ ਲਈ ਇਕ ਅਤੀ ਮਹਾਨ ਹਸਤੀ ਬਣੀ ਹੋਈ ਸੀ। ਸਾਇਰਾ ਬਾਨੋ ਦੀ ਮਾਂ ਨਸੀਮ ਬਾਨੋ ਜਿਸ ਨੂੰ 'ਪਰੀ ਚਿਰਾਗ ਨਸੀਮ' ਕਹਿੰਦੇ ਸਨ, ਰੇਸ਼ਮਾ ਨੂੰ ਮਿਲਣ-ਸੁਣਨ ਲਈ ਉਡੀਕ ਰਹੀ ਸੀ। ਸਾਇਰਾ ਬਾਨੋ ਦੀ ਨਾਨੀ ਸਮਸ਼ਾਦ ਬੇਗਮ ਜੋ ਗਾਇਕੀ ਵਿਚ ਸ਼ਮੀਆਂ ਦੇ ਨਾਂ ਨਾਲ ਮਸ਼ਹੂਰ ਸੀ, ਸੋਟੀ ਨਾਲ ਤੁਰਦੀ ਆਈ ਰੇਸ਼ਮਾ ਨੂੰ ਉਡੀਕ ਰਹੀ ਸੀ।

ਦੁਨੀਆਂ ਭਰ ਦੇ ਸੁਪਰ ਸਟਾਰ ਉਥੇ ਹਾਜ਼ਰ ਸਨ। ਜਦ ਰੇਸ਼ਮਾ ਗਾ ਰਹੀ ਸੀ ਤਾਂ ਰਾਜ ਕਪੂਰ ਵਾਰ ਵਾਰ ਹਿੱਕ ਵਿਚ ਮੁੱਕੇ ਮਾਰ ਮਾਰ ਕਹਿ ਰਿਹਾ ਸੀ 'ਹਾਏ ਉਰੱਬਾ ਕੁਰਬਾਨ ਜਾਵਾਂ।' ਫਿਲਮੀ ਜਗਤ ਦੇ ਖਲਨਾਇਕ ਅਮਜ਼ਦ ਖਾਂ (ਗੱਬਰ ਸਿੰਘ) ਨੇ ਰੇਸ਼ਮਾ ਨੂੰ ਪਾਰਟੀ ਦਿੱਤੀ। ਰਾਜ ਕਪੂਰ ਨੇ ਆਪਣੀ ਕਾਟੇਜ ਵਿਚ ਸੱਦ ਕੇ ਰੇਸ਼ਮਾ ਨੂੰ ਪਾਰਟੀ ਦਿੱਤੀ, ਜਿੱਥੇ ਕਪੂਰ ਪਰਿਵਾਰ ਤੋਂ ਇਲਾਵਾ ਹੋਰ ਬਹੁਤ ਮਹਾਨ ਸ਼ਖਸੀਅਤਾਂ ਆਈਆਂ ਸਨ।

ਰੇਸ਼ਮਾ ਅੱਧੀ ਅੱਧੀ ਰਾਤ ਤੱਕ ਗਾਉਂਦੀ ਰਹੀ। ਰੇਸ਼ਮਾ ਇਹਨਾਂ ਸਾਰੀਆਂ ਮਹਾਨ ਸ਼ਖਸੀਅਤਾਂ ਨੂੰ ਨਹੀਂ ਜਾਣਦੀ ਸੀ ਪਰ ਇਹ ਸਾਰੇ ਰੇਸ਼ਮਾ ਨੂੰ ਜਾਣਦੇ ਸਨ। ਉਸ ਤੋਂ ਬਾਅਦ ਰੇਸ਼ਮਾ ਦਿੱਲੀ ਵਿਚ ਬਾਰਾਂ ਦਿਨ ਰਹੀ, ਜਦ ਇੰਦਰਾ ਗਾਂਧੀ ਨੂੰ ਰੇਸ਼ਮਾ ਦੇ ਆਉਣ ਦਾ ਪਤਾ ਲੱਗਾ ਤਾਂ ਉਸਨੇ ਰੇਸ਼ਮਾ ਨੂੰ ਮਿਲਣ ਤੇ ਸੁਣਨ ਦੀ ਇੱਛਾ ਜ਼ਾਹਿਰ ਕੀਤੀ। ਰੇਸ਼ਮਾ ਸੁਣ ਕੇ ਗਦ ਗਦ ਹੋ ਉਠੀ "ਹੈਂ ਦੇਸ ਦੀ ਬਾਦਸ਼ਾਹਣੀ ਮੈਨੂੰ ਮਿਲਣ ਲਈ ਆਖੀ ਰਹੀ ਹੈ। ਮੇਰੇ ਧੰਨ ਭਾਗ ਹਨ ਮੈਂ ਉਹਨਾਂ ਨੂੰ ਮਿਲਾਂਗੀ ਤੇ ਉਹਨਾਂ ਲਈ ਗਾਵਾਂਗੀ। ਮੇਰਾ ਫਰਜ਼ ਬਣਦਾ ਹੈ ਮੈਂ ਉਹਨਾਂ ਦੇ ਹਜ਼ੂਰ ਗਾਵਾਂ। ਉਹ ਆਪਣੀ ਸਾਰਿਆਂ ਦੀ ਬਾਦਸ਼ਾਹ ਹੈ।'' ਵੀਹ ਮਿੰਟ ਦੀ ਮੁਲਾਕਾਤ ਸੀ ਪਰ ਡੇਢ ਘੰਟਾ ਇੰਦਰਾ ਗਾਂਧੀ ਮਿਲੀ, ਫੋਟੋ ਖਿਚਾਏ, ਗੀਤ ਸੁਣੇ ਤੇ ਰੇਸ਼ਮਾ ਨੂੰ ਘੁੱਟ ਕੇ ਜੱਫੀ ਪਾਈ। ਤੋਹਫੇ ਵਜੋਂ ਇਕ ਸੁਨਹਿਰੀ ਘੜੀ ਰੇਸ਼ਮਾ ਨੂੰ ਦਿੱਤੀ ਅਤੇ ਦਰਵਾਜ਼ੇ ਤੱਕ ਛੱਡਣ ਆਈ। ਬਾਅਦ ਵਿਚ ਰੇਸ਼ਮਾ ਨੇ ਕਿਹਾ "ਯਕੀਨ ਨਹੀਂ ਆ ਰਿਹਾ ਮੈਂ ਦੇਸ ਦੀ ਬਾਦਸ਼ਾਹ ਨੂੰ ਮਿਲ ਕੇ ਆ ਰਹੀ ਹਾਂ। ਮੈਨੂੰ ਤਾਂ ਉਹ ਮੇਰੀ ਭੈਣ ਲੱਗ ਰਹੀ ਹੈ। ਉਸਨੇ ਮੇਰੇ ਗੀਤ ਇੰਨੇ ਪਿਆਰ ਨਾਲ ਸੁਣੇ ਤੇ ਉਪਰੋਂ ਘੜੀ ਦੇ ਛੱਡੀ। ਇਸ ਸਭ ਉਸ ਅੱਲਾ ਤਾਲਾ ਦਾ ਫਜ਼ਲ ਹੈ, ਕਿਸੇ ਨੂੰ ਕੁਝ ਵੀ ਬਣਾ ਦੇਵੇ। ਮੈਨੂੰ ਤਾਂ ਇਹ ਸਭ ਖਵਾਬ ਲੱਗ ਰਿਹਾ ਹੈ।''

ਭਾਰਤ ਵਿਚ ਉਹ ਹਜਰਤ ਨਿਜ਼ਾਮ ਉਦੀਨ ਔਲੀਆ ਦੀ ਦਰਗਾਹ ਤੇ ਗਈ, ਨਿਆਜ ਵੰਡੀ ਤੇ ਚਾਦਰ ਚੜ੍ਹਾਈ। ਹਜ਼ਰਤ ਅਮੀਰ ਖੁਸਰੋ ਦੇ ਵੀ ਹਾਜ਼ਰੀ ਲਵਾਈ। ਗਾਲਿਬ ਦੇ ਦਰ ਤੋਂ ਮੁਰਾਦਾਂ ਮੰਗੀਆਂ। ਬਾਅਦ ਵਿਚ ਅਜਮੇਰ ਸ਼ਰੀਫ ਹਾਜ਼ਰੀ ਭਰੀ। ਉਸਨੂੰ ਪੀਰ ਫਕੀਰਾਂ ਤੇ ਔਲੀਆ ਬਖਸ਼ਾਂ ਨਾਲ ਬਹੁਤ ਅਕੀਦਤ ਸੀ। ਉਹ ਕਹਿੰਦੀ ਜਦ ਮੈਂ ਗਾਉਂਦੀ ਹਾਂ ਤਾਂ ਇਹਨਾਂ ਦਾ ਹੱਥ ਤੇ ਸਾਇਆ ਮੇਰੇ ਸਿਰ ਉਪਰ ਹੁੰਦਾ ਹੈ।

ਇਸ ਤੋਂ ਬਾਅਦ ਉਹ ਆਪਣੇ ਜਨਮ ਪਿੰਡ ਬੀਕਾਨੇਰ ਗਈ। ਉਸ ਦੇ ਹਿਸਾਬ ਨਾਲ ਉਸਦੇ ਵੱਡ ਵਡੇਰੇ ਉਥੇ ਅਜੇ ਵੀ ਕਬਰਾਂ ਵਿਚ ਪਏ ਉਸਦੀ ਉਡੀਕ ਕਰ ਰਹੇ ਹਨ। ਉਸ ਮਿੱਟੀ ਨੂੰ ਮਸਤਕ ਛੁਹਾਇਆ ਤੇ ਆਸ਼ੀਰਵਾਦ ਲਈ। ਉਸਨੂੰ ਦੁੱਖ ਸੀ ਐਤਕੀ ਉਹ ਪੰਜਾਬ ਨਹੀਂ ਜਾ ਸਕੀ। ਇਕ ਸਧਾਰਨ ਪਰਿਵਾਰ 'ਚੋਂ ਉਠ ਕੇ ਉਸਨੇ ਬੁਲੰਦੀਆਂ ਨੂੰ ਛੋਹਿਆ। ਪਰਮਾਤਮਾ ਜਿਸਨੇ ਉਸਨੂੰ ਇੰਨਾ ਵੈਰਾਗਮਈ ਗਲਾ ਦਿੱਤਾ ਸੀ, ਉਸੇ ਨੇ ਨਾ ਮੁਰਾਦ ਬਿਮਾਰੀ ਲਾ ਦਿੱਤੀ। ਅਖੀਰ ਇਸੇ ਬਿਮਾਰੀ ਨਾਲ ਜੂਝਦੀ ਉਹ ਤਿੰਨ ਨਵੰਬਰ 2013 ਨੂੰ ਲਾਹੌਰ ਦੇ ਹਸਪਤਾਲ ਵਿਚ ਆਪਣੀ ਜ਼ਿੰਦਗੀ ਹੱਥੋਂ ਹਾਰ ਗਈ। ਜਿਵੇਂ ਉਹ ਜਾਣ ਲੱਗੀ ਕਹਿ ਰਹੀ ਹੋਵੇ:

ਚਾਰ ਦਿਨਾਂ ਦਾ ਮੇਲ
ਓਅ ਰੱਬਾ ਲੰਬੀ ਜੁਦਾਈ
ਤੱਕ ਪੱਤਰੀ ਵਾਲਿਆ ਲੇਖ ਮੇਰੇ
ਮੇਰੇ ਹੱਥ ਵਿਚ ਕਿੰਨੀਆਂ ਲੀਕਾਂ ਨੇ
ਉਠ ਗਏ ਗਵਾਂਢੋਂ ਯਾਰ
ਰੱਬਾ ਹੁਣ ਕੀ ਕਰੀਏ
ਦਮਾ ਦਮ ਮਸਤ ਕਲੰਦਰ
ਕੁਝ ਨੀ ਦੁਨੀਆਂ ਅੰਦਰ

(ਸਮਾਪਤ)

## ਖਰੀਆਂ ਪਰ ਸੱਚੀਆਂ

### ਭੁੱਲ ਕੇ ਰਹਿਮਤਾਂ ਨੂੰ

ਬਾਬੇ ਨਾਨਕ ਦੀ ਭੁੱਲ ਕੇ ਰਹਿਮਤਾਂ ਨੂੰ
ਲੋਕੀ ਆਪਣੇ ਹੀ ਲੰਗਰ ਲਗਾਉਣ ਲੱਗ ਪਏ
ਸੱਤੇ ਖਾਲੇ ਪਲੇਟਾਂ ਦੇ ਫੁੱਲ ਕਰਕੇ
ਦਹੀਂ ਖੀਰ ਨੂੰ ਕੱਪਾਂ ਵਿਚ ਪਾਉਣ ਲੱਗ ਪਏ
ਦਾਲਾ-ਰਾਮ ਪ੍ਰਸ਼ਾਦੇ ਦੀ ਜਗ੍ਹਾ ਉਤੇ
ਛੱਤੀ ਕਿਸਮ ਦੇ ਖਾਣੇ ਵਰਤਾਉਣ ਲੱਗ ਪਏ
ਖੋਲ੍ਹ ਗੁਰਦੁਆਰੇ ਦੇ ਗੁਰਦੁਆਰੇ
ਚੌਧਰੀ ਆਪਣੀ ਨੂੰ ਚਮਕਾਉਣ ਲੱਗ ਪਏ
ਕੱਠ ਸੰਗਤਾਂ ਦਾ ਕਰਨ ਦੇ ਲਈ ਭਾਰਾ
ਗੁਰੂ ਘਰਾਂ ਵਿਚ ਪੀਜੇ ਬਣਾਉਣ ਲੱਗ ਪਏ
ਸੰਗ ਸ਼ਰਮ ਹੈ ਇਹਨਾਂ ਨੇ ਵੇਚ ਖਾਧੀ
ਕੋਈ ਧਰਮ ਨਹੀਂ ਇਹਨਾਂ ਜਾਫਰਾਂ ਦਾ
ਆਪਣੇ ਆਪ ਨੂੰ ਗਿੱਲਾ ਬਚਾ ਰੱਖੀਂ
ਬੁਰਾ ਹਸ਼ਰ ਹੋਊ ਇਹਨਾਂ ਕਾਫਰਾਂ ਦਾ।

**-ਜਗਤਾਰ ਗਿੱਲ, ਫਰੀਮਾਂਟ**

# 1984 ਸਿਖ ਨਸਲਕੁਸ਼ੀ ਪੀੜਤ ਤੇ ਅਹਿਮ ਗਵਾਹ ਜਗਦੀਸ਼ ਕੌਰ ਵਲੋਂ ਕੈਨੇਡਾ ਦੇ ਸਿਖਾਂ ਨੂੰ ਸੰਬੋਧਨ

## ਸਿਖ ਜਥੇਬੰਦੀ 'ਨਸਲਕੁਸ਼ੀ' ਮੋਸ਼ਨ ਨੂੰ 2014 ਵਿਚ ਕੈਨੇਡੀਅਨ ਸੰਸਦ ਵਿਚ ਪੇਸ਼ ਕਰਨ ਦੀ ਪੈਰਵਾਈ ਕਰੇਗੀ



ਟੋਰੰਟੋ, ਕੈਨੇਡਾ- ਟੋਰੰਟੋ ਵਿਚ 'ਨਸਲਕੁਸ਼ੀ ਤੇ ਪ੍ਰਭੁਸੱਤਾ' ਕਾਨਫਰੰਸ ਕਰਵਾਈ ਗਈ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿਖਾਂ ਨੇ ਸ਼ਮੂਲੀਅਤ ਕੀਤੀ ਅਤੇ 1984 ਦੌਰਾਨ ਸਿਖਾਂ 'ਤੇ ਨਸਲਕੁਸ਼ੀ ਹਮਲਿਆਂ ਵਿਚ ਸ਼ਾਮਿਲ ਰਹੇ ਸਿਆਸੀ ਆਗੂਆਂ ਅਤੇ ਪੁਲਿਸ ਅਫਸਰਾਂ ਦੀ ਲਗਾਤਾਰ ਪੁਸ਼ਤਪਨਾਹੀ ਅਤੇ ਇਨਸਾਫ ਤੋਂ ਇਨਕਾਰ ਨੂੰ ਲੈਕੇ ਡੂੰਘੀ ਚਿੰਤਾ ਪ੍ਰਗਟਾਈ ਗਈ। ਇਸ 'ਨਸਲਕੁਸ਼ੀ' ਕਾਨਫਰੰਸ ਨੂੰ ਮਨੁੱਖੀ ਅਧਿਕਾਰਾਂ ਬਾਰੇ ਕਾਰਕੁੰਨ ਅਤੇ 1984 ਸਿਖ ਨਸਲਕੁਸ਼ੀ ਦੀ ਪੀੜਤ ਬੀਬੀ ਜਗਦੀਸ਼ ਕੌਰ ਨੇ ਵੀ ਸੰਬੋਧਨ ਕੀਤਾ ਜੇ ਕਿ ਕਾਂਗਰਸ ਆਗੂ ਸੱਜਣ ਕੁਮਾਰ ਖਿਲਾਫ ਅਹਿਮ ਗਵਾਹ ਹਨ। ਇਹ ਕਾਨਫਰੰਸ ਮਨੁੱਖੀ ਅਧਿਕਾਰ ਜਥੇਬੰਦੀ ਸਿਖਸ ਫਾਰ ਜਸਟਿਸ ਐਸ ਐਫ ਜੇ ਵਲੋਂ ਕੈਨੇਡਾ ਦੀਆਂ ਸਿਖ ਜਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਈ ਗਈ ਸੀ। ਐਸ ਐਫ ਜੇ ਜੋ ਕਿ 1984 ਦੇ ਪੀੜਤਾਂ ਲਈ ਇਨਸਾਫ ਲਹਿਰ ਦੀ ਅਗਵਾਈ ਕਰ ਰਹੀ ਹੈ, ਹੁਣ ਕੈਨੇਡਾ ਦੀ ਸੰਸਦ ਵਿਚ ਮੋਸ਼ਨ ਪੇਸ਼ ਕਰਨ ਲਈ ਲਾਬੀ ਕਰੇਗੀ ਤਾਂ ਜੋ ਇਸ ਗੱਲ ਦੀ ਬਹਿਸ ਹੋ ਸਕੇ ਕਿ ਕੀ ਨਵੰਬਰ 1984 ਦੌਰਾਨ ਭਾਰਤ ਵਿਚ ਸਿਖਾਂ ਦਾ ਸੰਗਠਿਤ ਕਤਲੇਆਮ 'ਨਸਲਕੁਸ਼ੀ' ਸੀ ਜਿਵੇਂ ਕਿ ਨਸਲਕੁਸ਼ੀ ਬਾਰੇ ਯੂ ਐਨ ਕਨਵੈਨਸ਼ਨ ਦੀ ਧਾਰਾ 2 ਵਿਚ ਵਿਆਖਿਆ ਕੀਤੀ ਗਈ ਹੈ।

ਬੀਬੀ ਜਗਦੀਸ਼ ਕੌਰ ਨੇ ਨਾ ਕੇਵਲ ਨਵੰਬਰ 1984 ਦੇ ਸੰਤਾਪ ਨੂੰ ਹੰਢਾਇਆ ਹੈ ਸਗੋਂ ਉਹ ਦਰਜਨਾਂ ਲੋਕਾਂ ਦੇ ਕਤਲ ਦੀ ਗਵਾਹ ਵੀ ਹੈ ਜਿਸ ਵਿਚ ਉਨ੍ਹਾਂ ਦਾ ਆਪਣਾ ਪਤੀ, ਪੁੱਤਰ ਤੇ 3 ਭਰਾ ਵੀ ਸ਼ਾਮਿਲ ਹਨ। ਉਦੋਂ ਤੋਂ ਹੀ ਉਹ ਉਸ ਘਟਨਾ ਬਾਰੇ ਲਗਾਤਾਰ ਜ਼ਿਕਰ ਕਰਦੀ ਆਈ ਹੈ ਤੇ ਕਾਂਗਰਸ ਆਗੂ ਸੱਜਣ ਕੁਮਾਰ ਖਿਲਾਫ ਅਹਿਮ ਗਵਾਹ ਬਣੀ ਹੈ ਜਿਸ ਨੇ ਨਵੰਬਰ 1984 ਦੌਰਾਨ ਸਿਖਾਂ ਖਿਲਾਫ ਕਾਤਲ ਦਸਤਿਆਂ ਦੀ ਅਗਵਾਈ ਕੀਤੀ ਸੀ।

ਜਗਦੀਸ਼ ਕੌਰ ਨੇ ਕਿਹਾ ਕਿ ਮੈਂ ਚਾਹੁੰਦੀ ਹਾਂ ਕਿ ਦੁਨੀਆ ਦੇ ਅਹਿਮ ਮੰਚਾਂ ਤੋਂ ਉਨ੍ਹਾਂ ਲੋਕਾਂ ਨੂੰ ਆਪਣੇ ਅਹਿਮ ਸੰਦੇਸ਼ ਪਹੁੰਚਾਉਂਦੀ ਰਹਾਂ ਜਿਹੜੇ ਸਾਡੇ ਲਈ ਪ੍ਰਵਾਹ ਕਰਦੇ ਹਨ ਤੇ 1984 ਵਿਚ ਸਾਡੇ 'ਤੇ ਹੋਏ ਅਤਿਆਚਾਰ ਨੂੰ ਕਦੀ ਭੁਲਾਉਣਾ ਨਹੀਂ ਚਾਹੁੰਦੇ। ਉਨ੍ਹਾਂ ਨੇ ਕਿਹਾ ਕਿ ਕੈਨੇਡਾ ਵਿਚ ਬੋਲਣਾ ਮੇਰੇ ਲਈ ਮਾਣ ਵਾਲੀ ਗੱਲ ਹੈ ਜਿਸ ਨੂੰ ਮਾਣ ਨਾਲ 600,000 ਤੋਂ ਵੱਧ ਸਿਖਾਂ ਦਾ ਘਰ ਕਿਹਾ ਜਾਂਦਾ ਹੈ।

ਐਸ ਐਫ ਜੇ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਕੈਨੇਡਾ ਅਤੇ ਦੁਨੀਆ ਵਿਚ ਰਹਿਣ ਵਾਲੇ ਸਿਖ ਭਾਈਚਾਰੇ ਦੇ ਲੋਕ ਭਾਰਤ ਤੋਂ ਇਸ ਕਰਕੇ ਭੱਜ ਆਏ ਸਨ ਕਿਉਂਕਿ ਉਨ੍ਹਾਂ ਖਿਲਾਫ ਕਤਲ ਤੇ ਝੂਠੇ ਮੁਕਾਬਲਿਆਂ ਦੀ ਇਕ ਨਿਤੀਗਤ ਲਹਿਰ ਚਲਾਈ ਹੋਈ ਸੀ। ਉਨ੍ਹਾਂ ਨੇ ਕਿਹਾ ਕਿ ਕੈਨੇਡਾ ਦੇ ਕਈ ਚੁਣੇ ਹੋਏ ਸੰਸਦ ਮੈਂਬਰ ਸਿਖ ਭਾਈਚਾਰੇ ਨਾਲ ਦੁਖ ਵੰਡਾਉਂਦੇ ਹਨ ਅਤੇ ਚਾਹੁੰਦੇ ਹਨ ਕਿ ਭਾਰਤ ਸਰਕਾਰ ਉਨ੍ਹਾਂ ਨੂੰ ਸਜ਼ਾ ਦੇਵੇ ਜਿਨ੍ਹਾਂ ਨੇ 1984 ਦੌਰਾਨ ਕਾਤਲ ਦਸਤਿਆਂ ਦੀ ਸ਼ਰੇਆਮ ਅਗਵਾਈ ਕੀਤੀ ਸੀ। ਉਨ੍ਹਾਂ ਨੇ ਕਿਹਾ ਕਿ ਅਸੀ ਸਾਰੀਆਂ ਸਿਆਸੀ ਪਾਰਟੀਆਂ ਦੇ ਮੈਂਬਰਾਂ ਨੂੰ ਮਿਲਾਂਗੇ ਤੇ ਉਨ੍ਹਾਂ ਤੋਂ ਨਵੰਬਰ 2014 ਵਿਚ ਕੈਨੇਡਾ ਦੀ ਸੰਸਦ ਵਿਚ ਨਸਲਕੁਸ਼ੀ ਮਤੇ ਨੂੰ ਪੇਸ਼ ਕਰਨ ਅਤੇ ਇਸ ਬਾਰੇ ਸਹਿਯੋਗ ਦੀ ਮੰਗ ਕਰਾਂਗੇ।

# ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ

















ਪਿਛਲੇ ਹਫਤੇ ਮਿਲਪੀਟਸ (ਕੈਲੇਫੋਰਨੀਆ) ਵਿਚ ਗੁਰਦੁਆਰਾ ਸਾਹਿਬ ਸਿੰਘ ਸਭਾ ਦਾ ਸ਼ੁਭ ਆਰੰਭ ਹੋਇਆ। ਬਹੁਤ ਵੱਡੀ ਇਮਾਰਤ ਵਿਚ, ਜਿਸ ਵਿਚ ਦਰਬਾਰ ਹਾਲ ਹੈ ਤੇ ਨਾਲ ਹੀ ਕਿਚਨ ਤੇ ਦਫ਼ਤਰ ਵੀ ਹੈ, ਨਾਲ ਹੀ ਬਾਬਾ ਬੰਦਾ ਸਿੰਘ ਬਹਾਦਰ ਹਾਲ ਹੈ, ਨਾਲ ਲੱਗਦੀ ਭਾਈ ਗੁਰਦਾਸ ਲਾਇਬ੍ਰੇਰੀ ਵੀ ਹੈ।

ਅੱਜ ਦੇ ਪ੍ਰੋਗਰਾਮਾਂ ਵਿਚ ਯੂਬਾ ਸਿਟੀ ਗੁਰੂ ਘਰ ਦੀ ਕਮੇਟੀ, ਸੈਂਟਾ ਰੋਜ਼ਾ, ਗੁਰੂ ਘਰ ਦੀ ਕਮੇਟੀ, ਫਰੀਮਾਂਟ ਗੁਰੂ ਘਰ ਦੀ ਕਮੇਟੀ ਤੇ ਹੋਰ ਕਈ ਗੁਰੂ ਘਰਾਂ ਦੀਆਂ ਕਮੇਟੀਆਂ ਨੇ ਆ ਕੇ ਰੌਣਕ ਵਧਾਈ ਤੇ ਇਸ ਗੁਰੂ ਘਰ ਦੀ ਸ਼ਾਨ ਵਿਚ ਵਾਧਾ ਕੀਤਾ।

ਸੈਨਹੋਜ਼ੇ ਦੀ ਸਿਟੀ ਕੌਂਸਲ ਦੇ ਮੈਂਬਰ ਐਸ. ਕਾਲਰਾਂ, ਮਿਲਪੀਟਸ ਤੋਂ ਮੇਅਰ, ਕੌਂਸਲ ਮੈਂਬਰ, ਸਿਟੀ ਦੀਆਂ ਹੋਰ ਕਈ ਮੁੱਖ ਸ਼ਖਸੀਅਤਾਂ ਵੀ ਪਹੁੰਚੀਆਂ। ਡਾ. ਅਮਰਜੀਤ ਸਿੰਘ ਹੁਰੀਂ ਉਚੇਚੇ ਵਾਸ਼ਿੰਗਟਨ ਤੋਂ ਇੱਥੇ ਆਏ। ਸੈਨਹੋਜ਼ੇ ਦੀ ਸੁਪਰਵਾਈਜ਼ਰ ਸਿੰਡੀ ਸਾਵੇਜ਼ ਵੀ ਇੱਥੇ ਆਏ। ਗਲੋਬਲ ਪੰਜਾਬ ਵੱਲੋਂ ਇੱਥੇ ਪ੍ਰੋਗਰਾਮ ਲਾਈਵ ਦਿਖਾਏ ਗਏ। ਭਾਈ ਦਿਲਬਾਗ ਸਿੰਘ ਫਰੀਮਾਂਟ ਅਤੇ ਭਾਈ ਅਮਰੀਕ ਸਿੰਘ ਜੀ ਦੇ ਜਥੇ ਨੇ ਬਹੁਤ ਹੀ ਰਸ ਭਿੰਨਾ ਕੀਰਤਨ ਕੀਤਾ।

1. ਆਓ ਜੀ ਤੂੰ ਆਓ ਹਮਾਰੇ ਜੀ
2. ਇਹ ਤੇਲ ਦੀਵਾ ਕਿਉਂ ਜਲੈ
ਕਰ ਚਾਨਣੁ ਸਾਹਿਬ ਤਉ ਮਿਲੈ।
3. ਹਉ ਵੰਞਾ ਕੁਰਬਾਨ ਸਾਈਂ ਆਪਣੇ

ਇਹਨਾਂ ਸ਼ਬਦਾਂ ਨਾਲ ਗੁਰੂ ਘਰ ਵਿਚ ਪਹੁੰਚੇ ਹਰ ਇਕ ਸਿੱਖ ਨੂੰ ਪਿਆਰ ਭਰਿਆ ਤੇ ਰਸ ਭਿੰਨਾ ਕੀਰਤਨ ਕਰਕੇ ਮੰਤਰ ਮੁਗਧ ਕੀਤਾ।

ਇਸ ਗੁਰੂ ਘਰ ਵਿਚ ਬਾਬਾ ਬੰਦਾ ਸਿੰਘ ਬਹਾਦਰ ਹਾਲ ਵਿਚ 3 ਸੌ ਤੋਂ ਵੀ ਵੱਧ ਕੁਰਸੀਆਂ ਲਾ ਕੇ ਤਿਆਰ ਕੀਤਾ ਗਿਆ ਹੈ ਤਾਂ ਕਿ ਗੁਰਸਿੱਖਾਂ ਦੀਆਂ ਵਿਚਾਰ ਗੋਸ਼ਟੀਆਂ ਹੋ ਸਕਣ। ਗੁਰੂ ਘਰ ਵਿਚ ਪੰਜਾਬੀ ਪੜ੍ਹਾਉਣ ਲਈ ਕਲਾਸਾਂ ਵੀ ਅਗਲੇ ਸਾਲ ਜਨਵਰੀ ਵਿਚ ਸ਼ੁਰੂ ਕਰ ਦਿੱਤੀਆਂ ਜਾਣਗੀਆਂ।

ਗੁਰੂ ਘਰ ਵਿਚ ਇਲਾਕੇ ਵਿਚ ਪਹਿਲੀ ਵਾਰ ਇੰਨੀ ਵੱਡੀ ਲਾਇਬ੍ਰੇਰੀ ਦਾ ਇੰਤਜ਼ਾਮ ਕੀਤਾ ਗਿਆ ਹੈ ਕਿ ਹੁਣ ਤੱਕ 20 ਹਜ਼ਾਰ ਧਾਰਮਿਕ ਕਿਤਾਬਾਂ ਨਾਲ ਭਰਪੂਰ ਇਹ ਲਾਇਬ੍ਰੇਰੀ ਸਿੱਖਾਂ ਵਾਸਤੇ ਬਹੁਤ ਹੀ ਲਾਹੇਵੰਦ ਹੋਵੇਗੀ। ਇਸ ਗੁਰੂ ਘਰ ਨੂੰ ਸਿੱਖੀ ਦੇ ਅਸੂਲ ਅਨੁਸਾਰ ਹੀ ਚਲਾਇਆ ਜਾਵੇਗਾ, ਜਿਸ ਵਿਚ

1 ਵਿਆਹ ਸ਼ਾਦੀਆਂ ਵਾਸਤੇ ਸੇਵਾਵਾਂ ਬਿਲਕੁਲ ਮੁਫ਼ਤ ਮਿਲਣਗੀਆਂ।
2 ਕੋਈ ਵੀ ਆਪਣੀ ਮਰਜ਼ੀ ਅਨੁਸਾਰ ਸੇਵਾ ਕਰ ਸਕਦਾ ਹੈ।
3. ਬੰਦਾ ਸਿੰਘ ਬਹਾਦਰ ਹਾਲ ਵੀ ਸੰਗਤ ਲਈ ਹਮੇਸ਼ਾ ਖੁੱਲ੍ਹਾ ਰਹੇਗਾ।
4. ਬੱਚਿਆਂ ਵਾਸਤੇ ਕਲਾਸਾਂ ਤੇ ਹੋਰ ਟਿਊਸ਼ਨ ਵਗੈਰਾ ਮੁਫ਼ਤ
5. ਗੁਰਬਾਣੀ ਦੀ ਸੰਥਿਆ ਵੀ ਬੁੱਧਵਾਰ ਤੇ ਸਨੀਚਰਵਾਰ ਨੂੰ ਦਿੱਤੀ ਜਾਇਆ ਕਰੇਗੀ।

ਇਸ ਗੁਰੂ ਘਰ ਨੂੰ ਸੰਗਤ ਵਾਸਤੇ ਖੋਲ੍ਹਣ ਲਈ ਸ. ਜਸਵੰਤ ਸਿੰਘ ਹੋਠੀ, ਡਾ. ਪ੍ਰਿਤਪਾਲ ਸਿੰਘ, ਹਰਦੁਮਣ ਸਿੰਘ ਸੰਘੇੜਾ, ਬਲਬੀਰ ਸਿੰਘ ਢਿੱਲੋਂ, ਬਚਿੱਤਰ ਸਿੰਘ ਸੰਘਾ, ਜਤਿੰਦਰ ਸਿੰਘ ਭੰਗੂ ਤੇ ਹੋਰ ਬਹੁਤ ਸਾਰੇ ਸੱਜਣਾਂ ਨੇ ਆਪਣਾ ਯੋਗਦਾਨ ਪਾਇਆ। ਸ਼ੁਭ ਕੰਮ ਵਾਸਤੇ ਪਰਦੇਸ ਟਾਇਮਜ਼ ਵੱਲੋਂ ਸਾਰੇ ਸਹਿਯੋਗੀਆਂ ਨੂੰ ਵਧਾਈ ਦਿੱਤੀ ਜਾਂਦੀ ਹੈ।

# ਪੰਜਾਬ ਦਾ ਪੁੱਤਰ ਧਰਮਿੰਦਰ



ਧਰਮਿੰਦਰ (ਦਿਓਲ) ਦੀ ਸ਼ਖ਼ਸੀਅਤ ਅਜਿਹੀ ਹੈ ਕਿ ਸ਼ਬਦਾਂ ਜ਼ਰੀਏ ਇਸ ਅਦਾਕਾਰ ਦੀ ਤਸਵੀਰਕਾਰੀ ਕਰਨਾ ਡਾਢਾ ਔਖਾ ਕਾਰਜ ਹੈ। ਫ਼ਿਲਮ ਜਗਤ ਦੇ ਇਸ 'ਹੀਮੈਨ' ਦੀ ਅਦਾਕਾਰੀ ਦਾ ਅਜੇ ਤਕ ਕੋਈ ਸਾਨ੍ਹੀ ਨਹੀਂ ਹੈ। 'ਧਰਮ ਭਾਅ ਜੀ' ਦੀ ਜ਼ਿੰਦਗੀ ਤੇ ਸੰਘਰਸ਼ ਕਰੋੜਾਂ ਨੌਜਵਾਨਾਂ ਲਈ ਸਿਦਕਦਿਲੀ, ਸੰਘਰਸ਼ ਤੇ ਹੌਸਲੇ ਦੀ ਪੁਖਤਾ ਮਿਸਾਲ ਹੈ। ਉਨ੍ਹਾਂ ਦੀ ਜ਼ਿੰਦਗੀ ਇੱਕ ਖੁੱਲ੍ਹੀ ਕਿਤਾਬ ਵਾਂਗ ਹੈ, ਜਿਸ ਨੂੰ ਕੋਈ ਵੀ ਕਿਸੇ ਵੀ ਪੰਨੇ ਤੋਂ ਪੜ੍ਹ ਸਕਦਾ ਹੈ। ਹਰ ਪੰਨੇ ਦਾ ਆਪਣਾ ਮਹੱਤਵ ਹੈ। ਫ਼ਿਲਮ 'ਦਿਲ ਭੀ ਤੇਰਾ ਹਮ ਭੀ ਤੇਰੇ'(1960) ਤੋਂ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਕਰਨ ਵਾਲੇ ਧਰਮਿੰਦਰ ਨੇ 300 ਦੇ ਕਰੀਬ ਫ਼ਿਲਮਾਂ 'ਚ ਅਭਿਨੈ ਕੀਤਾ ਹੈ। ਬੇਸ਼ੱਕ ਉਨ੍ਹਾਂ ਨੇ ਇੱਕ ਦਰਜਨ ਦੇ ਕਰੀਬ ਪੰਜਾਬੀ ਫ਼ਿਲਮਾਂ ਵੀ ਕੀਤੀਆਂ, ਪਰ ਇਨ੍ਹਾਂ ਫ਼ਿਲਮਾਂ 'ਚ ਉਨ੍ਹਾਂ ਦੀ ਭੂਮਿਕਾ ਨਾਂਮਾਤਰ ਜਾਂ ਮਹਿਮਾਨ ਕਲਾਕਾਰ ਵਾਲੀ ਹੀ ਰਹੀ। ਕਰੀਬ ਦੋ ਦਹਾਕਿਆਂ ਮਗਰੋਂ ਧਰਮ ਜੀ ਪੰਜਾਬੀ ਫ਼ਿਲਮ 'ਡਬਲ ਦੀ ਟ੍ਰਬਲ' ਵਿੱਚ ਅਹਿਮ ਤੇ ਦੋਹਰੀ ਭੂਮਿਕਾ ਨਿਭਾ ਰਹੇ ਹਨ। ਨਿਰਮਾਤਾ ਸੁਭਾਸ਼ ਘਈ ਅਤੇ ਨਿਰਦੇਸ਼ਕ ਸਮੀਪ ਕੰਗ ਦੀ ਇਸ ਫ਼ਿਲਮ ਦੀ ਸ਼ੂਟਿੰਗ ਲਈ ਉਹ ਪਿਛਲੇ ਡੇਢ ਮਹੀਨੇ ਤੋਂ ਚੰਡੀਗੜ੍ਹ 'ਚ ਹਨ। ਪੇਸ਼ ਹਨ ਉਨ੍ਹਾਂ ਨਾਲ ਹੋਈ ਗੁਫ਼ਤਗੂ ਦੇ ਕੁਝ ਅੰਸ਼:

? ਇੱਕ ਲੰਮੇ ਅਰਸੇ ਮਗਰੋਂ ਤੁਹਾਨੂੰ ਏਨੇ ਦਿਨ ਪੰਜਾਬ 'ਚ ਰਹਿਣ ਦਾ ਮੌਕਾ ਮਿਲਿਆ ਹੈ। ਤੁਹਾਡੇ ਵੇਲੇ ਅਤੇ ਅੱਜ ਦੇ ਪੰਜਾਬ 'ਚ ਕਿੰਨਾ ਕੁ ਫ਼ਰਕ ਲੱਗਿਆ।

– ਜ਼ਮੀਨ ਅਸਮਾਨ ਦਾ ਫ਼ਰਕ ਹੈ। ਰਹਿਣੀ-ਬਹਿਣੀ, ਰਿਸ਼ਤਿਆਂ, ਪਿਆਰ-ਮੁਹੱਬਤ ਸਭ 'ਚ ਫ਼ਰਕ ਆ ਗਿਆ ਹੈ। ਪਹਿਲਾਂ ਪਿੰਡ ਦੇ ਸਾਰੇ ਘਰ ਸਾਂਝੇ ਹੁੰਦੇ ਸਨ, ਇਕ ਵਿਸ਼ਵਾਸ ਤੇ ਆਪਣਾਪਨ ਹੁੰਦਾ ਸੀ, ਪਰ ਹੁਣ ਇਹ ਸਭ ਕੁਝ ਨਹੀਂ ਹੈ। ਸ਼ਹਿਰੀ ਤੇ ਪੇਂਡੂ ਜ਼ਿੰਦਗੀ ਦਾ ਫ਼ਰਕ ਬਹੁਤ ਘੱਟ ਗਿਆ ਹੈ।

? ਤੁਹਾਡੇ ਪਿੰਡ ਨੂੰ ਲੈ ਕੇ ਬਹੁਤੇ ਲੋਕ ਦੁਚਿੱਤੀ 'ਚ ਹਨ। ਕੋਈ ਸਾਹਨੇਵਾਲ ਨੂੰ ਤੇ ਕੋਈ ਡਾਂਗੋ ਨੂੰ ਤੁਹਾਡਾ ਪਿੰਡ ਦੱਸਦਾ ਹੈ। ਸਚਾਈ ਕੀ ਹੈ।

ਦਰਅਸਲ ਮੇਰੇ ਪਿਤਾ ਜੀ (ਕੇਵਲ ਸਿੰਘ ਦਿਓਲ) ਹਿਸਾਬ ਦੇ ਅਧਿਆਪਕ ਸਨ। ਉਨ੍ਹਾਂ ਦੀ ਅਕਸਰ ਬਦਲੀ ਹੁੰਦੀ ਰਹਿੰਦੀ ਸੀ, ਇਸ ਲਈ ਮੇਰੇ ਨਾਲ ਕਈ ਪਿੰਡਾਂ ਦਾ ਨਾਂ ਜੁੜਿਆ ਹੋਇਆ ਹੈ। ਅਸਲ 'ਚ ਮੇਰਾ ਜਨਮ ਖੰਨਾ ਨੇੜੇ ਪਿੰਡ ਨੁਸਰਾਲੀ ਵਿੱਚ ਹੋਇਆ ਸੀ, ਪਰ ਅਸੀਂ ਉਦੋਂ ਹੀ ਲੁਧਿਆਣਾ ਨੇੜੇ ਪਿੰਡ ਡਾਂਗੋ ਆ ਕੇ ਰਹਿਣ ਲੱਗ ਪਏ ਸੀ। ਇਸ ਲਈ ਮੇਰਾ ਜਨਮ ਡਾਂਗੋ ਦਾ ਹੀ ਮੰਨਿਆ ਜਾਂਦਾ ਹੈ। ਮਗਰੋਂ ਪਿਤਾ ਜੀ ਦੀ ਬਦਲੀ ਲੁਧਿਆਣਾ ਨੇੜੇ ਹੀ ਲਲਤੋਂ ਕਲਾਂ ਹੋ ਗਈ। ਇਥੇ ਮੈਂ 6ਵੀਂ ਜਮਾਤ ਤੱਕ ਪੜ੍ਹਿਆ। ਫਿਰ ਅਸੀਂ ਸਾਹਨੇਵਾਲ ਆ ਗਏ। ਇਥੇ ਅਸੀਂ ਪੱਕੇ ਤੌਰ 'ਤੇ ਹੀ ਵੱਸ ਗਏ। ਪਿਤਾ ਜੀ ਦੇ ਕਈ ਵਾਰ ਬਦਲੀ ਦੇ ਆਰਡਰ ਨਿਕਲੇ,ਪਰ ਪਿੰਡ ਵਾਲਿਆਂ ਨੇ ਬਦਲੀ ਨਹੀਂ ਹੋਣ ਦਿੱਤੀ। ਸਾਹਨੇਵਾਲ ਤੋਂ ਹੀ ਮੈਂ ਮੁੰਬਈ ਗਿਆ ਸੀ ਇਸ ਲਈ ਸਾਹਨੇਵਾਲ ਹੀ ਸਾਡਾ ਜੱਦੀ ਪਿੰਡ ਸਮਝਿਆ ਜਾਂਦਾ ਹੈ।

? ਬਚਪਨ ਬਾਰੇ ਕੁਝ ਦੱਸੋ।

– ਬਚਪਨ 'ਚ ਮੈਂ ਸ਼ਰਾਰਤੀ ਵੀ ਸੀ ਤੇ ਮਾਸੂਮ ਵੀ। ਅਸੀਂ ਡਾਂਗੋ ਇੱਕ ਚੁਬਾਰੇ 'ਚ ਰਹਿੰਦੇ ਸੀ। ਮੈਂ ਅਕਸਰ ਚੁਬਾਰੇ 'ਚੋਂ ਉਤਰ ਕੇ ਬਾਹਰ ਗਲੀ 'ਚ ਪੌੜੀਆਂ 'ਤੇ ਬੈਠ ਜਾਣਾ। ਇੱਕ ਦਿਨ ਇਸੇ ਤਰ੍ਹਾਂ ਹੀ ਬੈਠਾ ਸੀ। ਗਲੀ ਦੇ ਬਾਹਰ ਕਿਸੇ ਨੇ ਗਾਂ ਬੰਨ੍ਹੀ ਹੋਈ ਸੀ ਤੇ ਉਸ ਦਾ ਵੱਛਾ ਦੁੱਧ ਚੁੰਘ ਰਿਹਾ ਸੀ। ਅਚਾਨਕ ਇੱਕ ਬੰਦਾ ਆਇਆ ਤੇ ਉਸ ਨੇ ਵੱਛੇ ਨੂੰ ਲਿਜਾ ਕੇ ਵੱਖਰਾ ਬੰਨ੍ਹ ਦਿੱਤਾ। ਮੈਨੂੰ ਇਸ ਗੱਲੋਂ ਬਹੁਤ ਗੁੱਸਾ ਆਇਆ ਤੇ ਮੈਂ ਜਾ ਕੇ ਵੱਛਾ ਖੋਲ੍ਹ ਦਿੱਤਾ। ਉਹ ਮੁੜ ਤੋਂ ਦੁੱਧ ਚੁੰਘਣ ਲੱਗਾ। ਇਸ ਗੱਲੋਂ ਮੈਨੂੰ ਝਿੜਕਾਂ ਵੀ ਪਈਆਂ।

? ਸਿਨਮੇ ਬਾਰੇ ਪਹਿਲੀ ਵਾਰ ਕਦੋਂ ਸੁਣਿਆ ਤੇ ਪਹਿਲੀ ਫ਼ਿਲਮ ਕਿਹੜੀ ਵੇਖੀ।

– ਪਹਿਲੀ ਵਾਰ ਪਿੰਡ(ਡਾਂਗੋ) ਦੇ ਕੁਝ ਮੁੰਡਿਆਂ ਕੋਲੋਂ ਸਿਨਮਾ ਬਾਰੇ ਸੁਣਿਆ। ਕਹਿੰਦੇ 'ਸਿਨਮਾ ਦੇਖ ਕੇ ਆਏ ਹਾਂ, ਤਸਵੀਰਾਂ ਬੋਲਦੀਆਂ ਹਨ।' ਪਰ ਫਿਰ ਗੱਲ ਆਈ ਗਈ ਹੋ ਗਈ। ਥੋੜ੍ਹੀ ਸੁਰਤ ਸੰਭਾਲੀ ਤਾਂ ਸਿਨਮੇ ਬਾਰੇ ਪਤਾ ਲੱਗਾ। ਸਾਹਨੇਵਾਲ 'ਚ ਦਸਵੀਂ ਜਮਾਤ ਵਿੱਚ ਪੜ੍ਹਦਿਆਂ ਦਲੀਪ ਕੁਮਾਰ ਦੀ 'ਸ਼ਹੀਦ' ਪਹਿਲੀ ਫ਼ਿਲਮ ਸੀ ਜਿਹੜੀ ਮੈਂ ਘਰਦਿਆਂ ਤੋਂ ਚੋਰੀ ਵੇਖੀ ਸੀ।

? ਫ਼ਿਲਮਾਂ ਵਿੱਚ ਜਾਣ ਦਾ ਖ਼ਿਆਲ ਕਿਵੇਂ ਆਇਆ ਤੇ ਸ਼ੁਰੂਆਤ ਕਿੱਥੋਂ ਹੋਈ।

– ਫ਼ਿਲਮਾਂ ਦੇਖਣ ਦਾ ਸ਼ੌਕ ਜਾਗਿਆ ਤਾਂ ਹੌਲੀ ਹੌਲੀ ਫ਼ਿਲਮਾਂ 'ਚ ਕੰਮ ਕਰਨ ਦਾ ਵੀ ਦਿਲ ਕਰਨ ਲੱਗਾ, ਪਰ ਉਦੋਂ ਇਸ ਕੰਮ ਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ। ਮੇਰੇ ਪਿਤਾ ਜੀ ਤਾਂ ਇਸ ਦੇ ਸਖ਼ਤ ਖਿਲਾਫ਼ ਸਨ। ਮੈਂ ਐਕਟਰ ਬਣਨ ਦੀ ਇੱਛਾ ਸਿਰਫ ਆਪਣੀ ਮਾਂ ਨਾਲ ਹੀ ਸਾਂਝੀ ਕੀਤੀ ਸੀ। ਉਨ੍ਹਾਂ ਮੈਨੂੰ ਬਥੇਰਾ ਰੋਕਿਆ, ਪਰ ਆਖਰ ਉਨ੍ਹਾਂ ਦੀ ਵੀ ਵਾਹ ਨਾ ਚੱਲੀ। ਉਨ੍ਹੀਂ ਦਿਨੀ ਮੈਂ ਮਾਲੇਰਕੋਟਲੇ ਨੌਕਰੀ ਕਰਦਾ ਸੀ। ਲੰਘਦਿਆਂ ਵੜਦਿਆਂ ਉਥੇ ਬਣੇ ਜਾਨ ਮੁਹੰਮਦ ਦੇ ਸਟੂਡੀਓ 'ਚ ਜ਼ਰੂਰ ਜਾਂਦਾ ਸੀ।

ਉਦੋਂ ਮੈਂ ਸ਼ੌਕ ਸ਼ੌਕ 'ਚ ਉਸ ਤੋਂ ਦਲੀਪ ਕੁਮਾਰ ਵਰਗੀਆਂ ਤਸਵੀਰਾਂ ਵੀ ਖਿਚਵਾਈਆਂ ਸਨ। ਇਕ ਦਿਨ ਉਹਨੇ ਹੀ ਦੱਸਿਆ ਕਿ 'ਫ਼ਿਲਮ ਫ਼ੇਅਰ' ਮੈਗਜ਼ੀਨ 'ਚ ਹੀਰੋ ਬਣਨ (ਆਡੀਸ਼ਨ ਲਈ) ਦਾ ਫ਼ਾਰਮ ਆਇਆ ਹੈ। ਭਰ ਕੇ ਬੰਬੇ (ਮੁੰਬਈ) ਭੇਜ ਦੇ, ਕੀ ਪਤਾ ਗੱਲ ਬਣ ਜਾਵੇ। ਅਸੀਂ ਫ਼ਾਰਮ ਭਰਿਆ, ਫ਼ੋਟੋਆਂ ਪਾਈਆਂ ਤੇ ਉਹ ਲਿਫ਼ਾਫ਼ਾ ਮੈਂ ਦੋਰਾਹੇ ਦੇ ਲੈਟਰ ਬਾਕਸ ਤੋਂ ਪੋਸਟ ਕਰ ਦਿੱਤਾ। ਕੁਝ ਦਿਨਾਂ ਮਗਰੋਂ ਬੰਬੇ ਤੋਂ ਸੱਦਾ ਆ ਗਿਆ।

? ਮੁੰਬਈ ਪਹੁੰਚ ਕੇ ਕੀ ਹੋਇਆ।

ਅਸਲ 'ਚ 'ਫ਼ਿਲਮ ਫ਼ੇਅਰ' ਵਾਲਿਆਂ ਨੇ ਸਭ ਨੂੰ ਰੇਲਗੱਡੀ ਦੇ ਪਹਿਲੇ ਦਰਜੇ 'ਚ ਆਉਣ ਲਈ ਕਿਹਾ ਸੀ, ਪਰ ਮੈਂ ਕਿਰਾਏ ਤੋਂ ਡਰਦਾ ਤੀਜੇ ਦਰਜੇ ਦੇ ਡੱਬੇ 'ਚ ਸਫ਼ਰ ਕਰਕੇ ਮੁੰਬਈ ਪਹੁੰਚਿਆ। ਫ਼ਿਲਮ ਆਡੀਸ਼ਨ ਵਾਲੇ ਆਏ ਤੇ ਪਹਿਲੇ ਦਰਜੇ ਦੇ ਡੱਬੇ 'ਚੋਂ ਸਾਰਿਆਂ ਨੂੰ ਲੈ ਗਏ। ਮੈਂ ਸਟੇਸ਼ਨ 'ਤੇ 'ਕੱਲਾ ਰਹਿ ਗਿਆ। ਫਿਰ ਪੁੱਛ ਪੁਛਾ ਕੇ ਟਿਕਾਣੇ 'ਤੇ ਪਹੁੰਚਿਆ। ਉਥੇ ਬਿਮਲ ਰਾਏ ਜੀ ਨੇ ਸਾਡਾ ਸਕਰੀਨ ਟੈਸਟ ਲਿਆ। ਬਾਹਰ ਬੈਠਾ ਨਤੀਜੇ ਦਾ ਇੰਤਜ਼ਾਰ ਕਰ ਰਿਹਾ ਸੀ ਕਿ ਅੰਦਰੋਂ ਬਿਮਲ ਰਾਏ ਜੀ ਨੇ ਕਿਹਾ,'ਧਰਮਿੰਦੂ ਕੋ ਬੁਲਾਓ'(ਬਿਮਲ ਰਾਏ ਜੀ ਧਰਮਿੰਦਰ ਨੂੰ ਧਰਮਿੰਦੂ ਕਹਿੰਦੇ ਸਨ)। ਬਿਮਲ ਰਾਏ ਜੀ ਨੇ ਫਿਰ ਮੈਨੂੰ ਆਪਣੇ ਨਾਲ ਰੋਟੀ ਖੁਆਈ ਤੇ ਕਿਹਾ ਕਿ ਮੇਰੀ 'ਬੰਦਿਨੀ' ਫ਼ਿਲਮ ਲਈ ਚੋਣ ਹੋ ਗਈ ਹੈ। ਪਰ ਇਹ ਫ਼ਿਲਮ ਬਣ ਨਹੀਂ ਸਕੀ।

? 'ਦਿਲ ਭੀ ਤੇਰਾ ਹਮ ਭੀ ਤੇਰੇ' ਫ਼ਿਲਮ ਕਿਵੇਂ ਮਿਲੀ।

– ਉਨ੍ਹਾਂ ਦਿਨਾਂ 'ਚ ਸਾਡੇ ਨਾਲ ਅੰਮ੍ਰਿਤਸਰ ਵਾਲਾ ਸੁਰੇਸ਼ ਪੁਰੀ ਅਤੇ ਅਰਜੁਨ ਹਿੰਗੋਰਾਣੀ ਵੀ ਸੰਘਰਸ਼ ਕਰ ਰਹੇ ਸਨ। ਉਸ(ਹਿੰਗੋਰਾਣੀ) ਨੇ ਮੈਨੂੰ ਕਈ ਵਾਰ ਕਿਹਾ ਸੀ ਕਿ ਮੈਂ ਜਦੋਂ ਕਦੇ ਵੀ ਫ਼ਿਲਮ ਬਣਾਈ ਤੈਨੂੰ ਲੈ ਕੇ ਬਣਾਵਾਂਗਾ। ਮੈਂ ਅਕਸਰ ਉਸ ਦੀ ਇਸ ਗੱਲ ਨੂੰ ਮਜ਼ਾਕ 'ਚ ਟਾਲ ਦਿੰਦਾ ਸੀ। ਪਰ ਸ਼ਾਇਦ ਉਸ ਦੀ ਪਹਿਲੀ ਫ਼ਿਲਮ 'ਦਿਲ ਭੀ ਤੇਰਾ...' ਨਾਲ ਹੀ ਮੇਰੇ ਭਾਗ ਖੁੱਲ੍ਹਣੇ ਸੀ। ਇਸ ਫ਼ਿਲਮ ਨੇ ਮੇਰੇ ਲਈ ਅੱਗੇ ਰਾਹ ਖੋਲ੍ਹੇ। ਫ਼ਿਲਮ ਦਾ ਗੀਤ 'ਮੁਝ ਕੋ ਇਸ ਰਾਤ ਕੀ ਤਨਹਾਈ ਮੇਂ ਆਵਾਜ਼ ਨਾ ਦੇ' ਅੱਜ ਵੀ ਲੋਕ ਸੁਣਦੇ ਹਨ।

? ਫ਼ਿਲਮ ਇੰਡਸਟਰੀ 'ਚ ਤੁਹਾਡੀ ਜ਼ਿੰਦਗੀ ਦੀ ਪਹਿਲੀ ਕਮਾਈ...

– ਮੈਨੂੰ ਬਿਮਲ ਰਾਏ ਜੀ ਨੇ ਫ਼ਿਲਮ 'ਬੰਦਿਨੀ' ਲਈ 5 ਹਜ਼ਾਰ ਰੁਪਏ ਦਿੱਤੇ ਸਨ ਜੋ ਉਨ੍ਹਾਂ ਦਿਨਾਂ 'ਚ ਬਹੁਤ ਵੱਡੀ ਰਕਮ ਸੀ।

? ਤੁਹਾਨੂੰ ਮਿਲੇ 'ਹੀਮੈਨ' ਦੇ ਖ਼ਿਤਾਬ ਦੀ ਨੀਂਹ ਕਿਸ ਫ਼ਿਲਮ ਤੋਂ ਰੱਖੀ ਗਈ।

– ਫ਼ਿਲਮ 'ਫ਼ੂਲ ਔਰ ਪੱਥਰ'(1966) ਵਿੱਚ ਪਹਿਲੀ ਵਾਰ ਮੈਂ ਆਪਣੀ ਕਮੀਜ਼ (ਸ਼ਰਟ) ਉਤਾਰੀ ਸੀ। ਇਸ ਫ਼ਿਲਮ ਤੋਂ ਬਾਅਦ ਲੋਕ ਮੈਨੂੰ 'ਸ਼ਾਕਾ' ਵੀ ਕਹਿਣ ਲੱਗ ਪਏ ਸਨ। ਸ਼ਾਇਦ ਇਸੇ ਫ਼ਿਲਮ ਨੇ ਹੀ 'ਹੀਮੈਨ' ਦੇ ਖ਼ਿਤਾਬ ਦਾ ਮੁੱਢ ਬੰਨ੍ਹਿਆ।

? ਇਸ ਮੁਕਾਮ 'ਤੇ ਪਹੁੰਚ ਕੇ ਕਿੰਨਾ ਕੁ ਸਕੂਨ ਮਿਲਿਆ ਹੈ।

– ਸੱਚ ਪੁੱਛੋ ਤਾਂ ਮੈਨੂੰ ਅੱਜ ਵੀ ਯਕੀਨ ਨਹੀਂ ਆਉਂਦਾ ਕਿ ਮੈਂ ਵਧੀਆ ਐਕਟਰ ਹਾਂ। ਇਸ ਸੁਆਲ ਦੇ ਜੁਆਬ 'ਚ ਮੈਂ ਇਹੀ ਕਹਾਂਗਾ 'ਐਸੇ ਵੈਸੇ ਲੋਕ ਬਣ ਜਾਤੇ ਹੈਂ ਕੈਸੇ ਕੈਸੇ, ਮੁਝੇ ਤੋਂ ਮੈਂ ਭੀ ਨਾ ਬਣਨਾ ਆਇਆ, ਵੈਸੇ ਬਣੂ ਤੋਂ ਕੈਸੇ।'

? ਸਿਆਸਤ ਵੱਲ ਝੁਕਾਅ ਕਿਵੇਂ ਹੋ ਗਿਆ।

– ਮੇਰੀ ਕਦੇ ਵੀ ਸਿਆਸਤ 'ਚ ਦਿਲਚਸਪੀ ਨਹੀਂ ਰਹੀ। ਅਸਲ 'ਚ ਮੇਰੀ ਅਟਲ ਬਿਹਾਰੀ ਵਾਜਪਾਈ ਨਾਲ ਗੂੜੀ ਸਾਂਝ ਸੀ। ਉਨ੍ਹਾਂ ਮੈਨੂੰ ਮਜਬੂਰ ਕਰਕੇ ਸਿਆਸਤ 'ਚ ਲਿਆਂਦਾ ਸੀ। ਮੈਨੂੰ ਪੰਜਾਬ ਤੋਂ ਵੀ ਚੋਣ ਲੜਨ ਲਈ ਕਿਹਾ ਗਿਆ ਸੀ, ਪਰ ਮੈਂ ਨਾਂਹ ਕਰ ਦਿੱਤੀ। ਬੀਕਾਨੇਰ ਤੋਂ ਵੀ ਮੈਂ ਮਜਬੂਰੀ ਵੱਸ ਹੀ ਚੋਣ ਲੜੀ ਸੀ।

? ਤੁਹਾਡੀ ਸਫ਼ਲਤਾ ਦਾ ਰਾਜ਼...

– ਮੇਰੀ ਇਮਾਨਦਾਰੀ, ਮੇਰਾ ਮਿਲਣਸਾਰ ਸੁਭਾਅ। ਮੈਂ ਕਦੇ ਵੀ ਅਹੁਦੇ ਨੂੰ ਤਰਜੀਹ ਨਹੀਂ ਦਿੱਤੀ। ਮੇਰੇ ਲਈ ਇਨਸਾਨ ਪਹਿਲਾਂ ਹੈ। ਕਦੇ ਇਹ ਨਹੀਂ ਸੋਚਿਆ ਕਿ ਮੈਂ ਸਟਾਰ ਹਾਂ, ਸਾਧਾਰਨ ਜੱਟ ਹਾਂ। ਕਹਿੰਦੇ ਹਨ 'ਹੋਤੀ ਹੈ ਤਾਰੀਫ਼ ਅਹਿਮੀਅਤ ਕੀ, ਇਨਸਾਨੀਅਤ ਕੀ ਮਗਰ ਕਦਰ ਹੋਤੀ ਹੈ, ਤਰਜੀਹ ਨਾ ਦੇ ਅਹੁਦੇ ਕੋ ਇਨਸਾਨੀਅਤ ਪੇ, ਬੰਦੇ ਪੇ ਖੁਦਾ ਕੀ ਨਜ਼ਰ ਹੋਤੀ ਹੈ'। ਮੈਂ ਹਰੇਕ ਨੂੰ ਪਿਆਰ ਨਾਲ ਮਿਲਦਾ ਹਾਂ। ਬਸ ਇਹੀ ਮੇਰਾ ਗੁਣ ਹੈ। ਮੈਨੂੰ ਪਿਆਰ ਕਰਨ ਵਾਲੇ ਮੇਰਾ ਸਰਮਾਇਆ ਹਨ।

## ਵਿਆਹ ਲਈ ਤਿਆਰ ਹੋ ਰਹੀ ਮੁਟਿਆਰ 'ਤੇ ਤੇਜ਼ਾਬ ਸੁੱਟਿਆ, ਹਾਲਤ ਗੰਭੀਰ

ਲੁਧਿਆਣਾ- ਇੱਥੇ ਸਰਾਭਾ ਨਗਰ ਸਥਿਤ ਬਿਊਟੀ ਪਾਰਲਰ ਵਿੱਚ ਤਿਆਰ ਹੋ ਰਹੀਆਂ ਦੋ ਲੜਕੀਆਂ 'ਤੇ ਨੌਜਵਾਨ ਨੇ ਤੇਜ਼ਾਬ ਸੁੱਟ ਦਿੱਤਾ। ਇਸ ਹਮਲੇ ਕਾਰਨ ਦੋਵੇਂ ਲੜਕੀਆਂ ਬੁਰੀ ਤਰ੍ਹਾਂ ਝੁਲਸ ਗਈਆਂ ਅਤੇ ਗੰਭੀਰ ਹਾਲਤ ਵਿੱਚ ਜ਼ੇਰੇ ਇਲਾਜ ਹਨ।

ਬਿਊਟੀ ਪਾਰਲਰ ਵਿੱਚ ਕੰਮ ਕਰਦੀ ਲੜਕੀ ਦਲਜੀਤ ਕੌਰ ਨੇ ਦੱਸਿਆ ਕਿ ਸਵੇਰੇ ਕਰੀਬ 8.30 ਵਜੇ ਡਿਊਟੀ ਪਾਰਲਰ ਦੇ ਅੰਦਰ ਦੋ ਲੜਕੀਆਂ ਆਪਣੇ ਵਿਆਹ ਲਈ ਤਿਆਰ ਹੋ ਰਹੀਆਂ ਸਨ। ਇਸ ਦੌਰਾਨ ਇੱਕ ਨੌਜਵਾਨ ਜਿਸ ਦਾ ਮੂੰਹ ਬੰਨ੍ਹਿਆ ਹੋਇਆ ਸੀ, ਅੰਦਰ ਆਇਆ ਅਤੇ ਸਟਾਫ ਤੋਂ ਤਿਆਰ ਹੋ ਰਹੀ ਲੜਕੀ ਦਾ ਨਾਂ ਲੈ ਕੇ ਪੁੱਛਿਆ। ਜਦੋਂ ਸਟਾਫ ਨੇ ਲੜਕੀ ਵੱਲ ਇਸ਼ਾਰਾ ਕੀਤਾ ਤਾਂ ਨੌਜਵਾਨ ਤੁਰੰਤ ਲੜਕੀ ਵੱਲ ਵਧਿਆ ਅਤੇ ਉਸ ਦੇ ਚਿਹਰੇ ਉੱਪਰ ਤੇਜ਼ਾਬ ਸੁੱਟ ਦਿੱਤਾ। ਇਸ ਨਾਲ ਲੜਕੀ ਬੁਰੀ ਤਰ੍ਹਾਂ ਝੁਲਸ ਗਈ। ਇਸ ਹਮਲੇ ਕਾਰਨ ਨਾਲ ਦੀ ਕੁਰਸੀ 'ਤੇ ਬੈਠੀ ਇੱਕ ਹੋਰ ਲੜਕੀ ਵੀ ਝੁਲਸ ਗਈ। ਦੋਵਾਂ ਲੜਕੀਆਂ ਨੂੰ ਇਲਾਜ ਲਈ ਡੀ.ਐਮ.ਸੀ. ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਇਸ ਹਮਲੇ ਵਿੱਚ ਇੱਕ ਲੜਕੀ ਦਾ ਚਿਹਰਾ ਅਤੇ ਸਰੀਰ ਦੇ ਹੋਰ ਹਿੱਸੇ ਝੁਲਸ ਗਏ। ਉਹ 65 ਫੀਸਦੀ ਤੋਂ ਜ਼ਿਆਦਾ ਸੜ ਗਈ। ਦੂਸਰੀ ਲੜਕੀ ਦੀ ਪਿੱਠ 'ਤੇ ਤੇਜ਼ਾਬ ਡਿੱਗਿਆ ਹੈ। ਉਸ ਨੂੰ ਮੁਢਲੀ ਸਹਾਇਤਾ ਤੋਂ ਬਾਅਦ ਘਰ ਭੇਜ ਦਿੱਤਾ ਗਿਆ।

ਲੁਧਿਆਣਾ ਦੇ ਪੁਲੀਸ ਕਮਿਸ਼ਨਰ ਐਨਐਸ ਢਿੱਲੋਂ ਅਨੁਸਾਰ 22 ਸਾਲਾ ਪੀੜਤ ਲੜਕੀ ਬਰਨਾਲਾ ਦੀ ਰਹਿਣ ਵਾਲੀ ਹੈ। ਤੇਜ਼ਾਬ ਪਾਉਣ ਵਾਲਾ 25 ਸਾਲਾ ਨੌਜਵਾਨ ਘਟਨਾ ਨੂੰ ਅੰਜਾਮ ਦੇਣ ਮਗਰੋਂ ਮੌਕੇ ਤੋਂ ਫਰਾਰ ਹੋ ਗਿਆ। ਉਨ੍ਹਾਂ ਦੱਸਿਆ ਕਿ ਨੌਜਵਾਨ ਵੱਲੋਂ ਲੜਕੀ ਨੂੰ ਫੋਨ 'ਤੇ ਧਮਕੀਆਂ ਦਿੱਤੀਆਂ ਜਾਂਦੀਆਂ ਸਨ ਕਿ ਜਾਂ ਤਾਂ ਉਹ ਉਸ ਨਾਲ ਵਿਆਹ ਕਰਵਾਏ ਜਾਂ ਫਿਰ ਸਿੱਟੇ ਭੁਗਤਣ ਲਈ ਤਿਆਰ ਰਹੇ।

ਪੁਲੀਸ ਅਨੁਸਾਰ ਤੇਜ਼ਾਬ ਸੁੱਟਣ ਵਾਲਾ ਨੌਜਵਾਨ ਪੀੜਤ ਲੜਕੀ ਦੇ ਭਰਾ ਦਾ ਦੋਸਤ ਹੈ ਅਤੇ ਬਰਨਾਲਾ ਦਾ ਹੀ ਹੈ। ਦੋਸ਼ੀ ਨੌਜਵਾਨ ਦੀ ਭਾਲ ਵਿੱਚ ਪੁਲੀਸ ਟੀਮ ਬਰਨਾਲਾ ਭੇਜੀ ਗਈ ਹੈ।

ਸੂਤਰਾਂ ਅਨੁਸਾਰ ਨੌਜਵਾਨ ਨੇ ਲੜਕੀ 'ਤੇ ਤੇਜ਼ਾਬ ਸੁੱਟਣ ਤੋਂ ਪਹਿਲਾਂ ਉਸ ਨੂੰ ਇੱਕ ਚਿੱਠੀ ਦਿੱਤੀ ਸੀ। ਲੜਕੀ ਦੇ ਪਰਿਵਾਰ ਨੇ ਇਸ ਹਮਲੇ ਵਿੱਚ ਆਪਣੇ ਇੱਕ ਰਿਸ਼ਤੇਦਾਰ ਦੇ ਸ਼ਾਮਲ ਹੋਣ ਦਾ ਦੋਸ਼ ਲਾਇਆ ਹੈ। ਘਟਨਾ ਸਥਾਨ 'ਤੇ ਪੁੱਜੇ ਏ.ਸੀ.ਪੀ. ਨੇ ਦੱਸਿਆ ਕਿ ਬਿਊਟੀ ਪਾਰਲਰ ਦੇ ਸੀਸੀਟੀਵੀ ਕੈਮਰੇ ਵਿੱਚ ਸਾਰੀ ਘਟਨਾ ਰਿਕਾਰਡ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ। ਹਮਲਾਵਰ ਦਾ ਨਾਂ ਵਿਸ਼ਾਲ ਗਰਗ ਦੱਸਿਆ ਜਾ ਰਿਹਾ ਹੈ। ਪੁਲੀਸ ਸੂਤਰਾਂ ਅਨੁਸਾਰ ਇਸ ਮਾਮਲੇ ਵਿੱਚ ਦੇਰ ਸ਼ਾਮ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

## ਬੱਬੂ ਮਾਨ ਮਨੀਲਾ ਵਿੱਚ ਗ੍ਰਿਫ਼ਤਾਰ ਤੇ ਰਿਹਾਅ

ਮੁਹਾਲੀ- ਪੰਜਾਬੀ ਗਾਇਕ ਬੱਬੂ ਮਾਨ ਤੇ ਉਸ ਦੇ ਟਰੁੱਪ ਨੂੰ ਅੱਜ ਫਿਲਪੀਨਜ਼ ਦੀ ਰਾਜਧਾਨੀ ਮਨੀਲਾ ਵਿੱਚ ਪੁਲੀਸ ਨੇ ਗ੍ਰਿਫਤਾਰ ਕਰ ਲਿਆ।

ਇੱਥੇ ਸੀਆਈਡੀ ਦੇ ਜ਼ਿਲ੍ਹਾ ਵਿੰਗ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬੱਬੂ ਨੇ ਉੱਥੇ ਸ਼ੋਅ ਕਰਨ ਲਈ ਪਰਮਿਟ ਨਹੀਂ ਸੀ ਲਿਆ ਜਿਸ ਕਾਰਨ ਪੁਲੀਸ ਨੇ ਪੂਰੇ ਟਰੁੱਪ ਨੂੰ ਹਿਰਾਸਤ ਵਿੱਚ ਲੈ ਲਿਆ। ਬਾਅਦ ਵਿੱਚ ਜੁਰਮਾਨਾ ਵਸੂਲ ਕੇ ਸਭ ਨੂੰ ਰਿਹਾਅ ਕਰ ਦਿੱਤਾ ਗਿਆ।

ਇਸੇ ਦੌਰਾਨ ਮਿਲੀ ਇਕ ਹੋਰ ਜਾਣਕਾਰੀ ਅਨੁਸਾਰ ਬੱਬੂ ਮਾਨ ਤੇ ਉਸ ਦੇ ਟਰੁੱਪ ਦੀ ਰਿਹਾਈ ਦੀ ਪੁਸ਼ਟੀ ਨਹੀਂ ਹੋਈ। ਇਹ ਜ਼ਰੂਰ ਹੈ ਕਿ ਉਨ੍ਹਾਂ ਨੂੰ ਇਮੀਗ੍ਰੇਸ਼ਨ ਕੇਂਦਰ ਭੇਜ ਦਿੱਤਾ ਗਿਆ ਸੀ, ਜਿੱਥੋਂ ਬੇਦਖਲੀ ਦੇ ਹੁਕਮ ਜਾਰੀ ਹੋਣ ਮਗਰੋਂ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇਗਾ।


ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
PANNUN THE LAW FIRM
ATTORNEYS & COUNSELLORS



ਇੰਮੀਗ੍ਰੇਸ਼ਨ ਲਾਅ
❑ ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
❑ 9th & 2nd ਸਰਕਿਟ ਅਪੀਲਜ਼
ਡੀਪੋਰਟੇਸ਼ਨ ਪਟੀਸ਼ਨਜ
❑ ਬੋਨਾਫਾਇਡ ਅਸਾਇਲਮ ਪਟੀਸ਼ਨਜ਼
❑ ਸਿਟੀਜ਼ਨਸ਼ਿਪ ਅਪੀਲ
39180 Liberty Street, Suite 118, Fremont, CA 94538
510.796.9000 (Office), 510.796.9002 (Fax)



ਸ੍ਰੀ ਬੂਟਾ ਰਾਮ ਜੋਸ਼ੀ ਫਰਵਾਲਾ ਵਾਲੇ
Pandit Buta Ram Joshi




ਕਾਰੋਬਾਰ, ਨੌਕਰੀ, ਸੰਤਾਨ ਪਰਾਪਤੀ, ਕੋਰਟ ਕਚਿਹਰੀ, ਜ਼ਮੀਨ ਜਾਇਦਾਦ, ਵਿਦੇਸ਼ ਯਾਤਰਾ ਆਦਿ ਦੇ ਹੱਲ ਵਾਸਤੇ ਮਿਲੋ ਜਾਂ ਫੋਨ ਕਰੋ



(Pharwala Wale) Red Book Astrologer
ਫੋਨ :559-803-0055 ਜਾਂ 559-271-1579
Fresno Astrology Center, Fresno

# ਪਾਣੀ ਨੂੰ ਸੰਭਾਲੋ ਅੰਜਾਈ ਨਾ ਜਾਣ ਦਿਓ

**- ਡਾਕਟਰ ਅਜੀਤ ਸਿੰਘ ਕੋਟਕਪੂਰਾ**



ਗੁਰਬਾਣੀ ਵਿਚ ਦਰਜ ਹੈ ਪਹਲਾ ਪਾਣੀ ਜੀਓ ਹੈ ਜਿਤ ਹਾਰਿਆ ਸਭ ਕੋਇ ਅਰਥਾਤ ਪਾਣੀ ਜੀਵਨ ਹੈ ਅਤੇ ਪਾਣੀ ਤੋਂ ਬਿਨਾ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਪਾਣੀ ਹੀ ਬਨਾਸਪਤੀ ਨੂੰ ਹਰਿਆਂ ਕਰਨ ਦਾ ਸਾਧਨ ਹੈ ਅਤੇ ਜੀਵ ਜੰਤੂਆਂ ਨੂੰ ਸੁਖੀ ਅਤੇ ਖੁਸ਼ੀਆਂ ਭਰਪੂਰ ਰਖਣ ਵਿਚ ਪੂਰਨ ਰੂਪ ਵਿਚ ਸਹੀ ਹੈ ।ਇਸੇ ਲਈ ਹੀ ਚੰਦ੍ਰਮਾ ਤੇ ਪੁਜ ਕਿ ਜੀਵਨ ਦੀਆ ਸੰਭਾਵਨਾਵਾਂ ਤਰਾਸ਼ਣ ਸਮੇਂ ਇਹ ਦੇਖਿਆ ਗਿਆ ਕਿ ਉਥੇ ਪਾਣੀ ਹੈ ਜਾਂ ਪੇਹ੍ਲਾਂ ਕਦੇ ਪਾਣੀ ਸੀ ਜਾਂ ਜੋ ਵੀ ਮਿਟੀ ਦੇਖੀ ਗਈ ਉਸ ਵਿਚ ਪਾਣੀ ਦੀ ਕਿਤਨੀ ਮੌਜੂਦਗੀ ਹੈ ਜਾਂ ਬਿਲਕੁਲ ਨਹੀਂ ਇਸ ਸਬੰਧੀ ਖੋਜਾਂ ਜਾਰੀ ਹਨ ਉਮੀਦ ਹੈ ਅਸੀਂ ਨਿਕਟ ਭਵਿਖ ਵਿਚ ਕਿਸੇ ਠੋਸ ਸਿਟੇ ਤੇ ਪੂਜ ਸਕਾਂਗੇ।

ਹੁਣ ਰੂਸ ਅਮਰੀਕਾ ਅਤੇ ਭਾਰਤ ਮੰਗਲ ਗ੍ਰਿਹ ਤੇ ਜਾਣ ਲੈ ਖੋਜਾਂ ਕਰ ਰਹੇ ਹਨ ਉਥੇ ਵੀ ਸਭ ਤੋਂ ਪੇਹ੍ਲਾਂ ਪਾਣੀ ਦੀ ਤਲਾਸ਼ ਹੈ ਇਨਸਾਨ ਉਮੀਦ ਦੇ ਸਿਰ ਤੇ ਚਲ ਰਹਿਆ ਹੈ ਅਤੇ ਆਸ ਕਰਦੇ ਹਾਂ ਕਿ ਮਨੁਖ ਦੇ ਯਤਨ ਸਫਲ ਹੋਣਗੇ ।ਪਾਣੀ ਦੀ ਉਪ੍ਲ੍ਭਤਾ ਹੋ ਜਾਣ ਤੇ ਬਾਦ ਬਾਕੀ ਸੰਭਾਵਨਾਵਾਂ ਖੋਜੀਆਂ ਜਾਣਗੀਆਂ । ਜਿਥੇ ਅਸੀਂ ਹੋਰ ਗ੍ਰੇਹਾਂ ਵਲ ਪਾਣੀ ਖੋਜਣ ਦੇ ਯਤਨ ਕਰ ਰਹੇ ਹਾਂ ਜੋ ਸਾਡੇ ਪਾਸ ਸਾਡੀ ਧਰਤੀ ਤੇ ਪਾਣੀ ਹੈ ਉਸ ਨੂੰ ਅੰਜਾਈ ਗੁਆ ਰਹੇ ਹਾਂ । ਇਸ ਵਲ ਵੀ ਨਿਠ ਕੇ ਬੈਠ ਕੇ ਵਿਚਾਰ ਕਰਨ ਦੀ ਲੋੜ ਹੈ ।ਅਜੇਹਾ ਨਾ ਹੋਵੇ ਕਿ ਅਸੀਂ ਹੋਰ ਗ੍ਰੇਹਾਂ ਤੇ ਪਾਣੀ ਲਭਦੇ ਰਹੀਏ ਤੇ ਆਪਣੇ ਕੋਲ ਵਾਲਾ ਪਾਣੀ ਅੰਜਾਈ ਹੀ ਖਤਮ ਕਰ ਬੈਠੀਏ ।ਇਸ ਲਈ ਅਰਥ ਭਰਪੂਰ ਯਤਨਾ ਦੀ ਲੋੜ ਹੈ ।ਥੋੜੀਆਂ ਸਾਵਧਾਨੀਆਂ ਵਰਤ ਕੇ ਅਸੀਂ ਕੀਮਤੀ ਪਾਣੀ ਨੂੰ ਬਚਾ ਸਕਦੇ ਹਾਂ।

ਪੰਜਾਬ ਵਿਚ ਕਿਸੇ ਸਮੇਂ ਪੰਜ ਦਰਿਆ ਵਗਦੇ ਸਨ। ਸਮੇਂ ਦੀ ਚਾਲ ਅਤੇ ਰਾਜਨੀਤਕ ਪਾਰਟੀਆਂ ਦੀ ਮੇਹਰਬਾਨੀ ਸਦਕਾ ਇਸ ਨੂੰ 1947 ਵਿਚ ਵੰਡਿਆ ਗਿਆ ਅਤੇ ਕੇਵਲ ਅਢਾਈ ਦਰਿਆ ਹੀ ਸਾਡੇ ਪੰਜਾਬ ਦੇ ਹਿਸੇ ਆਏ ।ਫਿਰ ਹਿਮਾਚਲ ਪਰਦੇਸ ਦੇ ਬਣਨ ਤੇ ਅਤੇ 1966 ਵਿਚ ਹਰਿਆਣਾ ਦੇ ਬਣਨ ਨਾਲ ਪੰਜਾਬ ਨੂੰ ਹੋਰ ਛੁਟੇਰਾ ਕੀਤਾ ਗਿਆ । ਪੰਜਾਬੀਆ ਨੇ ਇਹ ਸਭ ਆਪਣੇ ਪਿੰਡੇ ਤੇ ਹੰਢਾਇਆ । ਜੇ ਅਸੀਂ ਪਾਣੀ ਦੇ ਹਿਸਾਬ ਨਾਲ ਨਿਗ੍ਹਾ ਮਾਰਦੇ ਹਾਂ ਤਾਂ ਸਾਡੇ ਪਾਸ ਪੀਣ ਲਈ ਸਾਫ਼ ਪਾਣੀ ਦੀ ਇਕ ਵੀ ਚੂਲੀ ਉਪਲਭਦ ਨਹੀਂ ਹੈ ।ਹਰ ਘਰ ਵਿਚ ਪਾਣੀ ਨੂੰ ਸਾਫ਼ ਕਰਨ ਦੀਆਂ ਮਸ਼ੀਨਾ ਲਗ ਚੁਕੀਆਂ ਹਨ ।

ਰੋਜ਼ਾਨਾ ਜੀਵਨ ਵਿਚ ਅਸੀਂ ਪਾਣੀ ਦੀ ਵਰਤੋਂ ਬਹੁਤ ਹੀ ਲਾਪਰਵਾਹੀ ਨਾਲ ਕਰ ਰਹੇ ਹਾਂ ਜੇ ਅਸੀਂ ਆਪਣੇ ਆਪ ਵਿਚ ਸੁਧਾਰ ਨਾ ਕੀਤਾ ਤਾਂ ਓਹ ਦਿਨ ਦੂਰ ਨਹੀਂ ਕਿ ਪਾਣੀ ਲਈ ਅਸੀਂ ਦਰ ਦਰ ਭਟਕਦੇ ਨਜਰ ਆਵਾਂਗੇ ।ਸਾਫ਼ ਪਾਣੀ ਨੂੰ ਗੰਧ੍ਲਾਂ ਕਰਨ ਵਿਚ ਭਰਪੂਰ ਯੋਗਦਾਨ ਪਾਇਆ ਜਾ ਰਿਹਾ ਹੈ ।ਉਪਜ ਦੇ ਵਾਧੇ ਲਈ ਅਸੀਂ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਬੇਸ਼ੁਮਾਰ ਵਰਤੋਂ ਕਰ ਕਿ ਅਸੀਂ ਧਰਤੀ ਦੇ ਹੇਠਲਾ ਪਾਣੀ ਦੂਸ਼ਿਤ ਕਰ ਦਿਤਾ ਹੈ ਜਿਸ ਨੇ ਕਈ ਬਿਮਾਰੀਆਂ ਨੂੰ ਸਦਾ ਦਿਤਾ ਹੈ।

ਝੋਨੇ ਦੀ ਪੈਦਾਵਾਰ ਲੈ ਅਸੀਂ ਧਰਤੀ ਅੰਦਰੋਂ ਬਹੁਤ ਪਾਣੀ ਦੀ ਨਿਕਾਸੀ ਕਰ ਲਈ ਹੈ ਇਸ ਨਾਲ ਪਾਣੀ ਦਾ ਧਰਤੀ ਹੇਠਲਾ ਪਧਰ ਨੀਵਾਂ ਹੋ ਚੁਕਾ ਹੈ। ਡੂੰਘੇ ਟਿਊਬਵੈਲ ਲਗਵਾਓਣ ਦੀ ਲੋੜ ਮੇਹ੍ਸੂਸ ਕੀਤੀ ਜਾ ਰਹੀ ਹੈ ।ਇਸ ਬਾਰੇ ਸੋਚਣ ਦੀ ਲੋੜ ਹੈ ਕਿ ਅਸੀਂ ਪਾਣੀ ਦੀ ਵਰਤੋਂ ਪ੍ਰਤੀ ਸਾਵਧਾਨ ਹੋਈਏ।

ਫੈਕਟਰੀਆਂ ਦੇ ਵਧਣ ਨਾਲ ਉਨ੍ਹਾਂ ਵਿਚੋਂ ਨਿਕਲਣ ਵਾਲਾ ਰਸਾਇਣ ਯੁਕਤ ਪਾਣੀ ਅਸੀਂ ਨੇੜੇ ਲੰਘਣ ਵਾਲੀਆਂ ਨੇਹਰਾਂ ਵਿਚ ਸੁਟ ਕੇ ਉਸ ਪਾਣੀ ਨੂੰ ਪ੍ਰਦੂਸ਼ਿਤ ਕਰ ਵਰਤੋਂ ਯੋਗ ਨਹੀਂ ਰਹਨ ਦਿਤਾ ਹੈ। ਕਾਰਖਾਨੇ ਵਿਚੋਂ ਨਿਕਲਣ ਵਾਲਾ ਤੇਜਾਬ ਵਾਲਾ ਪਾਣੀ ਪਾ ਕੇ ਲੁਧਿਆਣਾ ਅਤੇ ਜਲੰਧਰ ਦੇ ਨਾਲੋਂ ਲੰਘਣ ਵਾਲੀਆਂ ਨੇਹਰਾਂ ਵਿਚ ਸੁਟ ਉਸ ਪਾਣੀ ਨੂੰ ਵੀ ਤੇਜ਼ਾਬੀ ਕਰ ਦਿਤਾ ਹੈ ਜੋ ਕਿ ਵਰਤੋਂ ਯੋਗ ਨਹੀਂ ਰਿਹਾ ਹੈ। ਚਿਟੀ ਵੇਈਂ ਜਿਸ ਦਾ ਪਾਣੀ ਪੀਣ ਲਈ ਵਰਤਿਆ ਜਾਂਦਾ ਸੀ ਹੁਣ ਉਸ ਵਿਚ ਜਾਨਵਰ ਵੀ ਕਦਮ ਰਖਣ ਤੋਂ ਘਬਰਾਹਟ ਮੇਹ੍ਸੂਸ ਕਰਦੇ ਹਨ ।ਸਤਲੁਜ ਦਰਿਆ ਦਾ ਪਾਣੀ ਕਿਸੇ ਵੇਲੇ ਪਵਿਤਰ ਸਮਝਿਆ ਜਾਂਦਾ ਸੀ ਹੁਣ ਇਤਨਾ ਪ੍ਰਦੂਸ਼ਿਤ ਹੋ ਚੁਕਾ ਹੈ ਕਿ ਯਾਦ ਨਹੀਂ ਆਓਂਦਾ ਕੀ ਇਹ ਕਦੇ ਸਾਫ਼ ਵੀ ਹੁੰਦਾ ਸੀ।

ਤੇਜ਼ਾਬੀ ਪਾਣੀ ਦੀ ਵਰਤੋਂ ਨੇ ਲੋਕਾਂ ਨੂੰ ਅਨੇਕਾਂ ਨਾ ਮੁਰਾਦ ਬਿਮਾਰੀਆਂ ਦਿਤੀਆਂ ਹਨ ਜਿਨ੍ਹਾਂ ਦਾ ਇਲਾਜ ਆਮ ਆਦਮੀ ਦੇ ਵੱਸ ਵਿਚ ਨਹੀਂ ਹੈ। ਇਨ੍ਹਾ ਹਾਲਾਤਾਂ ਨੂੰ ਧਿਆਨ ਵਿਚ ਰਖਦੇ ਹੋਏ ਸਾਨੂੰ ਪਾਣੀ ਨੂੰ ਸੰਭਾਲਣ ਦੀ ਅਤੀ ਲੋੜ ਹੈ ।ਰੋਜ਼ਾਨਾ ਜੀਵਨ ਵਿਚ ਪਾਣੀ ਨੂੰ ਸੁਚਜੇ ਢੰਗਾਂ ਨਾਲ ਵਰਤ ਕੇ ਅਸੀਂ ਅਓਨ ਵਾਲੀਆਂ ਪੀੜੀਆਂ ਲਈ ਸਾਫ਼ ਪਾਣੀ ਛੱਡ ਸਕਦੇ ਹਾਂ।

ਜਲ ਸਰੋਤਾਂ ਨੂੰ ਪ੍ਰਦੂਸ਼ਨ ਤੋਂ ਬਚਾਣ ਲਈ ਉਨ੍ਹਾਂ ਵਿਚ ਸਾਨੂੰ ਫੈਕਟਰੀਆਂ ਵਿਚੋਂ ਨਿਕਲਿਆ ਪਾਣੀ ਨਹੀਂ ਪਾਣਾ ਚਾਹੀਦਾ ਹੈ ਉਸ ਪ੍ਰਦੂਸ਼ਿਤ ਪਾਣੀ ਨੂੰ ਪੀਣ ਯੋਗ ਬਣਾਨ ਲਈ ਢੰਗ ਲਭ ਕੇ ਉਨ੍ਹਾਂ ਢੰਗਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਪਾਣੀ ਨੂੰ ਸਾਫ਼ ਕਰਨ ਉਪਰੰਤ ਵਰਤੋਂ ਯੋਗ ਬਣਾ ਲੇਣਾ ਜਰੂਰੀ ਹੈ। ਜਲ ਸਰੋਤਾਂ ਵਿਚ ਕੂੜਾ ਕਰਕਟ ਨਾ ਪਾਇਆ ਜਾਵੇ। ਕੂੜੇ ਕਰਕਟ ਦੀ ਸੰਭਾਲ ਲਈ ਵਖਰੇ ਪ੍ਰਬੰਧ ਕਰਨ ਦੀ ਜਰੂਰਤ ਹੈ।

ਪਾਣੀ ਦੀ ਵਰਤੋਂ ਜਾਨਵਰਾਂ ਨੂੰ ਨਹਾਓਣ ਲਈ ਕੀਤੀ ਜਾਂਦੀ ਹੈ ਜਿਸ ਵਿਚ ਲਾਪਰਵਾਹੀ ਵਰਤੀ ਜਾਂਦੀ ਹੈ ਅਸੀਂ ਘਰਾਂ ਵਿਚ ਪਾਣੀ ਦੀ ਪਾਈਪ ਖੁਲੀ ਛਡ ਕੇ ਪਸ਼ੂ ਨਹੌਂਦੇ ਹਨ ਇਸ ਦੀ ਥਾਂ ਜੇ ਕਰ ਪਾਣੀ ਦੀਆਂ ਬਾਲਟੀਆਂ ਵਰਤੀਆਂ ਜਾਣ ਤਾਂ ਘੱਟ ਪਾਣੀ ਵਰਤਿਆ ਜਾਵੇਗਾ ਤੇ ਪਾਣੀ ਦੀ ਬਚਤ ਹੋ ਸਕਦੀ ਹੈ।

ਕਾਰ ਦੇ ਧੋਣ ਲਈ ਵੀ ਜੇ ਬਾਲਟੀਆਂ ਭਰ ਕੇ ਮਗ ਦੀ ਵਰਤੋਂ ਕੀਤੀ ਜਾਵੇ ਤਾਂ ਪਾਣੀ ਦੀ ਬਚਤ ਹੋ ਸਕਦੀ ਹੈ। ਕਾਰ, ਸਕੂਟਰ, ਮੋਟਰ ਸਾਇਕਲ ਅਤੇ ਘਰਾਂ ਦੇ ਫਰਸ਼ ਰੋਜ਼ਾਨਾ ਧੋਣ ਦੀ ਲੋੜ ਨਹੀਂ ਅਸੀਂ ਗਿਲੇ ਕਪੜੇ ਦੀ ਵਰਤੋਂ ਕਰ ਕੇ ਸਾਫ਼ ਕਰ ਸਕਦੇ ਹਾਂ। ਇਸ਼ਨਾਨ ਕਰਨ ਸਮੇਂ ਬਾਲਟੀ ਅਤੇ ਮਗ ਦੀ ਵਰਤੋਂ ਕਰ ਕੇ ਵਿਅਰਥ ਜਾ ਰਹੇ ਪਾਣੀ ਦੀ ਬਚਤ ਕੀਤੀ ਜਾ ਸਕਦੀ ਹੈ। ਫਲੱਸ਼ ਵਿਚ ਘਟ ਪਾਣੀ ਦੀ ਵਰਤੋਂ ਹੋਵੇ ਇਸ ਲਈ ਸਿਸਟਰਨ ਟੰਕੀ ਦੀ ਵਰਤੋਂ ਲਾਭਦਾਇਕ ਹੈ।

ਜਦੋਂ ਹੱਥ ਧੋਤੇ ਜਾਂਦੇ ਹਨ ਤਾਂ ਸਾਬਣ ਮਲਦੇ ਸਮੇਂ ਵੀ ਟੂਟੀ ਖੁਲੀ ਛੱਡ ਲਈ ਜਾਂਦੀ ਹੈ ਜੇ ਉਸ ਸਮੇਂ ਟੂਟੀ ਨੂੰ ਬੰਦ ਕਰ ਲਿਆ ਜਾਵੇ ਤਾਂ ਪਾਣੀ ਦੀ ਬਚਤ ਹੋ ਸਕਦੀ ਹੈ। ਦੰਦਾਂ ਨੂੰ ਬਰੁਸ਼ ਕਰਦੇ ਸਮੇਂ ਜੇ ਕਰ ਟੂਟੀ ਬੰਦ ਕਰ ਲਈ ਜਾਵੇ ਤਾਂ ਪਾਣੀ ਦਾ ਬਚਾ ਹੋ ਸਕਦਾ ਹੈ ਪ੍ਰੰਤੂ ਜਦ ਅਸੀਂ ਬਰੂਸ਼ ਕਰ ਰਹੇ ਹੁੰਦੇ ਟੂਟੀ ਚਲਦੀ ਹੀ ਰਖਦੇ ਹਾਂ ਜਿਸ ਦਾ ਧਿਆਨ ਰਖਣ ਦੀ ਲੋੜ ਹੈ।

ਕੱਪੜੇ ਧੋਣ ਵਾਲੀ ਮਸ਼ੀਨ ਦੀ ਵਰਤੋਂ ਕਰਦੇ ਸਮੇਂ ਪਾਣੀ ਦੀ ਬਚਤ ਕਰਨ ਲਈ ਇਕ ਲੋਡ ਪੂਰਾ ਹੋਣ ਤੇ ਕਪੜੇ ਧੋਤੇ ਜਾਨ ਤਾਂ ਇਸ ਤਰਾਂ ਕਰਨ ਨਾਲ ਪਾਣੀ ਦੇ ਬਚਾ ਤੋਂ ਇਲਾਵਾ ਬਿਜਲੀ ਦੀ ਬਚਤ ਵੀ ਹੁੰਦੀ ਹੈ ਅਤੇ ਪੈਸੇ ਦੀ ਬਚਤ ਵੀ ਹੁੰਦੀ ਹੈ।

ਘਰਾਂ ਵਿਚ ਕਈ ਵਾਰ ਥੋੜਾ ਥੋੜਾ ਰਿਸਾਵ ਹੁੰਦਾ ਰਹੰਦਾ ਹੈ ਜਿਸ ਪ੍ਰਤੀ ਧਿਆਨ ਨਹੀਂ ਦਿਤਾ ਜਾਂਦਾ ਜੇ ਕਰ ਸਮੇਂ ਸਿਰ ਉਸ ਰਿਸਾਵ ਨੂੰ ਰੋਕ ਦਿਤਾ ਜਾਵੇ ਤਾਂ ਪਾਣੀ ਦੀ ਬਚਤ ਕੀਤੀ ਜਾ ਸਕਦੀ ਹੈ।

ਜੇਕਰ ਕਿਸੇ ਥਾਂ ਉਪਰ ਦੇਖਿਆਂ ਜਾਂਦਾ ਹੈ ਕਿ ਟੂਟੀ ਅੰਜਾਈ ਚਲ ਰਹੀ ਹੈ ਤਾਂ ਉਸ ਨੂੰ ਬੰਦ ਕਰ ਦੇਣਾ ਜਰੂਰੀ ਹੈ ਤਾਂ ਜੋ ਪਾਣੀ ਨੂੰ ਵਿਅਰਥ ਜਾਣ ਤੋਂ ਬਚਾਇਆ ਜਾ ਸਕੇ।

ਰਸੋਈ ਲਈ ਅਤੇ ਸੁੰਦਰਤਾ ਦੇ ਵਾਧੇ ਲਈ ਬਣਾਈ ਹੋਈ ਕਿਆਰੀ ਵਿਚ ਪਾਣੀ ਸਵੇਰੇ ਜਾਂ ਦੇਰ ਸ਼ਾਮ ਪਾਣੀ ਦਿੱਤਾ ਜਾਵੇ ਤਾਂ ਜੋ ਪਾਣੀ ਬਰਬਾਦ ਨਾ ਹੋਵੇ। ਖੇਤਾਂ ਵਿਚ ਪਾਣੀ ਦੇਣ ਲਈ ਫੁਆਰਾ ਪ੍ਰਣਾਲੀ ਦੀ ਵਰਤੋਂ ਪਾਣੀ ਨੂੰ ਬਚਾ ਲੈਣ ਵਿਚ ਸਹਾਈ ਹੋਵੇਗੀ। ਖੇਤਾਂ ਵਿਚ ਤੁਪਕਾ ਪ੍ਰਣਾਲੀ ਦਾ ਪ੍ਰਯੋਗ ਵੀ ਪਾਣੀ ਦੀ ਬਚਤ ਵਿਚ ਮਦਦਗਾਰ ਸਿਧ ਹੋਵੇਗਾ।

ਜੇਕਰ ਅਸੀਂ ਇਨ੍ਹਾਂ ਛੋਟੀਆਂ ਪਰ ਮਹਤਵ ਪੂਰਨ ਗਲਾਂ ਵਲ ਧਿਆਨ ਦੇਵਾਂਗੇ ਤਾਂ ਅਸੀਂ ਯਕੀਨਨ ਅਪਨੀ ਵਾਲੀਆਂ ਨਸਲਾਂ ਲਈ ਪਾਣੀ ਬਚਾ ਸਕਾਂਗੇ।

ਗੁਰਬਾਣੀ ਵਿਚ ਦਰਜ ਹੈ

ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ
ਦਿਵਸ ਰਾਤ ਦੋਏ ਦਾਈ ਦਾਇਆ ਖੇਲੇ ਸਗਲ ਜਗਤ।

ਉਪਰੋਕਤ ਅਨੁਸਾਰ ਆਪਣੇ ਪਾਣੀ ਪਿਤਾ ਦੇ ਸਤਕਾਰ ਲਈ ਅਤੇ ਅਪਨੀ ਅਗਲੀ ਪੀੜੀ ਲਈ ਜੇ ਕਰ ਅਸੀਂ ਕੁਝ ਕਰਨਾ ਲੋਚਦੇ ਹਾਂ ਤਾਂ ਸਾਨੂੰ ਪਾਣੀ ਦੀ ਵਰਤੋਂ ਪ੍ਰਤੀ ਸਾਵਧਾਨ ਹੋਣਾ ਪਵੇਗਾ ਅਤੇ ਜੇ ਕਰ ਅਸੀਂ ਲਾਪਰਵਾਹੀ ਨਾਲ ਵਰਤੋਂ ਜਾਰੀ ਰੱਖੀ ਤਾਂ ਨਵੀਨ ਪੀੜੀ ਸਾਡੇ ਉਪਰ ਮਾਣ ਕਰਨ ਦੀ ਥਾਂ ਸਾਨੂੰ ਨਿੰਦਣ ਲਈ ਤਿਆਰ ਹੋਵੇਗੀ ।

ਭਾਈ ਵੀਰ ਸਿੰਘ ਜੀ, ਪੰਜਾਬੀ ਦੇ ਮਹਾਨ ਸਾਹਿਤਕਾਰ ਦੀ ਰਚਨਾ ਹੈ

ਰਹੀ ਵਾਸਤੇ ਘਤ ਸਮੇਂ ਨੇ ਇਕ ਨਾ ਮੰਨੀ ,
ਮੈਂ ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ,
ਉਠ ਸੰਭਲ ਸੰਭਾਲ ਇਸ ਸਮੇਂ ਨੂੰ ਕਰ ਸਫਲ ਓਡੰਦਾ ਜਾਵੰਦਾ,
ਇਹ ਠੇਹਰਨ ਜਾਚ ਨਾ ਜਾਣਦਾ,
ਲਾਗਹ ਗਿਆ ਨਾ ਮੁੜ ਕੇ ਆਵੰਦਾ।

ਸੋ ਮੌਕਾ ਹੈ ਸਮੇਂ ਅਨੁਸਾਰ ਸੰਭਲ ਜਾਈਏ ਤੇ ਪਾਣੀ ਨੂੰ ਵਰਤਣ ਵਿਚ ਸੰਜਮਤਾ ਦਾ ਪੱਲਾ ਫੜੀਏ ਅਜੇਹਾ ਨਾ ਹੋਵੇ ਕਿ ਬਹੁਤ ਦੇਰ ਹੋ ਜਾਵੇ ਤੇ ਸਾਡੇ ਲਈ ਪਿਛੇ ਮੁੜ ਕੇ ਤੱਕਣਾ ਵੀ ਕਠਿਨ ਹੋ ਜਾਵੇ।

ਇਸ ਲਈ ਸਾਨੂੰ ਪਾਣੀ ਨੂੰ ਸੰਜਮ ਨਾਲ ਵਰਤਣਾ ਚਾਹੀਦਾ ਹੈ ਅਤੇ ਸਾਨੂੰ ਇਹ ਸਮਝਣਾ ਪਵੇਗਾ ਕਿ ਪਾਣੀ ਜੀਵਨ ਦਾ ਮੁਖ ਧੁਰਾ ਹੈ ਇਸ ਦੀ ਬਚਤ ਕਰਨ ਵਿਚ ਸਾਡੀ ਅਤੇ ਆਓਨ ਵਾਲੀਆਂ ਅਗਲੀਆਂ ਪੀੜੀਆਂ ਦੀ ਭਲਾਈ ਹੈ।

# ਖੁਸ਼ਹਾਲ ਭਾਰਤ ਬਣਾਉਣ ਲਈ ਚੌਥਾ ਇਤਿਹਾਸਕ ਮੌਕਾ

ਦੁਨੀਆ ’ਚ ਲੱਗਭਗ 200 ਛੋਟੇ-ਵੱਡੇ ਦੇਸ਼ ਹਨ ਪਰ ਅਜਿਹਾ ਨਿਕੰਮਾ ਦੇਸ਼ ਕਿਤੇ ਵੀ ਨਹੀਂ ਹੋਵੇਗਾ, ਜਿਹੜਾ ਕੁਦਰਤ ਵਲੋਂ ਦਿੱਤੇ ਗਏ ਸੋਮਿਆਂ ਦੀ ਆਪਣੀ ਨਾਲਾਇਕੀ ਕਾਰਨ ਵਰਤੋਂ ਨਾ ਕਰ ਕੇ ਇਥੇ ਤਿਆਰ ਹੋਣ ਵਾਲੀਆਂ ਚੀਜ਼ਾਂ ਵਿਦੇਸ਼ਾਂ ਤੋਂ ਦੁੱਗਣੇ ਭਾਅ ’ਤੇ ਮੰਗਵਾ ਰਿਹਾ ਹੋਵੇ। ਕੁਦਰਤ ਨੇ ਭਾਰਤ ਦੀ ਧਰਤੀ ਅੰਦਰ 200 ਸਾਲਾਂ ਲਈ ਕੋਇਲੇ ਦੇ ਭੰਡਾਰ ਰੱਖ ਦਿੱਤੇ ਹਨ ਪਰ ਭ੍ਰਿਸ਼ਟਾਚਾਰ ਕਾਰਨ ਕੋਇਲਾ ਨਹੀਂ ਕੱਢਿਆ ਜਾ ਰਿਹਾ ਅਤੇ ਦੇਸ਼ ਦੀ ਲੋੜ ਲਈ ਦੁੱਗਣੇ ਭਾਅ ’ਤੇ ਵਿਦੇਸ਼ਾਂ ਤੋਂ ਮੰਗਵਾਇਆ ਜਾ ਰਿਹਾ ਹੈ। ਦੇਸ਼ ਦੇ ਖਜ਼ਾਨੇ ’ਚ ਅਜਿਹਾ ਘਾਟਾ ਨਿੱਤ ਦਿਨ ਮਹਿੰਗਾਈ ਵਧਾ ਰਿਹਾ ਹੈ, ਜੋ ਗਰੀਬ ਆਦਮੀ ਨੂੰ ਭੁੱਖੇ ਮਰਨ ਲਈ ਮਜਬੂਰ ਕਰ ਰਹੀ ਹੈ।

ਦੁਨੀਆ ਭਰ ਦੇ ਦੇਸ਼ਾਂ ਵਿਚ ਅਜਿਹਾ ਭ੍ਰਿਸ਼ਟ ਦੇਸ਼ ਲੱਭਣਾ ਮੁਸ਼ਕਿਲ ਹੋਵੇਗਾ, ਜਿਸ ਦੇ ਪ੍ਰਧਾਨ ਮੰਤਰੀ ਆਪਣੇ ਦਫਤਰ ’ਚ ਜ਼ਰੂਰੀ ਫਾਈਲਾਂ ਵੀ ਸੰਭਾਲ ਕੇ ਨਹੀਂ ਰੱਖ ਸਕਦੇ। ਦੇਸ਼ ਦੇ 120 ਕਰੋੜ ਲੋਕਾਂ ਦੀ ਜਾਇਦਾਦ ਭਾਵ 50 ਲੱਖ ਕਰੋੜ ਰੁਪਏ ਦੇ ਕੋਇਲੇ ਦੇ ਭੰਡਾਰ ਸਰਕਾਰ ਨੇ ਆਪਣੇ 165 ਚਹੇਤਿਆਂ ਨੂੰ ਵੰਡ ਦਿੱਤੇ। ਨਿਯਮਾਂ ਦੀਆਂ ਧੱਜੀਆਂ ਉਡਾਈਆਂ ਗਈਆਂ, ਰੌਲਾ ਪਿਆ, ਮਾਮਲਾ ਸੁਪਰੀਮ ਕੋਰਟ ਤਕ ਗਿਆ। ਅਲਾਟਮੈਂਟ ਰੱਦ ਹੋਈ ਅਤੇ ਸੀ. ਬੀ. ਆਈ. ਨੂੰ ਜਾਂਚ ਕਰਨ ਲਈ ਕਿਹਾ ਗਿਆ। ਸੀ. ਬੀ. ਆਈ. ਜਦੋਂ ਜਾਂਚ ਕਰ ਰਹੀ ਸੀ ਤਾਂ ਉਸੇ ਸਮੇਂ ਇੰਨੀਆਂ ਅਹਿਮ ਜ਼ਰੂਰੀ ਫਾਈਲਾਂ ਪ੍ਰਧਾਨ ਮੰਤਰੀ ਦੇ ਦਫਤਰ ’ਚੋਂ ਗਾਇਬ ਹੋ ਗਈਆਂ। ਸੋਚਣ ਵਾਲੀ ਗੱਲ ਇਹ ਹੈ ਕਿ ਜੇ ਇੰਨੇ ਅਹਿਮ ਮਾਮਲੇ ਨਾਲ ਸੰਬੰਧਤ ਫਾਈਲਾਂ ਜਾਂਚ ਦੇ ਸਮੇਂ ਹੀ ਪ੍ਰਧਾਨ ਮੰਤਰੀ ਦੇ ਦਫਤਰ ’ਚੋਂ ਗਾਇਬ ਹੋ ਸਕਦੀਆਂ ਹਨ ਤਾਂ ਫਿਰ ਇਸ ਦੇਸ਼ ’ਚੋਂ ਕੁਝ ਵੀ ਗੁਆਚ ਸਕਦਾ ਹੈ। ਜਿਹੜੇ ਲੋਕ ਫਾਈਲਾਂ ਨੂੰ ਨਹੀਂ ਸੰਭਾਲ ਸਕਦੇ, ਉਹ ਦੇਸ਼ ਨੂੰ ਕਿਵੇਂ ਸੰਭਾਲਣਗੇ। ਜੇ ਅੱਜ ਭ੍ਰਿਸ਼ਟਾਚਾਰ ਅਤੇ ਨਿਕੰਮੇਪਨ ਦੀ ਓਲੰਪਿਕ ਗੇਮ ਕਰਵਾਈ ਜਾਵੇ ਤਾਂ ਭਾਰਤ ਨੂੰ ਸ਼ਾਇਦ ਪਹਿਲਾ ਇਨਾਮ ਮਿਲ ਜਾਵੇਗਾ।

ਦੇਸ਼ ਨੂੰ ਭ੍ਰਿਸ਼ਟਾਚਾਰ ਦੀ ਮਹਾਮਾਰੀ ਨੇ ਖੋਖਲਾ ਕਰ ਦਿੱਤਾ ਹੈ। ਜਨਤਾ ਗਰੀਬੀ ਅਤੇ ਮਹਿੰਗਾਈ ਤੋਂ ਦੁਖੀ ਹੈ। ਅਜਿਹੇ ਸਮੇਂ ’ਤੇ ਅਪ੍ਰੈਲ 2014 ਦੀਆਂ ਆਮ ਚੋਣਾਂ ਭਾਰਤੀ ਇਤਿਹਾਸ ’ਚ ਇਕ ਅਹਿਮ ਮੋੜ ਹੋਣਗੀਆਂ। ਭਾਰਤ ਲਈ ਸ਼ਹੀਦਾਂ ਦੇ ਸੁਪਨਿਆਂ ਦਾ ਇਕ ਖੁਸ਼ਹਾਲ ਭਾਰਤ ਬਣਾਉਣ ਦਾ ਇਹ ਚੌਥਾ ਇਤਿਹਾਸਕ ਮੌਕਾ ਹੈ। 1857 ਤੋਂ ਲੈ ਕੇ 1947 ਤਕ 90 ਸਾਲਾਂ ਦੇ ਲੰਬੇ ਸੰਘਰਸ਼ ਅਤੇ ਲੱਖਾਂ ਸ਼ਹੀਦਾਂ ਦੀ ਕੁਰਬਾਨੀ ਤੋਂ ਬਾਅਦ ਜਦੋਂ 15 ਅਗਸਤ 1947 ਨੂੰ ਭਾਰਤ ਆਜ਼ਾਦ ਹੋਇਆ ਸੀ ਤਾਂ ਸਭ ਨੂੰ ਉਮੀਦ ਹੀ ਨਹੀਂ ਸਗੋਂ ਯਕੀਨ ਵੀ ਸੀ ਕਿ ਹੁਣ ਇਕ ਸਵੈ-ਮਾਣ ਵਾਲੇ ਖੁਸ਼ਹਾਲ ਭਾਰਤ ਦਾ ਨਿਰਮਾਣ ਹੋਵੇਗਾ।

ਪਰ ਸੁਪਨਾ ਟੁੱਟ ਗਿਆ, ਦੇਸ਼ ’ਚ ਭ੍ਰਿਸ਼ਟਾਚਾਰ ਅਤੇ ਗਰੀਬੀ ਵਧਦੀ ਗਈ। 1967 ’ਚ ਤਬਦੀਲੀ ਦੀ ਥੋੜ੍ਹੀ ਜਿਹੀ ਹਵਾ ਚੱਲੀ ਅਤੇ 9 ਸੂਬਿਆਂ ’ਚ ਕਾਂਗਰਸ ਵਿਰੋਧੀ ਸਰਕਾਰਾਂ ਬਣੀਆਂ ਪਰ ਖੁਸ਼ਹਾਲ ਭਾਰਤ ਨਹੀਂ ਬਣ ਸਕਿਆ। ਤੀਜੀ ਵਾਰ ਜੈਪ੍ਰਕਾਸ਼ ਨਾਰਾਇਣ ਦੀ ਪ੍ਰਧਾਨਗੀ ਹੇਠ ਸਮੁੱਚੀ ਕ੍ਰਾਂਤੀ ਲਈ ਅੰਦੋਲਨ ਚੱਲਿਆ, ਦੇਸ਼ ’ਚ ਐਮਰਜੈਂਸੀ ਲੱਗੀ, ਫਿਰ ਚੋਣਾਂ ਹੋਈਆਂ ਅਤੇ ਮਜ਼ਬੂਤ ਬਹੁਮਤ ਨਾਲ ਜਨਤਾ ਪਾਰਟੀ ਦੀ ਸਰਕਾਰ ਬਣੀ ਪਰ ਬਦਕਿਸਮਤੀ ਨਾਲ ਇਹ ਯਤਨ ਵੀ ਨਾਕਾਮ ਰਿਹਾ। ਸਵਾਮੀ ਰਾਮਦੇਵ, ਅੰਨਾ ਹਜ਼ਾਰੇ ਦੇ ਅੰਦੋਲਨ ਅਤੇ ਸਮੂਹਿਕ ਜਬਰ-ਜ਼ਨਾਹ ਕਾਂਡ ਤੋਂ ਬਾਅਦ ਦੇਸ਼ ਦੇ ਲੋਕਾਂ ਨੇ ਇਕ ਜ਼ਬਰਦਸਤ ਅੰਦੋਲਨ ਚਲਾਇਆ। ਨੌਜਵਾਨ ਹੱਥਾਂ ’ਚ ਮੋਮਬੱਤੀਆਂ ਫੜ ਕੇ ਹਨੇਰੇ ਤੋਂ ਚਾਨਣ ਵੱਲ ਵਧਦੇ ਹੋਏ ਦੇਸ਼ ਦੀਆਂ ਸੜਕਾਂ ’ਤੇ ਉਤਰ ਆਏ। ਤਬਦੀਲੀ ਦੀ ਹਵਾ ਤਾਂ ਬਣੀ ਪਰ ਸਪੱਸ਼ਟ ਦਿਸ਼ਾ ਤੈਅ ਨਹੀਂ ਹੋਈ। ਜਨਤਾ ਬਦਲ ਲੱਭਦੀ ਰਹੀ। ਕਦੇ-ਕਦੇ ਭਾਰਤੀ ਜਨਤਾ ਪਾਰਟੀ ਵੱਲ ਬਹੁਮਤ ਦੀ ਨਜ਼ਰ ਤਾਂ ਗਈ ਪਰ ਪੂਰੀ ਤਰ੍ਹਾਂ ਨਾਲ ਟਿਕੀ ਨਹੀਂ।

ਅਜਿਹੀ ਭਰਮ ਵਾਲੀ ਸਥਿਤੀ ’ਚ ਗੁਜਰਾਤ ਵਿਚ ਨਰਿੰਦਰ ਮੋਦੀ ਦੇ ਰੂਪ ’ਚ ਲੋਕਾਂ ਨੂੰ ਆਸ ਦੀ ਕਿਰਨ ਨਜ਼ਰ ਆਈ। 2002 ਦੇ ਦੰਗਿਆਂ ਤੋਂ ਬਾਅਦ ਦੁਨੀਆ ਭਰ ਦੀ ਆਲੋਚਨਾ ਦਾ ਸ਼ਿਕਾਰ ਬਣੇ ਮੋਦੀ ਨੇ ਗੁਜਰਾਤ ਦੀ ਤਸਵੀਰ ਹੀ ਬਦਲ ਕੇ ਰੱਖ ਦਿੱਤੀ। ਉਥੇ ਵਿਕਾਸ ਕੀਤਾ, ਚੰਗਾ ਸ਼ਾਸਨ ਲਿਆਂਦਾ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕੀਤਾ। ਉਹ ਲਗਾਤਾਰ ਤਿੰਨ ਵਾਰ ਚੋਣਾਂ ਜਿੱਤ ਕੇ ਸੂਬੇ ਦੇ ਮੁੱਖ ਮੰਤਰੀ ਬਣੇ। ਬਦਲ ਲਈ ਹੱਥ-ਪੈਰ ਮਾਰਦੀ ਜਨਤਾ ਦੀਆਂ ਨਜ਼ਰਾਂ ਮੋਦੀ ’ਤੇ ਪਈਆਂ। ਭਾਰਤ ਦੇ ਇਤਿਹਾਸ ’ਚ ਇਹ ਪਹਿਲਾ ਮੌਕਾ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦਾ ਫੈਸਲਾ ਜਨਤਾ ਨੇ ਪਹਿਲਾਂ ਹੀ ਕਰ ਦਿੱਤਾ ਅਤੇ ਭਾਜਪਾ ਨੇ ਉਸ ਨੂੰ ਬਾਅਦ ’ਚ ਅਪਣਾਇਆ। ਪੱਛਮ ਦੇ ਭੌਤਿਕਵਾਦ ਦੀ ਹਨੇਰੀ ’ਚ ਭਾਰਤੀ ਲੋਕਾਂ ਦੀ ਸੋਚ ਬਦਲ ਰਹੀ ਹੈ। ਸਿੱਖਿਆ ਸੰਸਕਾਰਾਂ ਦਾ ਘੱਟ ਤੇ ਵਪਾਰ ਦਾ ਸਾਧਨ ਜ਼ਿਆਦਾ ਬਣ ਗਈ ਹੈ।

ਸਿਆਸੀ ਭ੍ਰਿਸ਼ਟਾਚਾਰ ਨੇ ਇਸ ਬਲਦੀ ਅੱਗ ’ਚ ਤੇਲ ਪਾਉਣ ਦਾ ਕੰਮ ਕੀਤਾ। ਦੇਸ਼ ਦਾ ਬਹੁਤ ਕੁਝ ਨਿਲਾਮ ਹੁੰਦਾ ਨਜ਼ਰ ਆ ਰਿਹਾ ਹੈ। ਨੈਤਿਕਤਾ, ਦੇਸ਼ਭਗਤੀ ਪਿੱਛੇ ਰਹਿ ਗਈ ਹੈ। ਸਭ ਕੁਝ ਧੰਦਾ ਬਣਦਾ ਜਾ ਰਿਹਾ ਹੈ। ਸਿਆਸਤ ਹੀ ਨਹੀਂ, ਹੁਣ ਤਾਂ ਧਰਮ ਵੀ ਧੰਦਾ ਬਣ ਗਿਆ ਹੈ। ਕਰੋੜਾਂ ਲੋਕਾਂ ਵਲੋਂ ਪੂਜੇ ਜਾਣ ਵਾਲੇ ਅਤੇ ਲੱਖਾਂ-ਕਰੋੜਾਂ ਦੀ ਜਾਇਦਾਦ ਇਕੱਠੀ ਕਰਨ ਵਾਲੇ ਕੁਝ ਸਾਧਾਂ ਦਾ ਸੱਚ ਸਾਹਮਣੇ ਆ ਰਿਹਾ ਹੈ।

ਦੇਸ਼ ’ਚ ਸਿਆਸਤ ਪ੍ਰਧਾਨ ਵਿਵਸਥਾ ਹੈ, ਇਸੇ ਲਈ ਜਿੰਨੀ ਦੇਰ ਉਪਰੋਂ ਸਿਆਸਤ ਦਾ ਕ੍ਰਾਂਤੀਕਾਰੀ ਸ਼ੁੱਧੀਕਰਨ ਨਹੀਂ ਹੋਵੇਗਾ, ਓਨੀ ਦੇਰ ਕੁਝ ਵੀ ਠੀਕ ਨਹੀਂ ਹੋਵੇਗਾ। ਇਤਿਹਾਸ ਪੁੱਛ ਰਿਹਾ ਹੈ ਕਿ ਹੁਣ ਨਹੀਂ ਸੰਭਲੋਗੇ ਤਾਂ ਕਦੋਂ ਸੰਭਲੋਗੇ।

ਅਪ੍ਰੈਲ 2014 ਕਿਤੇ ਸੰਭਲਣ ਦਾ ਆਖਰੀ ਮੌਕਾ ਨਾ ਬਣ ਜਾਵੇ। ਇਹ ਚੋਣਾਂ ਸਿਰਫ ਪਾਰਟੀ ਦੀ ਗੱਲ ਸੋਚ ਕੇ ਨਹੀਂ ਹੋਣੀਆਂ ਚਾਹੀਦੀਆਂ, ਹਰੇਕ ਦੇਸ਼ਭਗਤ ਭਾਰਤੀ ਨੂੰ ਪਾਰਟੀ ਤੋਂ ਉਪਰ ਉਠ ਕੇ ਦੇਸ਼ ਦੇ ਭਵਿੱਖ ਨੂੰ ਸਾਹਮਣੇ ਰੱਖ ਕੇ ਵੋਟ ਦੇਣੀ ਚਾਹੀਦੀ ਹੈ।

**– ਸ਼ਾਂਤਾ ਕੁਮਾਰ**

# ਧੀ ਦੇ ਜਜ਼ਬੇ ਨੂੰ ਸਲਾਮ!

**ਕਾ. ਗੁਰਨਾਮ ਸਿੰਘ**

ਸਾਡੇ ਸਮਾਜ ਵਿੱਚ ਅੱਜ ਵੀ ਧੀ ਜੰਮਣ ਨੂੰ ਚੰਗਾ ਨਹੀਂ ਮੰਨਿਆ ਜਾਂਦਾ, ਜਿਸ ਕਰਕੇ ਅੱਜ ਲੜਕਿਆਂ ਅਤੇ ਲੜਕੀਆਂ ਦੀ ਜੰਮਣ ਦਰ ਦੇ ਅਨੁਪਾਤ ਵਿੱਚ ਕਾਫ਼ੀ ਫ਼ਰਕ ਹੈ। ਮੇਰੀਆਂ ਖ਼ੁਦ ਪੰਜ ਧੀਆਂ ਹਨ। ਜਦੋਂ ਮੇਰੇ ਘਰ ਪਹਿਲੀ ਧੀ ਨੇ ਜਨਮ ਲਿਆ ਤਾਂ ਮੈਂ ਇਹ ਖ਼ੁਸ਼ਖ਼ਬਰੀ ਆਪਣੇ ਦਾਦਾ ਜੀ ਨੂੰ ਦੱਸੀ ਪਰ ਉਨ੍ਹਾਂ ਨੂੰ ਤਾਂ ਜਿਵੇਂ ਸੁਣਦੇ ਸਾਰ ਹੀ ਗਸ਼ ਪੈ ਗਿਆ। ਕਾਫ਼ੀ ਦੇਰ ਪਿੱਛੋਂ ਜਦੋਂ ਉਹ ਕੁਝ ਸੰਭਲੇ ਤਾਂ ਕਿਹਾ,’’ਪੁੱਤਰ, ਜਦੋਂ ਇਸ ਧਰਤੀ ’ਤੇ ਧੀ ਜੰਮਦੀ ਹੈ ਤਾਂ ਇਹ ਧੀ ਦੇ ਬੋਝ ਨਾਲ ਇੱਕ ਗਿੱਠ ਹੇਠ ਚਲੀ ਜਾਂਦੀ ਹੈ।’’ ਮੈਨੂੰ ਉਨ੍ਹਾਂ ਦੀ ਇਹ ਗੱਲ ਸੁਣ ਕੇ ਕਾਫ਼ੀ ਦੁੱਖ ਅਤੇ ਹੈਰਾਨੀ ਵੀ ਹੋਈ। ਮੈਂ ਆਪਣੇ ਮਨ ਨੂੰ ਇਹ ਕਹਿ ਕੇ ਧੀਰਜ ਦੇ ਲਿਆ ਕਿ ਇਹ ਗੱਲ ਦਾਦਾ ਜੀ ਨੇ ਪੁਰਾਣੇ ਖ਼ਿਆਲਾਂ ਦੇ ਹੋਣ ਕਰਕੇ ਆਖੀ ਹੋਵੇਗੀ।



ਮੈਂ ਆਪਣੀਆਂ ਪੰਜ ਧੀਆਂ ਵਿੱਚੋਂ ਦੋ ਨੂੰ ਅਧਿਆਪਨ ਅਤੇ ਬਾਕੀ ਤਿੰਨ ਨੂੰ ਨਰਸਿੰਗ ਕਿੱਤੇ ਵਿੱਚ ਪਾਇਆ। ਪੰਜਾਂ ਧੀਆਂ ’ਚੋਂ ਇੱਕ ਧੀ ਨੇ ਵਧੀਆ ਨੰਬਰਾਂ ਨਾਲ ਮੈਟ੍ਰਿਕ ਪਾਸ ਕੀਤੀ। ਇਸ ਦੌਰਾਨ ਉਸ ਨੇ ਸਾਲਾਨਾ ਇਮਤਿਹਾਨ ਵਿੱਚ ਇੰਗਲਿਸ਼ ਦੇ ਵਿਸ਼ੇ ਵਿੱਚ ਸੌ ਵਿੱਚੋਂ 93 ਨੰਬਰ ਅੰਕ ਪ੍ਰਾਪਤ ਕੀਤੇ। ਇਸ ਤੋਂ ਬਾਅਦ ਨਰਸਿੰਗ ਦਾ ਡਿਪਲੋਮਾ ਵੀ ਉਸ ਨੇ 75 ਫ਼ੀਸਦੀ ਅੰਕ ਲੈ ਕੇ ਪਹਿਲੇ ਦਰਜੇ ਵਿੱਚ ਪਾਸ ਕੀਤਾ। ਫਿਰ ਉਸ ਨੇ ਨਵਾਂ ਸ਼ਹਿਰ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਬਤੌਰ ਨਰਸ ਸਾਢੇ ਤਿੰਨ ਸਾਲ ਨੌਕਰੀ ਕੀਤੀ। ਇਸ ਪਿੱਛੋਂ ਉਸ ਨੇ ਚੰਡੀਗੜ੍ਹ ਦੇ ਸਰਕਾਰੀ ਹਸਪਤਾਲ ਅੰਦਰ ਵੀ ਕੁਝ ਸਮਾਂ ਨਰਸ ਦੀ ਨੌਕਰੀ ਕੀਤੀ। ਉਸ ਨੂੰ ਦਿੱਲੀ ਦੇ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਅੰਦਰ ਵੀ ਸੇਵਾਵਾਂ ਨਿਭਾਉਣ ਦਾ ਮੌਕਾ ਮਿਲਿਆ। ਇਸ ਪਿੱਛੋਂ ਉਹ ਪੀ.ਜੀ.ਆਈ. ਚੰਡੀਗੜ੍ਹ ਵਿੱਚ ਬਤੌਰ ਨਰਸ ਲੰਮਾ ਸਮਾਂ ਕੰਮ ਕਰਦੀ ਰਹੀ।

ਕੁਝ ਸਮਾਂ ਪਹਿਲਾਂ ਵਿਦੇਸ਼ੀ ਸੰਸਥਾ ਟੋਰਾਂਟੋ ਕਾਲਜ ਆਫ਼ ਨਰਸਿੰਗ ਵੱਲੋਂ ਲੈਕਚਰਾਰਾਂ ਦੀਆਂ ਅਸਾਮੀਆਂ ਕੱਢੀਆਂ ਗਈਆਂ ਸਨ। ਉਸ ਨੇ ਉੱਥੇ ਅਰਜ਼ੀ ਦੇ ਦਿੱਤੀ। ਪੀ.ਜੀ.ਆਈ. ਵਿੱਚ ਨੌਕਰੀ ਦੌਰਾਨ ਹੀ ਉਸ ਨੇ ਵਧੀਆ ਨੰਬਰਾਂ ਨਾਲ ਬੀ.ਐਸ.ਸੀ- ਨਰਸਿੰਗ ਪਾਸ ਕੀਤੀ। ਫਿਰ ਉਸ ਦੀ ਟੋਰਾਂਟੋ ਵਿਖੇ ਚੋਣ ਹੋ ਗਈ। ਭਾਰਤ ਵਿੱਚੋਂ ਕੇਵਲ ਦੋ ਲੜਕੀਆਂ ਦੀ ਹੀ ਉੱਥੇ ਚੋਣ ਹੋਈ ਹੈ, ਜਿਨ੍ਹਾਂ ’ਚੋਂ ਇੱਕ ਮੇਰੀ ਇਹੀ ਧੀ ਹੈ। ਹੁਣ ਉਹ ਟੋਰਾਂਟੋ ਵਿੱਚ ਨੌਕਰੀ ਕਰ ਰਹੀ ਹੈ। ਮੈਂ ਆਪਣੀ ਇਸ ਧੀ ਦੇ ਜਜ਼ਬੇ ਨੂੰ ਸਲਾਮ ਕਰਦਾ ਹਾਂ, ਜਿਸ ਨੇ ਆਪਣੀ ਮਿਹਨਤ ਨਾਲ ਜਿੱਥੇ ਵਧੀਆ ਨੌਕਰੀ ਪ੍ਰਾਪਤ ਕੀਤੀ, ਉੱਥੇ ਆਪਣੇ ਮਾਤਾ-ਪਿਤਾ ਦਾ ਨਾਮ ਵੀ ਰੋਸ਼ਨ ਕੀਤਾ ਹੈ। ਜੇ ਅੱਜ ਮੇਰੇ ਦਾਦਾ ਜੀ ਜਿਉਂਦੇ ਹੁੰਦੇ ਤਾਂ ਮੈਂ ਉਨ੍ਹਾਂ ਨੂੰ ਇਹ ਸਭ ਕੁਝ ਜ਼ਰੂਰ ਦੱਸਦਾ। ਮੈਂ ਉਨ੍ਹਾਂ ਨੂੰ ਇਹ ਵੀ ਕਹਿੰਦਾ ਕਿ ਦਾਦਾ ਜੀ, ਧੀ ਦੇ ਜੰਮਣ ’ਤੇ ਉਸ ਦੇ ਬੋਝ ਨਾਲ ਭਾਵੇਂ ਧਰਤੀ ਇੱਕ ਗਿੱਠ ਹੇਠਾਂ ਗਈ ਹੋਵੇ ਜਾਂ ਨਾਂਹ ਪਰ ਅੱਜ ਮੇਰੀ ਧੀ ਨੇ ਜੋ ਚਮਤਕਾਰ ਕਰ ਦਿਖਾਇਆ ਹੈ, ਉਸ ਨਾਲ ਮੇਰਾ ਕੱਦ ਇੱਕ ਗਿੱਠ ਜ਼ਰੂਰ ਉੱਚਾ ਹੋ ਗਿਆ ਹੈ। ਮੈਨੂੰ ਪੰਜ ਧੀਆਂ ਦੇ ਪਿਤਾ ਹੋਣ ’ਤੇ ਬਹੁਤ ਮਾਣ ਹੈ।

# ਰਾਵੀਓਂ ਪਾਰ ਮੇਰੇ ਰਾਂਝਣ ਦਾ ਡੇਰਾ- 2

ਕਿਸ਼ਤ 13ਵੀਂ

## 'ਝਟਕਾ ਬਨਾਮ ਹਲਾਲ'



ਸੁਰਿੰਦਰ ਧਨੋਆ
510-377-4197

ਗੱਲ ਇਹਨਾਂ ਦਿਨਾਂ ਦੀ ਹੈ, ਜਦੋਂ ਮੇਰੀ ਦਾਦੀ ਜਿਸਨੂੰ ਮੈਂ ਬੇਬੇ ਕਹਿੰਦਾ ਹੁੰਦਾ ਸੀ, ਉਹਨਾਂ ਕਹਿਣਾ ਪੁੱਤ ਇਹ ਦਿਨ ਬੜੇ ਕਾਲੇ ਦਿਨ ਨੇ ਬਹੁਤ ਹੀ ਭੈੜੇ। ਉਦੋਂ ਮੈਂ ਬਹੁਤ ਛੋਟਾ ਹੁੰਦਾ ਸੀ, ਸਾਨੂੰ ਸਮਝ ਨਾ ਲੱਗਣੀ ਕਿ ਕਾਲੇ ਦਿਨ ਇਹ ਕਿਵੇਂ ਹੋ ਗਏ, ਦਿਨ ਤਾਂ ਦਿਨ ਹੁੰਦਾ ਹੈ ਤੇ ਰਾਤ, ਰਾਤ ਹੁੰਦੀ ਹੈ। ਫਿਰ ਸਾਡੀ ਬੇਬੇ ਨੇ ਸਾਨੂੰ ਸਾਰਿਆਂ ਨੂੰ ਕੋਲ ਬੈਠ ਕੇ ਸਮਝਾਉਣਾ ਕਿ ਇਹਨਾਂ ਦਿਲਾਂ ਵਿਚ ਗੁਰੂ ਸਾਹਿਬ ਉਤੇ ਅਤੇ ਉਹਨਾਂ ਦੇ ਸਾਰੇ ਪਰਿਵਾਰ ਤੇ ਕਿੰਨੇ ਕਸ਼ਟ ਆਏ। ਅਸੀਂ ਸਾਰਿਆਂ ਨੇ ਚੁੱਲ੍ਹੇ ਮੂਹਰੇ ਬੈਠੇ ਹੋਣਾ ਅਤੇ ਨਾਲੇ ਬੇਬੇ ਦੀਆਂ ਗੱਲਾਂ ਸੁਣਨੀਆਂ ਤੇ ਹੁੰਗਾਰਾ ਭਰੀ ਜਾਣ। ਮੇਰੀ ਛੋਟੀ ਦਾਦੀ ਜਿਹਨਾਂ ਨੂੰ ਅਸੀਂ ਸਾਰੇ ਭੈਣ-ਭਰਾ ਅੰਮਾ ਕਹਿੰਦੇ ਹੁੰਦੇ ਸੀ, ਉਸਨੇ ਵਾਹਿਗੁਰੂ ਵਾਹਿਗੁਰੂ ਕਰੀ ਜਾਣਾ ਤੇ ਆਪਣੇ ਦੁਆਲੇ ਲਏ ਖੇਸ ਦੀ ਮਾਰੀ ਝੰਮੀ ਨੂੰ ਹੋਰ ਵੀ ਇਕੱਠਾ ਕਰ ਲੈਣਾ। ਕਹਿਣਾ ਭਾਈ ਉਹ ਕਿਹੋ ਜਿਹੀਆਂ ਰਾਤੀਆਂ ਹੋਣੀਆਂ ਨੇ ਜਦੋਂ ਇਕ ਬਜ਼ੁਰਗ ਔਰਤ ਆਪਣੇ ਮਾਸੂਮ ਬੱਚਿਆਂ ਦੇ ਨਾਲ ਠੰਡਾਂ ਵਿਚ ਦਰ-ਬ-ਦਰ ਫਿਰਦੀ ਹੋਊ। ਭਾਈ ਵਾਹਿਗੁਰੂ ਵਾਹਿਗੁਰੂ ਐਨਾ ਕਹਿਰ। ਫਿਰ ਬੇਬੇ ਨੇ ਕਹਿਣਾ ਭਾਈ ਦਿਓ ਤਾਂ ਆਹ ਭੂਕਨਾ, ਫੂਕ ਮਾਰਾਂ ਅੱਗ ਤਾਂ ਬੁਝਣ ਨੂੰ ਫਿਰਦੀ ਹੈ। ਸਰਸਾ ਨਦੀ ਨੂੰ ਵੀ ਦਾਦਣੀ ਨੂੰ ਉਸ ਦਿਨ ਹੀ ਗੁੱਸਾ ਆਉਂਦਾ ਸੀ, ਸਾਰਾ ਕੁਝ ਤਹਿਸ ਨਹਿਸ ਕਰਕੇ ਰੱਖ ਦਿੱਤਾ। ਅਸੀਂ ਚੁੱਲ੍ਹੇ ਦੇ ਹੋਰ ਨੇੜੇ ਨੂੰ ਪੀੜ੍ਹੀਆਂ ਲਿਖ ਲੈਣੀਆਂ, ਭਾਵੇਂ ਕਦੇ ਕਦੇ ਕੌੜੇ ਧੂੰਏ ਦਾ ਬੁੱਲ੍ਹਾਂ ਸਾਨੂੰ ਪਿੱਛੇ ਨੂੰ ਧਕੇਲ ਦਿੰਦਾ ਪਰ ਉਸ ਧੂੰਏ ਦੀ ਯਾਦ ਅੱਜ ਵੀ ਦਿਲਾਂ ਅੰਦਰ ਉਸੇ ਤਰ੍ਹਾਂ ਸਮੋਈ ਪਈ ਹੈ। ਕਿੰਨੀ ਕਿੰਨੀ ਰਾਤ ਹੋ ਜਾਣੀ ਅਸੀਂ ਚੁੱਲ੍ਹੇ ਦੁਆਲੇ ਤੋਂ ਨਾ ਉਠਣਾ। ਬੇਬੇ ਤੇ ਅੰਮਾ ਨੇ ਗੱਲਾਂ ਬੰਦ ਨਾ ਕਰਨੀਆਂ। ਇਹਨਾਂ ਦਿਨਾਂ ਵਿਚ ਬੱਚਿਓ ਆਪਾਂ ਸਾਰਿਆਂ ਨੇ ਥੱਲੇ ਸੌਣਾ ਹੈ। ਅਸੀਂ ਪੁੱਛਣਾ ਬੇਬੇ ਥੱਲੇ ਕਿਉਂ ਸੌਣਾ ਹੈ? ਉਹਨਾਂ ਕਹਿਣਾ ਪੁੱਤ ਦੇਖ ਛੋਟੇ ਬੱਚੇ ਤੇ ਉਹਨਾਂ ਦੀ ਦਾਦੀ ਕਿਹੜੇ ਮੰਜਿਆਂ ਉਤੇ ਸੌਂਦੇ ਸੀ। ਜਾਂ ਉਹਨਾਂ ਨੂੰ ਕਿਸੇ ਨੇ ਪਲੰਘ ਦਿੱਤੇ ਹੋਣੇ, ਉਹ ਤਾਂ ਭਾਈ ਕੈਦ ਵਿਚ ਸਨ। ਅੰਮਾ ਨੇ ਕਹਿਣਾ ਕਿ ਆਪਾਂ ਨੂੰ ਚੁੱਲ੍ਹੇ ਮੂਹਰੇ ਬੈਠਿਆਂ ਨੂੰ ਠੰਡ ਖਾਈ ਜਾਂਦੀ ਹੈ। ਉਹ ਤਾਂ ਭਾਈ ਠੰਡੇ ਬੁਰਜ ਵਿਚ ਕੈਦ ਸਨ। ਉਤੋਂ ਪੋਹ ਮਾਘ ਦੀ ਪੱਛੋਂ ਦੀ ਹਵਾ। ਵਿੱਚਦੀ ਨਿਕਲਦੀ ਜਾਂਦੀ ਹੋਣੀ ਹੈ ਵਾਹਿਗੁਰੂ ਵਾਹਿਗੁਰੂ..। ਉਦੋਂ ਭਾਵੇਂ ਅਸੀਂ ਸਾਰੇ ਬਹੁਤ ਛੋਟੇ ਸਾਂ, ਸਾਨੂੰ ਸਾਰੀਆਂ ਗੱਲਾਂ ਦੀ ਸਮਝ ਵੀ ਨਾ ਆਉਣੀ। ਫਿਰ ਬੇਬੇ ਨੇ ਕਹਿਣਾ ਕਿ ਭਾਈ ਵਜ਼ੀਦ ਖਾਨ ਤਾਂ ਬਹੁਤ ਹੀ ਜ਼ਹਿਰੀ ਸੂਬੇਦਾਰ ਹੁੰਦਾ ਤਾਂ, ਲਿਹਾਜ ਨੀ ਸੀ ਕਰਦਾ ਕਿਸੇ ਦੀ। ਪਰ ਜ਼ਿਆਦਾ ਬੇੜਾ ਤਾਂ ਗੰਗੂ ਬਾਹਮਣ ਤੇ ਸੁੱਚਾ ਨੰਦ ਦਾ ਬੈਠਿਆ, ਜਿਹਨਾਂ ਉਹਨਾਂ ਨੂੰ ਕੈਦ ਕਰਾਇਆ, ਨਾਲੇ ਸੂਬੇਦਾਰ ਦੇ ਕੰਨ ਭਰੇ। ਅਸੀਂ ਹੋਰ ਆਪਣੀਆਂ ਪੀੜ੍ਹੀਆਂ ਨੂੰ ਚੁੱਲ੍ਹੇ ਨੇੜੇ ਖਿੱਚੀ ਜਾਣਾ। ਬੇਬੇ ਇਹ ਸੁੱਚਾ ਨੰਦ ਕੌਣ ਸੀ? ਗੰਗੂ ਬ੍ਰਾਹਮਣ ਕੌਣ ਸੀ? ਬੇਬੇ ਨੇ ਕਹਿਣਾ ਪੁੱਤ ਮਾੜੇ ਮੁਨਸਫ਼ ਤੇ, ਪੈਸੇ ਦੇ ਲਾਲਚੀ ਹੋਰ ਨਹੀਂ ਤਾਂ ਕਿਆ। ਅੰਮਾ ਨੇ ਨਾਲ ਹਾਮੀ ਭਰਨੀ, ਆਹੋ ਪੁੱਤ ਤਾਂ ਹੀ ਤਾਂ ਇਹਨਾਂ ਕਰਾੜਾਂ ਨੂੰ ਟੌਂਡੇ ਕਹਿੰਦੇ ਹਾਂ ਟੌਂਡੇ। ਦਾਦਦੇ ਨਮਕ ਹਰਾਮ ਨਾ ਹੋਣ ਕਿਸੇ ਥਾਂ ਦੇ.. ਵਾਹਿਗੁਰੂ ਵਾਹਿਗੁਰੂ। ਬੇਸ਼ੱਕ ਉਹਨਾਂ ਦਿਨਾਂ ਵਿਚ ਇਸ ਸਾਰੇ ਕਾਸੇ ਦੀ ਐਨੀ ਸਮਝ ਨਹੀਂ ਸੀ ਪਰ ਉਸ ਵਕਤ ਦੀਆਂ ਗੱਲਾਂ ਦਿਲਾਂ ਤੇ ਉੱਕਰੀਆਂ ਗਈਆਂ, ਜਿਹੜੀਆਂ ਕਿ ਅੱਜ ਵੀ ਤਰੋ ਤਾਜ਼ਾ ਜ਼ਿਹਨ ਦੇ ਅੰਦਰ ਸਮਾਈਆਂ ਨੇ।

ਵਕਤ ਆਪਣੀ ਤੋਰੇ ਤੁਰਦਾ ਗਿਆ। ਅਸੀਂ ਵੱਡੇ ਹੋ ਗਏ। ਕਿੰਨੀਆਂ ਗੱਲਾਂ ਦੀ ਸਮਝ ਮਨ ਅੰਦਰ ਪੂਰਾ ਘਰ ਕਰ ਗਈ ਕਿ ਵਾਕਿਆ ਹੀ ਸਾਡੇ ਬਜ਼ੁਰਗਾਂ ਜੋ ਵੀ ਕੁਝ ਸਾਨੂੰ ਆਪਣੇ ਪਿਛੋਕੜ ਬਾਰੇ ਬਾਤਾਂ ਦੇ ਰੂਪ ਵਿਚ ਦੱਸਦੇ ਸੀ, ਉਸ ਦਾ ਅਸਰ ਸਾਰੀ ਉਮਰ ਬੱਚਿਆਂ ਦੇ ਦਿਲਾਂ ਅੰਦਰ ਛਾਇਆ ਰਹਿੰਦਾ ਹੈ। ਪਰ ਅੱਜ ਦੇਖ ਲਓ, ਇਹ ਬਾਤਾਂ ਵਾਲਾ ਸਭਿਆਚਾਰ ਅਸੀਂ ਝਟਕਾ ਕੇ ਰੱਖ ਦਿੱਤਾ। ਮੇਰਾ ਖਿਆਲ ਨਹੀਂ ਅੱਜ ਇਹ ਕੋਈ ਆਪਣੀ ਜ਼ਿੰਮੇਵਾਰੀ ਸਮਝਦਾ ਹੋਊ ਕਿ ਭਾਈ ਸਾਡੀ ਆਉਣ ਵਾਲੀ ਨਸਲ ਇਹ ਗੱਲਾਂ ਕਿਵੇਂ ਸਿੱਖੂ? ਕਿਸੇ ਕੋਲ ਕੋਈ ਟਾਈਮ ਹੀ ਨਹੀਂ ਰਿਹਾ। ਅੱਜ ਪੰਜਾਬ ਨਸ਼ੇ ਵਿਚ ਗੜੁੱਚ ਪਿਆ ਹੈ, ਇਸਦੇ ਵਿਚ ਕਸੂਰ ਸਾਡਾ ਵੀ ਹੈ। ਬੱਚੇ ਤਾਂ ਖੁੱਲ੍ਹੀ ਕਿਤਾਬ ਨੇ ਉਸ ਉਤੇ ਜੋ ਮਰਜ਼ੀ ਲਿਖ ਲਓ। ਹਵਾ ਦਾ ਦੌਰ ਹੀ ਉਲਟ ਪਾਸੇ ਨੂੰ ਚੱਲ ਪਿਆ। ਭਾਵੇਂ ਮੇਰਾ ਬਚਪਨ ਉਸ ਜਗ੍ਹਾ ਉਤੇ ਗੁਜ਼ਰਿਆ, ਜਿਸ ਧਰਤੀ ਉਤੇ ਕਿਸੇ ਮਰਦ ਅਗੰਮੜੇ ਦੇ ਘੋੜੇ ਦੇ ਪੈਰਾਂ ਦੀ ਟਾਪ ਲੱਗੀ। ਅਨੰਦਪੁਰ ਤੋਂ ਲੈ ਕੇ ਸਰਹਿੰਦ। ਕੀ ਕੁਝ ਨਹੀਂ ਹੋਇਆ ਇਸ ਖਿੱਤੇ ਦੇ ਉਤੇ। ਇਨ੍ਹਾਂ ਦਿਨਾਂ ਨੂੰ ਜਾਂ ਇਨ੍ਹਾਂ ਵਿਚ ਹੁੰਦੇ ਜੋੜ ਮੇਲੇ ਨੂੰ ਲੋਕ ਸਭਾ ਕਹਿੰਦੇ। ਅਨੰਦਪੁਰ ਤੋਂ ਪਰਿਵਾਰ ਵਿਛੋੜਾ, ਭੱਠਾ ਸਾਹਿਬ ਕਿੰਨੇ ਛੋਟੇ ਛੋਟੇ ਹੋਰ ਪਿੰਡ, ਚਮਕੌਰ, ਸਹੇੜੀ ਤੋਂ ਹੁੰਦਾ ਹੋਇਆ ਸਰਹਿੰਦ। ਸਰਹਿੰਦ ਤਾਂ ਹੁਣ ਪਿੱਛੇ ਰਹਿ ਗਿਆ, ਹੁਣ ਤਾਂ ਇਹ ਦਿਨ ਸਾਰੀ ਦੁਨੀਆਂ ਵਿਚ ਮਨਾਇਆ ਜਾਂਦਾ ਹੈ। ਪੋਹ ਮਾਘ ਦਾ ਮਹੀਨਾ, ਸੀਤ ਠੰਢਾ ਪੱਛੋਂ ਦਾ ਚਲਦਾ ਝੋਕਾ। ਚਾਰ-ਪੰਜ ਸਾਲ ਦੇ ਬੱਚੇ ਤੇ ਬਜ਼ੁਰਗ ਔਰਤ, ਕੀ ਬੀਤੀ ਹੋਊ ਉਹਨਾਂ 'ਤੇ ਉਸ ਦਿਨ। ਜ਼ਰਾ ਆਪਣੇ ਦਿਲ ਅੰਦਰ ਨਕਸ਼ਾ ਬੰਨ੍ਹ ਕੇ ਦੇਖੋ। ਪਰ ਅਸੀਂ ਛੋਲੇ ਭਟੂਰਿਆਂ ਦਾ ਲੰਗਰ, ਤਾਜ਼ੀਆਂ ਗਰਮਾ ਗਰਮ ਜਲੇਬੀਆਂ, ਰੌਲਾ ਰੱਪਾ ਭੱਜ ਦੌੜ, ਗਰਮਾ ਗਰਮ ਚਾਹਾਂ। ਕੀ ਵਾਕਿਆ ਹੀ ਅਸੀਂ ਉਸ ਦਿਨ ਮਾਸੂਮ ਜਿੰਦਾਂ ਨੂੰ ਯਾਦ ਕਰ ਰਹੇ ਹਾਂ? ਜ਼ਰਾ ਸੋਚੋ ਕਿ ਕਾਲੇ ਦਿਨਾਂ ਵਿਚ ਭਾਈ ਨੀਚੇ ਸੌਣਾ ਹੈ। ਕੋਈ ਵਿਆਹ ਸ਼ਾਦੀ ਨਹੀਂ ਹੋਊ ਇਹਨਾਂ ਦਿਨਾਂ ਵਿਚ। ਕੀ ਮੇਰੀ ਦਾਦੀ ਬਹੁਤ ਪੜ੍ਹੀ ਲਿਖੀ ਸੀ। ਨਹੀਂ ਦਿਲ ਵਿਚ ਦਰਦ ਸੀ। ਅੱਜ ਦਿਖਾਵਾ ਹੈ। ਅਜਿਹੇ ਦਿਲਾਂ ਦੇ ਅੰਦਰ ਵੀ ਰਾਜਨੀਤਿਕ ਸਟੇਜਾਂ ਤੇ ਧੂੰਆ ਧਾਰ ਚਿੱਕੜ ਇਕ ਦੂਸਰੇ ਉਤੇ ਸੁੱਟਿਆ ਜਾ ਰਿਹਾ ਹੈ। ਇਸ ਦਾ ਜ਼ਿੰਮੇਵਾਰ ਕੌਣ ਹੈ? ਬੋਲਣ ਵਾਲੇ ਜਾਂ ਫਿਰ ਹੇਠਾਂ ਨੂੰ ਗਰਦਨਾਂ ਸਿੱਟੀ ਬੈਠੇ ਲੋਕ। ਜਾਂ ਫਿਰ ਸਾਡੀ ਸੋਚ ਇਹੋ ਜਿਹੀ ਹੋ ਗਈ ਕਿ ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ। ਕੁਝ ਦਿਨ ਪਹਿਲਾਂ ਦੀ ਗੱਲ ਹੈ, ਮੈਂ ਵੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਵਾਲੇ ਦਿਨ ਫਰੀਮਾਂਟ ਗੁਰਦੁਆਰੇ ਮੱਥਾ ਟੇਕਣ ਚਲਾ ਗਿਆ। ਜਦੋਂ ਮੈਂ ਬਾਹਰਲੇ ਗੇਟ ਤੋਂ ਅੰਦਰ ਵੜਿਆ ਹੀ ਸੀ ਕਿ ਇਕ ਬੀਬੀ ਮਿਲੀ, ਜਿਸ ਦੇ ਹੱਥ ਵਿਚ ਦੋ ਭਰੀਆਂ ਹੋਈਆਂ ਜਲੇਬੀਆਂ ਦੀਆਂ ਪਲੇਟਾਂ ਸਨ। ਪਲੇਟਾਂ ਐਨੀਆਂ ਭਰੀਆਂ ਸਨ ਕਿ ਉਹ ਜਲੇਬੀਆਂ ਦਾ ਭਾਰ ਵੀ ਨਹੀਂ ਸੀ ਸਹਿ ਰਹੀਆਂ। ਇਕ ਦੋ ਜਲੇਬੀਆਂ ਲੱਖ ਕੋਸ਼ਿਸ਼ ਕਰਨ ਦੇ ਬਾਅਦ ਧਰਤੀ ਤੇ ਡਿੱਗ ਹੀ ਪਈਆਂ। ਬੀਬੀ ਨੇ ਆਪਣੀ ਚਾਲ ਜਾਰੀ ਰੱਖੀ। ਮੈਂ ਕਿਹਾ ਬੀਬੀ ਤੇਰੀਆਂ ਜਲੇਬੀਆਂ ਧਰਤੀ ਤੇ ਡਿੱਗ ਪਈਆਂ ਮੈਂ ਫੜਾਵਾਂ। ਮੇਰੇ ਤੋਂ ਵੀ ਰਿਹਾ ਨਾ ਗਿਆ, ਮੈਂ ਕਿਹਾ ਬੀਬੀ ਐਨੀਆਂ ਜਲੇਬੀਆਂ ਤੈਂ ਹੀ ਖਾਣੀਆਂ ਨੇ। ਬੀਬੀ ਨੇ ਤਾਂ ਭਾਈ ਨਾ ਦੇਖਿਆ ਅੱਗਾ ਨਾ ਪਿੱਛਾ। ਮੈਨੂੰ ਕਹਿੰਦੀ ਤੂੰ ਮੈਨੂੰ ਮੁੱਲ ਖਰੀਦ ਕੇ ਦਿੱਤੀਆਂ, ਨਜ਼ਰ ਹੀ ਲਾਤੀ, ਤਾਂ ਹੀ ਗਿਰੀਆਂ ਨੇ। ਇਸਨੂੰ ਦੱਸੋ ਅਸੀਂ ਕੀ ਕਹੀਏ? ਮੈਂ ਸੋਚਿਆ ਮਨਾ ਤੈਂ ਕਾਹਨੂੰ ਨਜ਼ਰ ਲਾਉਣੀ ਸੀ। ਖ਼ੈਰ ਕੀ ਸਾਡੀ ਸੋਚ ਇੱਥੇ ਤੱਕ ਹੀ ਰਹਿ ਗਈ ਕਿ ਬੱਸ ਖਾਧਾ ਪੀਤਾ ਹੀ ਲਾਹਾ, ਹੋਰ ਕੁਝ ਵੀ ਨਹੀਂ। ਵੰਡ ਕੇ ਛਕਣ ਨਾਲੋਂ ਅਸੀਂ ਤਾਂ ਘਰਾਂ ਨੂੰ ਲੈ ਕੇ ਭੱਜੇ ਜਾ ਰਹੇ ਹਾਂ। ਇਸ ਗੱਲ ਨੇ ਮੈਨੂੰ ਕਈ ਦਿਨ ਪ੍ਰੇਸ਼ਾਨ ਕਰਕੇ ਰੱਖਿਆ। ਉਹ ਵੀ ਸਿੱਖ ਸਨ ਜਿਹਨਾਂ ਆਪਣੇ ਮੂੰਹ ਵਿਚੋਂ ਕੱਢ ਕੇ ਪਹਿਲਾਂ ਲੋਕਾਂ ਨੂੰ ਵੰਡਿਆ, ਫਿਰ ਆਪ ਖਾਧਾ। ਕਿਉਂਕਿ ਉਹਨਾਂ ਲੋਕਾਂ ਦਾ ਕਿਰਦਾਰ ਵੱਡਾ ਸੀ।

ਮੈਨੂੰ ਇੱਥੇ ਇਕ ਗੱਲ ਹੋਰ ਚੇਤੇ ਆ ਗਈ। ਜਦੋਂ ਬੇਬੇ ਕਹਿੰਦੀ ਹੁੰਦੀ ਸੀ ਕਿ ਭਾਈ ਵਜ਼ੀਦ ਖਾਨ ਤਾਂ ਬੜਾ ਜ਼ਹਿਰੀ ਨਾਗ ਸੀ। ਪਰ ਸੁੱਚਾ ਨੰਦ ਤੇ ਗੰਗੂ ਬ੍ਰਾਹਮਣ ਤਾਂ ਉਸ ਨਾਲੋਂ ਵੀ ਭੈੜੇ ਸਨ। ਉਹਨਾਂ ਦਿਨਾਂ ਵਿਚ ਇਸ ਗੱਲ ਦੀ ਐਨੀ ਸਮਝ ਨਹੀਂ ਸੀ ਹੁੰਦੀ। ਇਤਿਹਾਸ ਕਹਿੰਦਾ ਹੈ ਜਾਂ ਇਹ ਵੀ ਕਹਿ ਲਓ ਕਿ ਕੌਮ ਦੇ ਵਧੀਆ ਸੂਝਵਾਨ ਤੇ ਗਿਆਨਵਾਨ ਤੇ ਅੱਛੀ ਸੋਚ ਵਾਲੇ ਇਨਸਾਨ ਭਾਈ ਪਿੰਦਰਪਾਲ ਸਿੰਘ ਜੀ ਹੋਰਾਂ ਤੋਂ ਮੈਂ ਇਹ ਸੁਣਿਆ ਸੀ ਕਿ ਸੂਬੇਦਾਰ ਸਰਹਿੰਦ ਨੇ ਕਾਜ਼ੀ ਨੂੰ ਬੁਲਾਇਆ ਕਿ ਇਹ ਬੱਚੇ ਕੋਈ ਗੱਲ ਕਬੂਲ ਨਹੀਂ ਕਰਦੇ। ਅਸੀਂ ਕਿਹਾ ਕਸੂਰ ਦੀ ਇਹਨਾਂ ਨੂੰ ਸਜ਼ਾ ਦੇਈਏ। ਤੁਸੀਂ ਆਪਣੀ ਕੋਈ ਕੁਰਾਨ ਦੀ ਜਾਂ ਸ਼ਰਾ ਦੀ ਐਸੀ ਗੱਲ ਦੱਸੋ, ਜਿਸ ਨਾਲ ਇਹ ਦੋਸ਼ੀ ਸਾਬਤ ਹੋਣ। ਤਾਂ ਕਾਜ਼ੀ ਨੇ ਅੱਗੋਂ ਕਿਹਾ ਸਰਕਾਰ ਇਹ ਬੱਚੇ ਬੇਗੁਨਾਹ ਨੇ। ਇਨ੍ਹਾਂ ਮਾਸੂਮਾਂ ਨੇ ਕਿਸੇ ਧਰਮ, ਰਾਜ ਜਾਂ ਹੋਰ ਬਾਰੇ ਕੁਝ ਵੀ ਗਲਤ ਨਹੀਂ ਕਿਹਾ। ਇਸ ਕਰਕੇ ਸ਼ਰਾ ਦੇ ਮੁਤਾਬਕ ਇਹ ਦੋਸ਼ੀ ਨਹੀਂ ਹਨ। ਇਹਨਾਂ ਨੂੰ ਬਰੀ ਕੀਤਾ ਜਾਵੇ। ਵਜੀਦ ਖਾਨ ਸੋਚੀਂ ਪੈ ਗਿਆ। ਅਦਾਲਤ ਬਰਖਾਸਤ ਕਰ ਦਿੱਤੀ ਗਈ।

ਪਰ ਸੁੱਚਾ ਨੰਦ ਜਿਹੜਾ ਕਿ ਬਾਗੀਆਂ ਦੀਆਂ ਸੂਹਾਂ ਆ ਕੇ ਕਚਹਿਰੀ ਵਿਚ ਦਿੰਦਾ ਸੀ। ਇਕ ਚੰਗਾ ਤਕੜਾ ਵਜੀਦ ਖਾਨ ਦਾ ਮੁਨਸਫ਼ ਸੀ। ਉਸਨੇ ਕਿਵੇਂ ਵਿਉਂਤ ਘੜੀ ਕਿ ਬੱਚਿਆਂ ਨੂੰ ਬਾਜ਼ਾਰ ਲਿਆਇਆ ਜਾਵੇ, ਫਿਰ ਉਹਨਾਂ ਤੇ ਕਿਵੇਂ ਚੋਰੀ ਦਾ ਦੋਸ਼ ਲਾਇਆ ਜਾਵੇ। ਫਿਰ ਕਾਜ਼ੀ ਨੂੰ ਮਜਬੂਰ ਕੀਤਾ ਜਾਵੇ। ਕਾਜ਼ੀ ਦਾ ਕਿਹਾ ਰੱਬ ਦਾ ਕਿਹਾ ਹੈ, ਕੋਈ ਨਾਂਹ ਨੁੱਕਰ ਨਹੀਂ ਕਰ ਸਕਦਾ। ਇੱਦਾਂ ਹੀ ਹੋਇਆ। ਬਾਕੀ ਸਾਰਿਆਂ ਨੂੰ ਪਤਾ ਹੀ ਹੈ ਕਿ ਜੋ ਕਹਿਰ ਉਥੇ ਵਾਪਰਿਆ, ਉਸ ਨੂੰ ਲਿਖਦਿਆਂ ਤਾਂ ਕਲਮ ਵੀ ਕੰਬਦੀ ਹੈ। ਪਰ ਇੱਥੇ ਇਕ ਸਵਾਲ ਜ਼ਿਹਨ ਵਿਚ ਅੰਗੜਾਈ ਲੈਂਦਾ ਹੈ ਕਿ ਇਤਿਹਾਸ ਦੇ ਪੰਨਿਆਂ ਵਿਚ ਸੂਬਾ ਤਾਂ ਬਹੁਤ ਮਾੜਾ ਬਣ ਗਿਆ, ਕਿਉਂਕਿ ਉਹ ਇਕ ਮੁਸਲਮਾਨ ਸੀ। ਇਸ ਕਰਕੇ ਸਾਰੇ ਮੁਸਲਮਾਨ ਹੀ ਮਾੜੇ ਹੋ ਗਏ। ਪਰ ਸੁੱਚਾ ਨੰਦ ਨੂੰ ਕਿਉਂ ਛੁਪਾ ਲਿਆ ਗਿਆ। ਜੇ ਉਹ ਕਿਸੇ ਹੋਰ ਧਰਮ ਨੂੰ ਮੰਨਣ ਵਾਲਾ ਸੀ ਤਾਂ ਉਸ ਧਰਮ ਦੇ ਬਾਕੀ ਵੀ ਸਾਰੇ ਉਹੋ ਜਿਹੇ ਕਿਉਂ ਨਹੀਂ ਹੋਏ। ਇਹ ਗੱਲ ਸੋਚਣ ਦੀ ਹੈ। ਕਿਉਂਕਿ ਸਿੱਖਾਂ ਤੇ ਮੁਸਲਮਾਨਾਂ ਦੇ ਵਿਚਕਾਰ ਫਰਕ ਨੂੰ ਗੂੜ੍ਹਾ ਕਰਨ ਵਾਲਾ ਕੋਈ ਹੋਰ ਸੀ, ਜਿਸ ਦਾ ਸਾਨੂੰ ਪਤਾ ਹੀ ਨਹੀਂ ਚੱਲਿਆ। ਇਹ ਗੱਲ ਹੌਲੀ ਹੌਲੀ ਲੋਕਾਂ ਦੇ ਵਿਚ ਵਿੱਸਰਦੀ ਗਈ ਤੇ ਜਾ ਰਹੀ ਹੈ, ਕਿਉਂਕਿ ਹਲਾਲ ਕਰਨ ਦਾ ਇਹੋ ਤਾਂ ਇਕ ਫਾਇਦਾ ਕਿ ਪਤਾ ਹੀ ਨਹੀਂ ਚੱਲਦਾ। ਮੇਰੇ ਜ਼ਿਹਨ ਵਿਚ ਇਕ ਗੱਲ ਹੋਰ ਆਉਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਸਾਥ ਸਭ ਤੋਂ ਵੱਧ ਭਾਈ ਮਰਦਾਨੇ ਜੀ ਹੋਰਾਂ ਨੇ ਦਿੱਤਾ। ਆਪਣੇ ਪਰਿਵਾਰ ਤੋਂ ਦੂਰ ਰੋਹੀਆਂ ਵਿਚ, ਰੱਕੜਾਂ ਵਿਚ, ਜੰਗਲਾਂ ਵਿਚ, ਝੱਖੜਾਂ ਵਿਚ ਸਮੇਰ ਪਰਬਤ ਦੀਆਂ ਬਰਫਾਂ ਵਿਚ ਉਹਨਾਂ ਦੇ ਨਾਲ ਜ਼ਿੰਦਗੀ ਦਾ ਇਕ ਲੰਮਾ ਅਰਸਾ ਬਿਤਾਇਆ ਪਰ ਇਸ ਦੋਸਤੀ ਨੂੰ ਕਿਵੇਂ ਲੋਕੀ ਭੁੱਲਦੇ ਜਾ ਰਹੇ ਨੇ। ਉਹਨਾਂ ਇਕੱਠਾ ਸਫ਼ਰ ਕੀਤਾ, ਇਕੱਠਾ ਅੰਨ ਭੋਜਨ ਖਾਇਆ ਪਰ ਅਸੀਂ ਤਾਂ ਹਿੰਦੂ ਪਾਣੀ ਤੇ ਮੁਸਲਮਾਨ ਪਾਣੀ ਵੱਖ ਵੱਖ ਕਰਕੇ ਸਟੇਸ਼ਨਾਂ ਤੇ ਰੱਖ ਦਿੱਤਾ। ਮਰਦਾਨੇ ਦੀ ਰਬਾਬ ਨੇ ਬਾਬੇ ਨਾਨਕ ਦੇ ਮਿੱਠੇ ਸ਼ਬਦਾਂ ਨੂੰ ਮਿਸ਼ਰੀ ਬਣਾ ਕੇ ਸਾਡੇ ਮੂਹਰੇ ਰੱਖ ਦਿੱਤਾ। ਅੱਜ ਦੇ ਕੀਰਤਨ ਕਰਨ ਵਾਲਿਆਂ ਨੇ ਰਬਾਬ ਨੂੰ ਇਕ ਪਾਸੇ ਖੜ੍ਹੀ ਕਰਕੇ ਰੱਖ ਦਿੱਤਾ, ਕਿਉਂ? ਸਾਨੂੰ ਪਤਾ ਹੀ ਨਹੀਂ ਚੱਲਿਆ ਕਿ ਇਹ ਕਿੱਦਾਂ ਹੋ ਗਿਆ। ਸ਼ਾਇਦ ਰਬਾਬ ਸਿੱਖਣ ਨੂੰ ਬਹੁਤ ਦੇਰ ਲੱਗਦੀ ਹੈ। ਆਮ ਇਨਸਾਨ ਤਾਂ ਉਸ ਨੂੰ ਸੁਰ ਵੀ ਨਹੀਂ ਕਰ ਸਕਦਾ। ਮੈਨੂੰ ਪੜ੍ਹਨ ਵਾਲਿਓ, ਮੇਰੇ ਵੀਰੋ, ਭੈਣੋ, ਬਜ਼ੁਰਗੋ, ਮੈਨੂੰ ਮੁਆਫ਼ ਕਰ ਦਿਓ। ਮੈਂ ਜਣੇ ਖਣੇ ਵਿਚ ਨੁਕਸ ਕੱਢਣ ਵਾਲਾ ਬੰਦਾ ਸੀ। ਮੇਰੇ ਤੋਂ ਜੋ ਆਲ਼ੇ ਦੁਆਲੇ ਦੇਖਦੇ ਹਾਂ, ਲਿਖਿਆ ਜਾਂਦਾ ਹੈ। ਤੁਸੀਂ ਵੀ ਤਾਂ ਇਹ ਸਾਰਾ ਕੁਝ ਦੇਖ ਹੀ ਰਹੇ ਹੋ। ਬੱਸ ਮੇਰੇ ਦਿਲ ਵਿਚ ਤਾਂ ਇਕ ਹੀ ਗੱਲ ਆਉਂਦੀ ਹੈ ਕਿ ਇਹੋ ਜਿਹੇ ਦਿਨ ਜ਼ਰੂਰ ਮਨਾਓ। ਨਹੀਂ ਤਾਂ ਅਸੀਂ ਇਹਨਾਂ ਨੂੰ ਭੁੱਲ ਜਾਵਾਂਗੇ। ਖੂਬ ਲੰਗਰ ਲਗਾਓ, ਖਾਓ ਪੀਓ ਕੋਈ ਮਨ੍ਹਾ ਨਹੀਂ ਕਰਦਾ। ਪਰ ਜੋ ਲਾਸਾਨੀ ਕੁਰਬਾਨੀ ਸਾਹਿਬਜ਼ਾਦਿਆਂ ਨੇ ਦਿੱਤੀ ਹੈ, ਉਹ ਸਾਡੀ ਨੀਂਹ ਹੈ। ਜਿਸ ਉਤੇ ਸਿੱਖੀ ਦਾ ਮਹਿਲ ਉਸਾਰਿਆ ਗਿਆ। ਬੱਸ ਉਸਨੂੰ ਆਪਣੇ ਬੱਚਿਆਂ ਤੱਕ ਜ਼ਰੂਰ ਪਹੁੰਚਾਓ। ਉਸ ਦਿਨ ਬੱਸ ਗੱਲ ਇਸੇ ਇਤਿਹਾਸ ਦੀ ਹੋਵੇ ਹੋਰ ਕੋਈ ਨਾ ਹੋਵੇ। ਕਿਤਾਬਾਂ ਵੰਡੀਆਂ ਜਾਣ, ਸੀ. ਡੀ. ਵਗੈਰਾ ਤਿਆਰ ਕਰਕੇ ਉਹ ਤਕਸੀਮ ਹੋਣ। ਆਪਾਂ ਬਾਹਰਲੀ ਦੁਨੀਆਂ ਦੇ ਲੋਕਾਂ ਨੂੰ ਦੱਸ ਸਕੀਏ ਕਿ ਅਸੀਂ ਕੌਣ ਹਾਂ। ਸਾਡਾ ਇਤਿਹਾਸ ਕੀ ਹੈ? ਅਸੀਂ ਰੱਬ ਨੂੰ ਪਿਆਰ ਕਰਨ ਵਾਲੇ, ਸਖ਼ਤ ਮਿਹਨਤੀ ਤੇ ਅਣਖੀਲੇ ਲੋਕ ਹਾਂ। ਅੱਜ ਦੇ ਜ਼ਮਾਨੇ ਵਿਚ ਇਹ ਬਹੁਤ ਹੀ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਹੋਰਾਂ ਹਰ ਵਰਗ ਦੇ ਬੰਦੇ ਨਾਲ ਟੱਕਰ ਲਈ। ਉਹਨਾਂ ਬਾਬਰ ਨੂੰ ਵੰਗਾਰਿਆ। ਉਹਨਾਂ ਗੰਗਾ ਦੇ ਆਂਡਿਆਂ ਦੇ ਪਾਖੰਡਾਂ ਦਾ ਖੇਖਣ ਕੀਤਾ। ਉਹਨਾਂ ਸਿੱਧਾਂ ਨਾਲ ਵਿਚਾਰ ਵਟਾਂਦਰਾ ਕੀਤਾ। ਉਹਨਾਂ ਮੱਕੇ ਦੇ ਮੌਲਵੀਆਂ ਨੂੰ ਦੱਸਿਆ ਕਿ ਅੱਲਾ ਹਰ ਇਕ ਪਾਸੇ ਮੌਜੂਦ ਹੈ। ਸਾਨੂੰ ਕਰਮ ਕਾਂਡਾਂ ਵਿਚੋਂ ਬਾਹਰ ਕੱਢਿਆ। ਪਰ ਅੱਜ ਆਪਾਂ ਆਪਣੇ ਵੱਲ ਹੀ ਦੇਖ ਲਓ ਕਿ ਜਿਹਨਾਂ ਕਰਮ ਕਾਂਡਾਂ ਵਿਚੋਂ ਗੁਰੂ ਸਾਹਿਬ ਨੇ ਸਾਨੂੰ ਬਾਹਰ ਕੱਢਿਆ, ਅਸੀਂ ਉਹਨਾਂ ਵਿਚ ਪਹਿਲਾਂ ਨਾਲੋਂ ਜ਼ਿਆਦਾ ਧਸ ਗਏ ਹਾਂ। ਹਿੰਦੁਸਤਾਨ ਦੀ ਤਾਂ ਗੱਲ ਛੱਡੋ, ਅਮਰੀਕਾ ਦੇ ਟੈਲੀਵੀਜ਼ਨਾਂ ਉਤੇ ਸਵੇਰੇ ਸਵੇਰੇ ਸਭ ਤੋਂ ਜ਼ਿਆਦਾ ਹੱਥ ਵੇਖਣ ਵਾਲਿਆਂ ਦਾ, ਕੁੰਡਲੀਆਂ ਬਣਾਉਣ ਵਾਲਿਆਂ ਦਾ ਤੇ ਜੋਤਸ਼ੀਆਂ ਦੀ ਕਾਂਵਾਂ ਰੌਲੀ ਸਭ ਤੋਂ ਵੱਧ ਪੈ ਰਹੀ ਹੈ, ਜੇ ਨਹੀਂ ਪੈ ਰਹੀ ਤਾਂ ਦੱਸੋ। ਬੜੇ ਅਫਸੋਸ ਦੀ ਗੱਲ ਹੈ ਕਿ ਟੈਲੀਵਿਜ਼ਨ ਉਤੇ ਫੋਨ ਕਾਲਾਂ ਕਰਨ ਵਾਲੇ ਸਭ ਤੋਂ ਜ਼ਿਆਦਾ ਸਿੱਖ ਭੈਣ-ਭਰਾ ਹਨ। ਜੇ ਨਹੀਂ ਤਾਂ ਕੋਈ ਚੈਨਲ ਲਾ ਕੇ ਦੇਖ ਲਓ, ਆਪੇ ਪਤਾ ਲੱਗ ਜਾਊ। ਜਦੋਂ ਪ੍ਰੋਗਰਾਮ ਖਤਮ ਹੁੰਦਾ ਹੈ ਤਾਂ ਟੀ. ਵੀ. ਵਾਲੇ ਝੱਟ ਲਿਖ ਕੇ ਲਾ ਦਿੰਦੇ ਨੇ ਕਿ ਇਹ ਐਡ ਪੈਸੇ ਦੇ ਕੇ ਲਾਈ ਗਈ ਹੈ। ਸਾਡਾ ਅਦਾਰਾ ਇਸ ਦਾ ਕੋਈ ਜ਼ਿੰਮੇਵਾਰ ਨਹੀਂ ਹੈ।

ਇਹ ਤੁਹਾਡੀ ਮਰਜ਼ੀ ਹੈ ਪਰ ਸਾਨੂੰ ਫਿਰ ਅਕਲ ਨਹੀਂ ਆਉਂਦੀ। ਉਹ ਭਾਈ ਤੂੰ ਮੈਨੂੰ ਲਾਟਰੀ ਦੇ ਨੰਬਰ ਦੱਸਦਾ ਏਂ, ਆਪ ਹੀ ਪਾ ਲੈ..।

ਗੁਰੂ ਗੋਬਿੰਦ ਸਿੰਘ ਜੀ ਉਹਨਾਂ ਦੀ ਲੜਾਈ ਕਿਸੇ ਇਕ ਵਰਗ ਜਾਂ ਕਿਸੇ ਧਰਮ ਨਾਲ ਨਹੀਂ ਸੀ। ਉਹ ਤਾਂ ਜ਼ੁਲਮ ਦੇ ਖਿਲਾਫ ਸਨ। ਉਹਨਾਂ ਦੀ ਲੜਾਈ ਜ਼ਾਲਮ ਹਕੂਮਤ ਦੇ ਖਿਲਾਫ ਸੀ। ਜੇਕਰ ਉਸ ਵਕਤ ਹਿੰਦੂ ਲੋਕਾਂ ਦੀ ਜ਼ਾਲਮ ਹਕੂਮਤ ਹੁੰਦੀ ਤੇ ਮੁਸਲਮਾਨ ਮਜ਼ਲੂਮ ਹੁੰਦੇ ਤਾਂ ਉਹਨਾਂ ਆਪਣੀ ਆਵਾਜ਼ ਹਿੰਦੂਆਂ ਦੀ ਹਕੂਮਤ ਖਿਲਾਫ ਬੁਲੰਦ ਕਰਨੀ ਸੀ। ਅੱਜ ਜ਼ਮਾਨਾ ਬਹੁਤ ਸੋਚ ਵਿਚਾਰ ਵਾਲਾ ਹੋ ਨਿਕਲਿਆ। ਆਪਾਂ ਨੂੰ ਸੋਚਣਾ ਪੈਣਾ ਹੇ ਕਿ ਸਾਨੂੰ ਕੋਈ ਬੁੱਧੂ ਤਾਂ ਨਹੀਂ ਬਣਾ ਰਿਹਾ। ਅਸੀਂ ਆਪਣੀ ਰਾਖੀ ਆਪਾਂ ਕਰ ਸਕਦੇ ਹਾਂ ਕਿ ਨਹੀਂ। ਚਾਹੀਦਾ ਤਾਂ ਇਹ ਹੈ ਕਿ ਆਪਾਂ ਖੁਦ ਮਜ਼ਬੂਤ ਹੋ ਕੇ ਬਿਨਾਂ ਕਿਸੇ ਸ਼ਿਕਵੇ ਸ਼ਿਕਾਇਤ ਤੋਂ ਹੱਥ ਸੱਚ ਦੀ ਗੱਲ ਕਰੀਏ। ਭਰਮਾਂ ਵਿਚ ਪਾਉਣ ਵਾਲੇ ਲੋਕ ਸਾਨੂੰ ਡਰਪੋਕ ਬਣਾ ਕੇ ਉਸ ਦਾ ਫਾਇਦਾ ਨਾ ਉਠਾਉਣ। ਆਪਣੀ ਬੋਲੀ, ਆਪਣਾ ਮਜ਼ਹਬ, ਆਪਣਾ ਸਭਿਆਚਾਰ, ਆਪਣੇ ਬੱਚਿਆਂ ਤੱਕ ਸਹੀ ਅਰਥਾਂ ਵਿਚ ਅੱਪੜਦਾ ਕਰੀਏ। ਇਕ ਮਸਤ ਹਾਥੀ ਵਾਲੀ ਤੋਰ ਤੁਰੀਏ ਤਾਂ ਕਿ ਫਿਰ ਨਾ ਕੋਈ ਬਾਹਰ ਦਾ ਸਾਡੇ ਤੇ ਟੁੱਟ ਕੇ ਪੈ ਜਾਵੇ ਤਾਂ ਸਾਨੂੰ ਝਟਕਾ ਜਾਵੇ ਜਾਂ ਫਿਰ ਵਿਚੋਂ ਹੀ ਕੋਈ ਤੇਗ ਵਧਾ ਕੇ ਹਲਾਲ ਦੀ ਨੀਤੀ ਅਪਣਾ ਕੇ ਸਾਨੂੰ ਖੋਰਾ ਲਾਈ ਜਾਵੇ।

ਸਫ਼ਾ 5 ਦੀ ਬਾਕੀ

## ਆਮ ਆਦਮੀ ਦਾ ਉਭਾਰ ਭਾਰਤ ਲਈ ਸ਼ੁਭ ਸੰਕੇਤ

ਮੁਹਿੰਮ ਚਲਾਈ। ਮੀਡੀਆ ਨੇ ਕੇਜਰੀਵਾਲ ਦਾ ਵੀ ਸਾਥ ਦਿੱਤਾ, ਮਨਪ੍ਰੀਤ ਬਾਦਲ ਦਾ ਵੀ ਸਾਥ ਦਿੱਤਾ, ਪਰ ਪੰਜਾਬ ਵਿਚ ਉਹ ਜਨ ਸਾਧਾਰਨ ਨੂੰ ਹਲੂਣ ਤਾਂ ਗਏ, ਪਰ ਝੰਜੋੜ ਨਾ ਸਕੇ। ਪੰਜਾਬ ਦੀ ਰਾਜਨੀਤੀ, ਭੂਗੋਲ ਅਤੇ ਮੁਸ਼ਕਿਲਾਂ ਰਾਜਧਾਨੀ ਦਿੱਲੀ ਤੋਂ ਵੱਖਰੀਆਂ ਹਨ।

ਦਿੱਲੀ ਵਿਚ ਔਸਤਨ ਮੱਧ ਵਰਗ ਵੱਸਦਾ ਹੈ, ਉਹ ਪੜ੍ਹਿਆ-ਲਿਖਿਆ ਅਤੇ ਕੰਮਕਾਜੀ ਹੈ। ਉਹ ਖਾਣ, ਪੀਣ, ਸੌਣ ਅਤੇ ਪਹਿਨਣ ਤੱਕ ਹਰ ਵਸਤ ਖਰੀਦਦਾ ਹੈ। ਉਸ ਦਾ ਵਾਹ ਹਰ ਰੋਜ਼ ਮਹਿੰਗਾਈ ਨਾਲ ਪੈਂਦਾ ਹੈ। ਪੰਜਾਬ ਵਿਚ ਸੱਤਾਧਾਰੀ ਬਾਦਲ ਸਰਕਾਰ ਨੇ ਸਰਕਾਰੀ ਖ਼ਜ਼ਾਨੇ ਦਾ ਪੀਪਾ ਖੜਕਾ ਕੇ ਗੱਫੇ ਵੰਡਣ ਦੀ ਰਾਜਨੀਤੀ ਅਪਣਾਈ ਹੋਈ ਹੈ। ਦਿੱਲੀ ਦਾ ਵੋਟਰ ਮੁਫ਼ਤ ਸਹੂਲਤਾਂ ਦਾ ਲਾਲਚ ਨਹੀਂ ਕਰਦਾ, ਬਲਕਿ ਉਹ ਆਵਾਮ ਬਾਰੇ ਸੋਚਦਾ ਹੈ, ਆਪਣੀ ਕਮਾਈ ਅਤੇ ਆਪਣੇ ਖਰਚਿਆਂ ਬਾਰੇ ਸੋਚਦਾ ਹੈ ਪਰ ਪੰਜਾਬ ਵਿਚ ਮੁਫ਼ਤ ਦੀਆਂ ਸਹੂਲਤਾਂ ਦੇ ਗੁਲਾਮ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਪੰਜਾਬੀ ਨਾ ਬੇਰੁਜ਼ਗਾਰੀ ਪ੍ਰਤੀ ਜਾਗਰੂਕ, ਨਾ ਵਧਦੇ ਅਪਰਾਧ, ਵਧਦੇ ਨਸ਼ੇ, ਭ੍ਰਿਸ਼ਟਾਚਾਰ ਅਤੇ ਨਾ ਹੀ ਸਿਸਟਮ ਨੂੰ ਬਦਲਣ ਦਾ ਮਾਦਾ ਰੱਖਣ ਵਾਲੇ ਲੋਕਾਂ ਨੂੰ ਅੱਗੇ ਲਿਆਉਣ ਪ੍ਰਤੀ ਇੰਨੇ ਜਾਗਰੂਕ ਹਨ, ਜਿੰਨੇ ਦਿੱਲੀ ਦੇ ਲੋਕ। ਇਹੀ ਕਾਰਨ ਰਿਹਾ ਕਿ ਮਨਪ੍ਰੀਤ ਬਾਦਲ ਨੂੰ ਪੰਜਾਬ ਵਿਚ ਇੰਨਾ ਹੁੰਗਾਰਾ ਨਹੀਂ ਮਿਲਿਆ, ਜਿੰਨਾ ਅੰਨਾ ਹਜ਼ਾਰੇ ਦੀ ਟੀਮ ਦੇ ਮੈਂਬਰ ਰਹੇ ਕੇਜਰੀਵਾਲ ਨੂੰ ਮਿਲਿਆ।

## 'ਛਣਕਾਟਾ ਵੰਗਾ ਦਾ 2014' 29 ਦਸੰਬਰ ਨੂੰ ਗੀਤ ਸੰਗੀਤ ਦਾ ਨਵਾਂ ਇਤਿਹਾਸ ਰਚੇਗਾ

ਕੈਲਫੋਰਨੀਆਂ- ਅਮਰੀਕਾ ਖ਼ਾਸ ਤੌਰ ਤੇ ਕੈਲਫੋਰਨੀਆਂ ਵਿਚ ਭਾਵੇਂ ਗੀਤ ਸੰਗੀਤ ਅਤੇ ਸਭਿਆਚਾਰਕ ਰੰਗਾਂ ਵਾਲੇ ਪ੍ਰੋਗਰਾਮ ਦੀ ਪੇਸ਼ਕਾਰੀ ਭਾਵੇਂ ਅਕਸਰ ਹੁੰਦੀ ਰਹਿੰਦੀ ਹੈ। ਪਰ ਇਸ ਵਾਰ ਨਵੇਂ ਵਰ੍ਹੇ ਤੇ ਪੇਸ਼ ਕੀਤਾ ਜਾਣ ਵਾਲਾ ਪ੍ਰੋਗਰਾਮ ਛਣਕਾਟਾ ਵੰਗਾਂ ਦਾ 2014 ਪੰਜਾਬੀ ਸਭਿਆਚਾਰ ਅਤੇ ਗੀਤ ਸੰਗੀਤ ਵਿਚ ਇਕ ਨਵੀਂ ਦਿੱਖ ਤੇ ਨਵੀਂ ਪੈੜ ਵਾਲਾ ਹੋਵੇਗਾ। 21 ਇੰਟਰਨੈਸ਼ਨਲ ਇੰਟਰਟੇਨਰਜ਼ ਵਲੋਂ ਗਲੋਬਲ ਪੰਜਾਬ ਟੀ.ਵੀ. ਦੇ ਸਹਿਯੋਗ ਨਾਲ ਕਰਵਾਏ ਜਾ ਰਹੇ। ਸ਼ਾਮ 6 ਵਜੇ ਸਨੀ ਵੇਲ ਕਮਿਊਨਿਟੀ ਸੈਂਟਰ 450 ਪਰਸ਼ੀਅਨ ਡਰਾਈਵ ਸਨੀ ਵੇਲ (ਕੈਲੇਫੋਰਨੀਆ) ਪ੍ਰੋਗਰਾਮ ਨੂੰ ਪੰਜਾਬੀ ਚਿਰਾਂ ਤੀਕਰ ਯਾਦ ਰੱਖਣਗੇ। ਪ੍ਰੋਗਰਾਮ ਦੇ ਮੁੱਖ ਸੰਚਾਲਕ ਐਸ. ਅਸ਼ੋਕ ਭੌਰਾ ਅਤੇ ਪ੍ਰਬੰਧਕ ਰਾਜ ਭਨੋਟ ਤੇ ਹਰਜੀਤ ਸੁਮਨ ਅਨੁਸਾਰ ਇਸ ਪ੍ਰੋਗਰਾਮ ਵਿਚ ਗਾਇਕ ਤਰਲੋਕ ਸਿੰਘ, ਅਮਰਜੀਤ ਦੁਲਾਈ, ਸੱਤੀ ਪਾਬਲਾ, ਅਨੂਪ ਚੀਮਾ, ਮੰਗਜੀਤ ਮੰਗਾ, ਮਨਰਾਜ ਭੌਰਾ, ਮੰਡੇਰ ਜਤਿੰਦਰ, ਰਜਿੰਦਰ ਰਾਜ




ਅਤੇ ਨਿੰਮਾ ਡੱਲੇਵਾਲ ਤੋਂ ਸਿਵਾ, ਗਿੱਲ ਹਰਦੀਪ, ਗੋਰਾ ਚੱਕ ਵਾਲਾ, ਮਨਿੰਦਰ ਦਿਉਲ, ਨਿਮਰਤ ਖਹਿਰਾ, ਨਜ਼ੀਰ ਮੁਹੰਮਦ ਤੇ ਅਨੀਤਾ ਸਮਾਣਾ ਵਰ-ਗੀਆਂ ਆਵਾਜ਼ਾਂ ਇਸ ਪ੍ਰੋਗਰਾਮ ਦੌਰਾਨ ਸੁਣਨ ਨੂੰ ਮਿਲਣਗੀਆਂ। ਪੰਜਾਬੀ ਰੰਗ ਮੰਚ ਦੇ ਜਾਣੇ-ਪਛਾਣੇ ਕਲਾਕਾਰ ਬਲਜੀਵਨ, ਦਰਸ਼ਨ ਕਹਿਲ, ਮਾਸਟਰ ਰਿੰਕੂ ਆਏ ਦਰਸ਼ਕਾਂ ਨੂੰ ਹਾਸ-ਰਾਸ ਵੰਨਗੀਆਂ ਨਾਲ ਨਵਾਂ ਮਨੋਰੰਜਨ ਦੇਣਗੇ। ਇਸ ਪ੍ਰੋਗਰਾਮ ਦਾ ਪ੍ਰਸਾਰਨ ਗਲੋਬਲ ਪੰਜਾਬ ਟੀ.ਵੀ. ਦੇ ਡਿਸ਼ ਨੈਟਵਰਕ 739 ਤੇ ਕੀਤਾ ਜਾਵੇਗਾ। ਸ਼੍ਰੀ ਭੌਰਾ ਅਨੁਸਾਰ ਇਸ ਪ੍ਰੋਗਰਾਮ ਦੀ ਡੀ.ਵੀ.ਡੀ. ਜਾਰੀ ਕੀਤੀ ਜਾਵੇਗੀ। ਸਮੁੱਚੇ ਪ੍ਰੋਗਰਾਮ ਦਾ ਸੰਗੀਤ ਅਮਦਾਦ ਅਲੀ ਤੇ ਕੁਲਜੀਤ ਨੇ ਤਿਆਰ ਕੀਤਾ ਹੈ। ਜਦੋਂ ਕਿ ਗੀਤ ਤਾਰਾ ਸਾਗਰ, ਮੱਖਣ ਲੋਹਾਰ, ਤਰਲੋਕ ਸਿੰਘ, ਦਿਲ ਨਿੱਜਰ ਨੇ ਲਿਖੇ ਹਨ। ਇਸ ਪ੍ਰੋਗਰਾਮ ਦਾ ਸੰਚਾਲਨ ਆਸ਼ਾ ਸ਼ਰਮਾ ਅਤੇ ਸਵ. ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਕਰੇਗੀ। ਸਮੂਹ ਪੰਜਾਬੀਆਂ ਨੂੰ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਦਾ ਸੱਦਾ ਹੈ। ਹੋਰ ਜਾਣਕਾਰੀ ਲਈ ਫ਼ੋਨ ਨੰਬਰ 510 415 3315, 408 628 2337 ਜਾਂ 510 453 5779 ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਕਮਰ ਦਰਦ ਗੰਭੀਰ ਰੋਗ

*ਅੱਜ ਦੇ ਯੁੱਗ ਵਿੱਚ ਮੈਡੀਕਲ ਖੇਤਰ ਵਿੱਚ ਕਾਫ਼ੀ ਤਰੱਕੀ ਹੋਈ ਹੈ ਜਿਸ ਨਾਲ ਬਹੁਤ ਸਾਰੀਆਂ ਸਿਹਤ ਸਹੂਲਤਾਂ ਆ ਗਈਆਂ ਹਨ, ਜਿਨ੍ਹਾਂ ਨਾਲ ਇਸ ਰੋਗ ਦਾ ਇਲਾਜ ਹੋਰ ਵੀ ਆਸਾਨ ਹੋ ਗਿਆ ਹੈ।*



**ਸੁਖਮੰਦਰ ਸਿੰਘ ਤੂਰ**

ਕਮਰ ਦਰਦ ਇੱਕ ਆਮ ਪਰ ਗੰਭੀਰ ਰੋਗ ਹੈ ਜਿਹੜਾ ਉਮਰ ਵਧਣ ਦੇ ਨਾਲ-ਨਾਲ ਤਕਰੀਬਨ ਹਰ ਵਿਅਕਤੀ ਨੂੰ ਹੋ ਸਕਦਾ ਹੈ। ਇਸ ਰੋਗ ਵਿੱਚ ਸਵੇਰੇ ਉੱਠਣ ਸਾਰ ਕਮਰ ਆਕੜੀ-ਆਕੜੀ ਲੱਗਦੀ ਹੈ ਅਤੇ ਪੀੜ ਹੁੰਦੀ ਹੈ। ਥੋੜ੍ਹਾ-ਬਹੁਤ ਤੁਰਨ ਜਾਂ ਲੰਮੇ ਪੈਣ ਨਾਲ ਆਰਾਮ ਮਿਲਦਾ ਹੈ। ਜ਼ਿਆਦਾ ਦੇਰ ਤਕ ਬੈਠਣ ਜਾਂ ਖੜ੍ਹੇ ਰਹਿਣ ਨਾਲ ਪੀੜ ਵਧ ਜਾਂਦੀ ਹੈ। ਮੋਟੇ ਜਾਂ ਭਾਰੇ ਲੋਕਾਂ ਨੂੰ ਇਹ ਤਕਲੀਫ਼ ਵਧੇਰੇ ਹੁੰਦੀ ਹੈ, ਕਿਉਂਕਿ ਰੀੜ੍ਹ ਹੀ ਹੱਡੀ ਹੀ ਸਰੀਰ ਦਾ ਪੂਰਾ ਵਜ਼ਨ ਚੁੱਕ ਰਹੀ ਹੁੰਦੀ ਹੈ। ਥੋੜ੍ਹੀ ਜਿਹੀ ਥਕਾਵਟ ਨਾਲ ਹੀ ਪ੍ਰੇਸ਼ਾਨੀ ਵਧ ਜਾਂਦੀ ਹੈ। ਇਸ ਰੋਗ ਦੀ ਸ਼ੁਰੂਆਤ ਕਮਰ ਦੇ ਹੇਠਲੇ ਹਿੱਸੇ ਵਿੱਚ ਪੀੜ ਉੱਠਣ ਨਾਲ ਹੁੰਦੀ ਹੈ। ਹੌਲੀ-ਹੌਲੀ ਇਹ ਤਕਲੀਫ਼ ਗੰਭੀਰ ਰੂਪ ਧਾਰਨ ਕਰ ਲੈਂਦੀ ਹੈ। ਜੇ ਸਹੀ ਸਮੇਂ 'ਤੇ ਇਸ ਰੋਗ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਸਰੀਰ ਦੇ ਦੂਜੇ ਹਿੱਸਿਆਂ ਤਕ ਵੀ ਫੈਲ ਸਕਦਾ ਹੈ। ਇਸ ਲਈ ਇਸ ਰੋਗ ਦਾ ਉਚਿਤ ਅਤੇ ਸਮੇਂ ਸਿਰ ਇਲਾਜ ਕਰਵਾਉਣਾ ਜ਼ਰੂਰੀ ਹੈ।

ਕਾਰਨ

* ਜਨਮ ਤੋਂ ਹੀ ਰੀੜ੍ਹ ਦੀ ਹੱਡੀ ਦੀ ਬਣਤਰ ਵਿਚ ਖ਼ਰਾਬੀ ਹੋਣਾ।
* ਰੀੜ੍ਹ ਦੀ ਹੱਡੀ ਦੀ ਟੀ.ਬੀ. ਹੋਣਾ।
* ਰੀੜ੍ਹ ਦੀ ਹੱਡੀ ਦਾ ਆਪਣੀ ਅਸਲ ਥਾਂ ਤੋਂ ਖਿਸਕ ਜਾਣਾ।
* ਕੁਝ ਲੋਕਾਂ ਦੀ ਸਰੀਰਕ ਬਣਤਰ ਹੀ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਉਹ ਸਲਿੱਪ ਡਿਸਕ ਦਾ ਸ਼ਿਕਾਰ ਹੋ ਜਾਂਦੇ ਹਨ।
* ਅਗਾਂਹ ਨੂੰ ਝੁਕ ਕੇ ਤੁਰਨ, ਗ਼ਲਤ ਬੈਠਣ ਜਾਂ ਖਲੋਣ ਨਾਲ।
* ਰੀੜ੍ਹ ਦੀ ਹੱਡੀ 'ਤੇ ਕਿਸੇ ਸੱਟ ਲੱਗਣ ਜਾਂ ਦਬਾਅ ਪੈਣ ਨਾਲ।
* ਆਰਾਮਦੇਹ ਸੋਫਿਆਂ/ਬੈੱਡ ਆਦਿ 'ਤੇ ਬੈਠਣ ਜਾਂ ਸੌਣ ਨਾਲ।
* ਭਾਰੀ ਵਜ਼ਨ ਚੁੱਕਣ ਜਾਂ ਝੁਕ ਕੇ ਲਗਾਤਾਰ ਕੰਮ ਕਰਨ ਨਾਲ।

ਇਲਾਜ

ਅੱਜ ਦੇ ਯੁੱਗ ਵਿੱਚ ਮੈਡੀਕਲ ਖੇਤਰ ਵਿੱਚ ਕਾਫ਼ੀ ਤਰੱਕੀ ਹੋਈ ਹੈ ਜਿਸ ਨਾਲ ਬਹੁਤ ਸਾਰੀਆਂ ਸਿਹਤ ਸਹੂਲਤਾਂ ਆ ਗਈਆਂ ਹਨ, ਜਿਨ੍ਹਾਂ ਨਾਲ ਇਸ ਰੋਗ ਦਾ ਇਲਾਜ ਹੋਰ ਵੀ ਆਸਾਨ ਹੋ ਗਿਆ ਹੈ। ਇਸ ਦਾ ਸਭ ਤੋਂ ਬਿਹਤਰ ਇਲਾਜ ਹੈ- 'ਲੇਜ਼ਰ ਡਿਸਕੇਟਾਮੀ' ਜਿਸਨੂੰ 'ਪਿੰਨਹੋਲ ਸਰਜਰੀ' ਵੀ ਕਹਿੰਦੇ ਹਨ। ਇਸ ਵਿੱਚ ਰੋਗੀ ਨੂੰ ਲੰਮਿਆਂ ਪਾ ਕੇ ਆਰਾਮ ਮਸ਼ੀਨ ਦੀ ਸਹਾਇਤਾ ਨਾਲ ਉਸ ਦੀ ਡਿਸਕ ਦਾ ਪਤਾ ਲਗਾਇਆ ਜਾਂਦਾ ਹੈ ਤੇ ਫਿਰ ਉਸ ਨੂੰ ਪੂਰਾ ਬੇਹੋਸ਼ ਨਾ ਕਰ ਕੇ ਡਿਸਕ ਦੇ ਵਿਚਕਾਰ ਇੱਕ ਸੂਈ ਪਾਈ ਜਾਂਦੀ ਹੈ। ਇਸ ਸੂਈ ਵਿਚਕਾਰੋਂ 'ਆਸਟਿਕ ਫਾਈਬਰ' ਨਾਲ ਬਣਿਆ 'ਲੇਜ਼ਰ ਪ੍ਰਥੋ' ਪਾਇਆ ਜਾਂਦਾ ਹੈ। 'ਪ੍ਰਥੋ' ਨਾਲ ਡਿਸਕ 'ਤੇ ਹਰ 5 ਸਕਿੰਟ ਬਾਅਦ ਦੋ ਸਕਿੰਟ ਲਈ ਲੇਜ਼ਰ ਪਲੱਸ ਦੇ ਤਕਰੀਬਨ 1200 ਤੋਂ 1500 ਜੂਲਿਮ ਪਾਏ ਜਾਂਦੇ ਹਨ। ਇਸ ਵਿਧੀ ਨਾਲ ਡਿਸਕ ਸੁੰਗੜਨ ਲੱਗਦੀ ਹੈ ਅਤੇ ਨਸਾਂ ਤੋਂ ਦਬਾਅ ਘਟਣਾ ਸ਼ੁਰੂ ਹੋ ਜਾਂਦਾ ਹੈ ਤੇ ਇਸ ਤਰ੍ਹਾਂ ਰੋਗੀ ਨੂੰ ਪੀੜ ਤੋਂ ਛੁਟਕਾਰਾ ਮਿਲ ਜਾਂਦਾ ਹੈ। 40 ਸਾਲ ਤੋਂ ਘੱਟ ਉਮਰ ਦੇ ਮਰੀਜ਼ਾਂ ਵਿੱਚ ਕਈ ਵਾਰ ਸ਼ੁਰੂ ਦੀ ਅਵਸਥਾ ਵਿੱਚ ਸਪਾਈਨਲ ਸਰਜਰੀ ਕੀਤੀ ਜਾਂਦੀ ਹੈ ਜਿਸ ਵਿੱਚ ਖਿਸਕੀ ਹੋਈ ਡਿਸਕ ਦਾ ਬੀਮਾਰ ਹਿੱਸਾ ਕੱਢ ਦਿੱਤਾ ਜਾਂਦਾ ਹੈ। ਇਹ ਸਰਜਰੀ ਤਕਲੀਫ਼ ਸ਼ੁਰੂ ਹੋਣ ਦੇ ਪਹਿਲੇ 6 ਮਹੀਨਿਆਂ ਵਿੱਚ ਹੀ ਕੀਤੀ ਜਾਵੇ ਤਾਂ ਪੂਰਾ ਲਾਭ ਮਿਲਦਾ ਹੈ।

ਜਿਨ੍ਹਾਂ ਦਾ ਰੋਗ ਪੁਰਾਣਾ ਹੋ ਚੁੱਕਿਆ ਹੁੰਦਾ ਹੈ, ਉਨ੍ਹਾਂ ਨੂੰ ਪੀੜ ਘਟਾਉਣ ਲਈ ਗਰਮ ਪਾਣੀ ਜਾਂ ਲੇਜ਼ਰ ਦਾ ਸੇਕ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਨਾਲ ਮਾਸਪੇਸ਼ੀਆਂ ਵਿੱਚ ਤਣਾਅ ਘਟ ਜਾਂਦਾ ਹੈ, ਜਿਸ ਨਾਲ ਰੀੜ੍ਹ ਦੀ ਹੱਡੀ, ਡਿਸਕ ਆਦਿ ਸਿਹਤਮੰਦ ਰਹਿੰਦੇ ਹਨ। ਇਸ ਤੋਂ ਇਲਾਵਾ ਕਮਰ ਦਰਦ ਦੇ ਇਲਾਜ ਵਿੱਚ ਇਲੈਕਟਰੋ-ਐਕਿਊਪੰਕਚਰ, ਟਿਰੈਕਸ਼ਨ, ਲੱਕ ਦੀ ਪੇਟੀ ਆਦਿ ਸ਼ਾਮਲ ਹਨ। ਪੀੜ ਵਾਲੀ ਤਾਂ 'ਤੇ ਇੰਜੈਕਸ਼ਨ ਦੇਣ ਨਾਲ ਹੀ ਆਰਾਮ ਮਿਲਦਾ ਹੈ।

ਕੁਝ ਹੋਰ ਉਪਾਅ

ਕਮਰ ਦਰਦ ਤੋਂ ਬਚਣ ਲਈ ਹੇਠ ਲਿਖੇ ਉਪਾਅ ਵੀ ਫ਼ਾਇਦੇਮੰਦ ਰਹਿੰਦੇ ਹਨ:

* ਬੈਠਦੇ ਹੋਏ ਕਮਰ ਅਤੇ ਧੌਣ ਬਿਲਕੁਲ ਸਿੱਧੀ ਰੱਖੋ।
* ਜੇਕਰ ਦੇਰ ਤਕ ਖਲੋਣਾ ਹੋਵੇ ਤਾਂ ਇੱਕ ਪੈਰ ਝੁਕਾਅ ਕੇ ਉਸ ਨੂੰ ਆਰਾਮ ਦਿਓ। ਸਰੀਰ ਦਾ ਵਜ਼ਨ ਇੱਕ-ਇੱਕ ਕਰਕੇ ਦੋਵਾਂ ਪੈਰਾਂ 'ਤੇ ਰੱਖੋ।
* ਇੱਕੋ ਅਵਸਥਾ ਵਿੱਚ ਬਹੁਤੀ ਦੇਰ ਤਕ ਕੰਮ ਨਾ ਕਰੋ। ਹਰ ਅੱਧੇ ਘੰਟੇ ਬਾਅਦ ਸਥਿਤੀ ਬਦਲੋ। ਕਮਰ ਦੀਆਂ ਮਾਸਪੇਸ਼ੀਆਂ ਨੂੰ ਖਿਚਾਅ ਦਿੰਦੇ ਰਹੋ।
* ਸੌਣ ਵਾਲਾ ਪਲੰਘ/ ਬੈੱਡ ਆਦਿ ਸਿੱਧਾ ਅਤੇ ਸਖ਼ਤ ਹੋਣਾ ਚਾਹੀਦਾ ਹੈ। ਗੱਦੇ ਗੁਦਗੁਦੇ ਭਾਵੇਂ ਹੋਣ ਪਰ ਢਿੱਲੇ ਨਾ ਹੋਣ। ਧੌਣ ਥੱਲੇ ਸਿਰਫ਼ ਇੱਕ ਸਿਰਹਾਣਾ ਓਨਾ ਹੀ ਮੋਟਾਈ ਦਾ ਲਓ ਜਿਸ ਨਾਲ ਕਮਰ ਜਾਂ ਧੌਣ 'ਤੇ ਜ਼ੋਰ ਨਾ ਪਵੇ।
* ਜੇਕਰ ਸਮਾਨ ਆਦਿ ਜ਼ਿਆਦਾ ਭਾਰੀ ਹੈ ਤਾਂ ਉਸ ਨੂੰ ਇਕੱਲੇ ਚੁੱਕਣ ਦੀ ਥਾਂ ਕਿਸੇ ਦੂਜੇ ਦੀ ਮਦਦ ਲਓ ਜਾਂ ਦੋ ਥਾਈਂ ਵੰਡ ਕੇ ਇੱਕ-ਇੱਕ ਹੱਥ ਵਿੱਚ ਫੜੋ। ਇਸ ਨਾਲ ਸਰੀਰ ਦਾ ਸੰਤੁਲਨ ਬਣਿਆ ਰਹੇਗਾ।
* ਦਫ਼ਤਰ ਵਿੱਚ ਤੁਹਾਡੀ ਕੁਰਸੀ ਅਡਜਸਟੇਬਲ ਹੋਣੀ ਚਾਹੀਦੀ ਹੈ। ਕੁਰਸੀ ਦੀ ਲੰਬਾਈ ਇੰਨੀ ਹੋਵੇ ਕਿ ਲੱਤਾਂ ਨੂੰ ਆਰਾਮ ਮਿਲ ਸਕੇ। ਇਸ ਤਰ੍ਹਾਂ ਕਮਰ ਸੌਖੀ ਰਹੇਗੀ।
* ਲਿਖਣ/ਪੜ੍ਹਨ ਵਾਲੇ ਮੇਜ਼ ਦੀ ਉਚਾਈ ਇੰਨੀ ਹੋਵੇ ਕਿ ਝੁਕਣਾ ਨਾ ਪਵੇ।

ਇਹ ਕੁਝ ਨੁਕਤੇ ਕਮਰ ਦਰਦ ਤੋਂ ਆਰਾਮ ਦੇ ਸਕਦੇ ਹਨ। ਜ਼ਿਆਦਾ ਤਕਲੀਫ਼ ਹੋਣ 'ਤੇ ਮਾਹਰ ਡਾਕਟਰ ਤੋਂ ਇਲਾਜ ਕਰਵਾਓ।

# ਇਲਾਜ ਪ੍ਰਣਾਲੀ 'ਰੇਕੀ'

'ਰੇਕੀ' ਇੱਕ ਕੁਦਰਤੀ ਇਲਾਜ ਪ੍ਰਣਾਲੀ ਹੈ ਜਿਸ ਨਾਲ ਨਾ ਸਿਰਫ਼ ਸਾਡਾ ਸਰੀਰ ਤੰਦਰੁਸਤ ਰਹਿੰਦਾ ਹੈ ਬਲਕਿ ਸਾਡੇ ਮਨ ਅਤੇ ਆਤਮਾ ਦੀ ਸ਼ੁੱਧੀ ਵੀ ਹੁੰਦੀ ਹੈ। 'ਰੇਕੀ' ਇੱਕ ਵਿਗਿਆਨਕ ਪ੍ਰਣਾਲੀ ਹੈ, ਜੋ ਸਾਡੇ ਸਰੀਰ ਵਿੱਚ ਪ੍ਰਾਣ ਸ਼ਕਤੀ ਰਾਹੀਂ ਸੱਤ ਚੱਕਰਾਂ ਤੋਂ ਹੋ ਕੇ ਸਥੂਲ ਸਰੀਰ ਉੱਤੇ ਅਸਰ ਕਰਦੀ ਹੈ। ਇਹ ਹਾਰਮੋਨਜ਼, ਪ੍ਰੋਟੀਨ, ਐਨਜ਼ਾਈਮ ਅਤੇ ਸਰੀਰ ਦੇ ਮਿਕਨਾਤੀਸੀ ਖੇਤਰ ਵਿੱਚ ਸੰਤੁਲਨ ਪੈਦਾ ਕਰਦੀ ਹੈ। ਇਹ ਪ੍ਰਣਾਲੀ ਅੱਜ ਤੋਂ ਦੋ ਹਜ਼ਾਰ ਸਾਲ ਪਹਿਲਾਂ ਮਨੁੱਖੀ ਇਲਾਜ ਦਾ ਪ੍ਰਮੁੱਖ ਸਾਧਨ ਰਹੀ ਹੈ। ਬਾਈਬਲ ਅਨੁਸਾਰ ਈਸਾ ਮਸੀਹ ਸਪਰਸ਼ ਦੁਆਰਾ ਤੁਰੰਤ



ਇਲਾਜ ਕਰਦੇ ਸਨ। ਜਦੋਂ ਜਪਾਨੀ ਡਾਕਟਰ ਮਿਕਾਊ ਉਸ਼ੂਈ ਜੋ ਕਿਆਟੋ ਸਥਿਤ ਜਪਾਨੀ ਯੂਨੀਵਰਸਿਟੀ ਵਿੱਚ ਡੀਨ ਸਨ, ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਇਸ ਦੇ ਭੇਤ ਨੂੰ ਲੱਭਣ ਲਈ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਅਮਰੀਕਾ ਵਿੱਚ ਵਸਦੇ ਈਸਾਈ ਭਾਈਚਾਰੇ ਤੋਂ ਪੁੱਛ-ਗਿੱਛ ਕਰਦਿਆਂ ਇਸ ਦੀ ਵਿੱਦਿਆ ਪ੍ਰਾਪਤ ਕਰਨ ਲਈ ਸ਼ਿਕਾਗੋ ਯੂਨੀਵਰਸਿਟੀ ਵਿੱਚ ਦਾਖ਼ਲਾ ਲੈ ਲਿਆ। ਇਨ੍ਹਾਂ ਨੂੰ ਇਹ ਵੀ ਪਤਾ ਲੱਗਿਆ ਕਿ ਮਹਾਤਮਾ ਬੁੱਧ ਵੀ ਅਜਿਹਾ ਇਲਾਜ (ਸਪਰਸ਼ ਵਿਧੀ) ਕਰਦੇ ਸਨ। ਤਿੱਬਤ ਦੇ ਲੋਕ ਇਸ ਮਹਾਨ ਸ਼ਕਤੀ (ਰੇਕੀ) ਨੂੰ ਜਾਨਣ ਵਿੱਚ ਕਾਮਯਾਬ ਹੋਏ। ਰੇਕੀ ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਸ਼ਬਦ ਹੈ- 'ਰੇ' ਅਤੇ 'ਕੀ'। 'ਰੇ' ਦਾ ਅਰਥ ਹੈ- ਸਰਵਵਿਆਪੀ ਅਤੇ 'ਕੀ' ਦਾ ਅਰਥ ਹੈ- ਜੀਵਨ ਸ਼ਕਤੀ ਭਾਵ ਸਰਵ ਵਿਆਪੀ ਜੀਵਨ ਸ਼ਕਤੀ ਜੋ ਸਾਡੇ ਸਾਰਿਆਂ ਵਿੱਚ ਮੌਜੂਦ ਹੈ ਪਰ ਕਿਸੇ ਨੂੰ ਇਸ ਅਲੌਕਿਕ ਸ਼ਕਤੀ ਦਾ ਗਿਆਨ ਨਹੀਂ ਹੁੰਦਾ। ਰੇਕੀ ਸਪਰਸ਼ ਪ੍ਰਣਾਲੀ ਹੈ ਜੋ ਟਰੇਂਡ ਰੇਕੀ ਮਾਸਟਰ ਤੋਂ ਸ਼ਕਤੀਪਾਤ (Atunement) ਕਰਵਾ ਕੇ ਆਸਾਨੀ ਨਾਲ ਸਿੱਖੀ ਜਾ ਸਕਦੀ ਹੈ। ਪਹਿਲੀ ਡਿਗਰੀ ਪ੍ਰਾਪਤ ਵਿਅਕਤੀ ਹੱਥਾਂ ਦੇ ਸਪਰਸ਼ ਦੁਆਰਾ ਆਪਣਾ ਅਤੇ ਦੂਜਿਆਂ ਦਾ ਸਫ਼ਲ ਇਲਾਜ ਕਰ ਸਕਦਾ ਹੈ। ਦੂਜਾ ਦਰਜਾ ਪ੍ਰਾਪਤ ਕਰ ਕੇ ਦੂਰੀ ਤੋਂ ਸਫ਼ਲ ਇਲਾਜ ਕੀਤਾ ਜਾ ਸਕਦਾ ਹੈ। ਕਾਫ਼ੀ ਅਭਿਆਸ ਤੋਂ ਬਾਅਦ ਕੁੰਡਲੀ ਸ਼ਕਤੀ ਵੀ ਜਾਗ੍ਰਿਤ ਹੋ ਜਾਂਦੀ ਹੈ। ਰੇਕੀ ਪ੍ਰਮਾਤਮਾ ਵੱਲੋਂ ਮਨੁੱਖ ਨੂੰ ਬਖ਼ਸ਼ੀ ਬ੍ਰਹਿਮੰਡ ਦੀ ਜੀਵਨ ਸ਼ਕਤੀ ਹੈ।

ਇਸ ਦੀ ਵਰਤੋਂ ਰੋਗ ਨੂੰ ਦੂਰ ਕਰ ਕੇ ਸਰੀਰਕ ਤੰਦਰੁਸਤੀ ਅਤੇ ਮਾਨਸਿਕ ਸ਼ਾਂਤੀ ਲਈ ਕੀਤਾ ਜਾਂਦਾ ਹੈ। ਰੇਕੀ ਮਾਸਟਰ ਦਾ ਤਜਰਬੇਕਾਰ ਹੋਣਾ ਅਤੇ ਇਕਾਗਰਤਾ ਇਸ ਇਲਾਜ ਪ੍ਰਣਾਲੀ ਵਿੱਚ ਸੋਨੇ ਉੱਤੇ ਸੁਹਾਗੇ ਦਾ ਕੰਮ ਕਰਦਾ ਹੈ ਤੇ ਰੋਗੀ ਦਿਨਾਂ/ਘੰਟਿਆਂ ਵਿੱਚ ਤੰਦਰੁਸਤ ਹੋ ਕੇ ਖ਼ੁਸ਼ਹਾਲੀ ਭਰਿਆ ਜੀਵਨ ਬਤੀਤ ਕਰਦਾ ਹੈ। ਇਸ ਪ੍ਰਣਾਲੀ ਰਾਹੀਂ ਆਮ ਤੋਂ ਲੈ ਕੇ ਭਿਆਨਕ ਬੀਮਾਰੀਆਂ ਦਾ ਇਲਾਜ ਸੰਭਵ ਹੈ।

**- ਭੁਪਿੰਦਰ ਸਿੰਘ ਚਹਿਲ**

# ਅਦਰਕ ਅਤੇ ਗਾਜਰ ਦਾ ਸੂਪ



ਸਮੱਗਰੀ

* 5 ਗਾਜਰਾਂ
* 2 ਇੰਚ ਲੰਬਾ ਅਦਰਕ ਦਾ ਟੁਕੜਾ
* 2 ਪਿਆਜ਼
* 1 ਕੱਪ ਸਬਜ਼ੀਆਂ ਦਾ ਸ਼ੋਰਬਾ
* ਇਕ ਤਿਹਾਈ ਕੱਪ ਸੰਤਰੇ ਦਾ ਰਸ
* ਨਮਕ ਸਵਾਦ ਅਨੁਸਾਰ
* 2 ਚਮਚ ਪੀਸੀ ਕਾਲੀ ਮਿਰਚ
*2 ਚਮਚ ਆਲਿਵ ਆਇਲ

ਵਿਧੀ

ਪੈਨ ਲਓ ਅਤੇ ਉਸ 'ਚ ਤੇਲ ਗਰਮ ਕਰੋ। ਇਸ 'ਚ ਕੱਟੇ ਹੋਏ ਪਿਆਜ਼ ਅਤੇ ਪੀਸਿਆ ਅਦਰਕ ਪਾ ਕੇ ਦੋ ਮਿੰਟ ਦੇ ਲਈ ਮੱਧਮ ਅੱਗ 'ਤੇ ਪਕਾ ਲਓ। ਇਸ 'ਚ ਸਬਜ਼ੀਆਂ ਦਾ ਸ਼ੋਰਬਾ ਪਾਓ ਅਤੇ ਅੱਗ ਨੂੰ ਮੱਧਮ ਕਰ ਦਿਓ, ਇਸ ਨੂੰ 25-30 ਮਿੰਟ ਦੇ ਲਈ ਪੱਕਣ ਦਿਓ ਤਾਂ ਕਿ ਸੂਪ ਗਾੜ੍ਹਾ ਹੋ ਜਾਏ।

ਇਸ ਦੇ ਬਾਅਦ ਇਸ 'ਚ ਸੰਤਰੇ ਦਾ ਰਸ ਪਾਓ ਅਤੇ 2-3 ਮਿੰਟ ਦੇ ਲਈ ਮੱਧਮ ਅੱਗ 'ਤੇ ਪਕਾਓ ਅਤੇ ਫਿਰ ਗੈਸ ਬੰਦ ਕਰ ਦਿਓ। ਹੁਣ ਇਸ ਤਿਆਰ ਸੂਪ ਨੂੰ ਇਕ ਬਾਊਲ 'ਚ ਪਾਓ ਅਤੇ ਉਸ 'ਚ ਨਮਕ ਅਤੇ ਕਾਲੀ ਮਿਰਚ ਛਿੜਕ ਕੇ ਪਰੋਸੋ।

# ਦੁੱਧ- ਸੁਹੱਪਣ ਦਾ ਰਾਜ਼

**- ਡਾ. ਹਰਪ੍ਰੀਤ ਸਿੰਘ ਭੰਡਾਰੀ**

ਪੁਰਾਣੇ ਸਮੇਂ ਤੋਂ ਹੀ ਦੁੱਧ ਨੂੰ ਸੁੰਦਰਤਾ ਲਈ ਵਰਤਿਆ ਜਾਂਦਾ ਰਿਹਾ ਹੈ। ਦੁੱਧ ਦੀ ਮਦਦ ਨਾਲ ਸੁੰਦਰਤਾ ਨਾਲ ਸਬੰਧਤ ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕਦਾ ਹੈ। ਬਾਜ਼ਾਰਾਂ ਵਿੱਚ ਕੈਮੀਕਲ ਨਾਲ ਸਬੰਧਤ ਕਾਸਮੈਟਿਕ ਸਾਡੀ ਚਮੜੀ ਲਈ ਬਹੁਤ ਖ਼ਤਰਨਾਕ ਸਾਬਤ ਹੋ ਸਕਦੇ ਹਨ ਪਰ ਘਰੇਲੂ ਢੰਗਾਂ ਨਾਲ ਅਸੀਂ ਆਪਣੇ-ਆਪ ਨੂੰ ਸਾਫ਼, ਸੋਹਣਾ ਅਤੇ ਸੁੰਦਰ ਬਣਾ ਕੇ ਰੱਖ ਸਕਦੇ ਹਾਂ। ਦੁੱਧ ਦੀ ਵਰਤੋਂ ਸਾਡੇ ਸੁਹੱਪਣ ਨੂੰ ਚਾਰ ਚੰਨ ਲਾ ਸਕਦੀ ਹੈ:

* ਕਣਕ ਦੇ ਆਟੇ ਵਿੱਚ ਸ਼ਹਿਦ ਅਤੇ ਦੁੱਧ ਮਿਲਾ ਕੇ ਰੋਜ਼ਾਨਾ ਚਿਹਰੇ 'ਤੇ ਮਲੋ, ਚਿਹਰਾ ਚਮਕ ਉੱਠੇਗਾ।
* ਦੁੱਧ ਵਿੱਚ ਚੌਲਾਂ ਦਾ ਆਟਾ ਘੋਲ ਕੇ ਚਿਹਰੇ 'ਤੇ ਉਸ ਦਾ ਲੇਪ ਕਰਨ ਦੇ ਨਾਲ ਝੁਰੀਆਂ ਖ਼ਤਮ ਹੋ ਜਾਂਦੀਆਂ ਹਨ ਤੇ ਚਿਹਰਾ ਸਾਫ਼ ਤੇ ਚਮਕਦਾਰ ਹੋ ਜਾਂਦਾ ਹੈ।
* ਦੁੱਧ ਵਿੱਚ ਮੁਲਤਾਨੀ ਮਿੱਟੀ (ਗਾਚਣੀ) ਮਿਲਾ ਕੇ ਚਿਹਰੇ ਜਾਂ ਸਰੀਰ 'ਤੇ ਲੇਪ ਕਰਨ ਦੇ ਨਾਲ ਠੰਢਕ ਤਾਂ ਮਿਲਦੀ ਹੀ ਹੈ ਅਤੇ ਨਾਲ ਹੀ ਮੁਹਾਸੇ ਜਾਂ ਗਰਮੀਆਂ ਵਿੱਚ ਹੋਣ ਵਾਲੀ ਪਿੱਤ ਤੋਂ ਛੁਟਕਾਰਾ ਮਿਲ ਜਾਂਦਾ ਹੈ।
* ਬਾਦਾਮ ਦੀਆਂ ਕੁਝ ਗਿਰੀਆਂ ਪਾਣੀ ਵਿੱਚ ਭਿਉਂ ਕੇ ਛਿਲਕਾ ਉਤਾਰ ਕੇ ਦੁੱਧ ਵਿੱਚ ਪੀਸ ਕੇ ਥੋੜ੍ਹੇ ਜਿਹੇ ਦੁੱਧ ਨੂੰ ਚਿਹਰੇ 'ਤੇ ਮਲੋ। ਸੁੱਕ ਜਾਣ 'ਤੇ ਇਸ ਨੂੰ ਫਿਰ ਮਲੋ। ਰੰਗ ਸਾਫ਼ ਹੋ ਜਾਵੇਗਾ।
* ਤਾਜ਼ੇ ਦੁੱਧ ਵਿੱਚ ਥੋੜ੍ਹਾ ਜਿਹਾ ਜੌਂ ਦਾ ਆਟਾ ਮਿਲਾਓ ਅਤੇ ਫਿਰ ਇਸ ਨੂੰ ਚਿਹਰੇ 'ਤੇ ਵਟਣੇ ਵਾਂਗ ਮਲੋ। ਚਿਹਰਾ ਚਮਕ ਉੱਠੇਗਾ।



* ਦੁੱਧ ਵਿੱਚ ਤੁਲਸੀ ਦੇ ਪੱਤੇ ਪੀਸ ਕੇ ਚਿਹਰੇ 'ਤੇ ਲਗਾਉਣ ਨਾਲ ਚਿਹਰੇ ਦੇ ਦਾਗ਼ ਅਤੇ ਛਾਹੀਆਂ ਖ਼ਤਮ ਹੋ ਜਾਂਦੀਆਂ ਹਨ।
* ਕੱਚੇ ਦੁੱਧ ਵਿੱਚ ਕਾਲੇ ਤਿਲ ਅਤੇ ਪੀਲੀ ਸਰ੍ਹੋਂ ਬਰਾਬਰ ਹਿੱਸਿਆਂ ਵਿੱਚ ਲੈ ਕੇ ਮਿਲਾ ਕੇ ਪੀਸ ਲਵੋ। ਇਸ ਨੂੰ ਲਗਾਉਣ ਦੇ ਨਾਲ ਕਿੱਲ-ਮੁਹਾਸਿਆਂ ਦੇ ਦਾਗ਼ ਤਾਂ ਖ਼ਤਮ ਹੁੰਦੇ ਹੀ ਹਨ ਤੇ ਨਾਲ ਹੀ ਚੇਚਕ ਵਰਗੇ ਦਾਗ਼ ਵੀ ਖ਼ਤਮ ਹੋ ਸਕਦੇ ਹਨ।
* ਦੁੱਧ ਵਿੱਚ ਮਾਂਹ ਦੀ ਦਾਲ ਰਾਤ ਨੂੰ ਭਿਓ ਕੇ ਸਵੇਰੇ ਪੀਸ ਕੇ ਚਿਹਰੇ ਅਤੇ ਹੱਥਾਂ 'ਤੇ ਰਗੜੋ, ਰੰਗ ਨਿਖਰ ਜਾਵੇਗਾ।
* ਕੱਚੇ ਦੁੱਧ ਵਿੱਚ ਮੈਦਾ ਮਿਲਾ ਕੇ ਲੇਪ ਬਣਾਓ। ਇਸ ਨੂੰ ਚਿਹਰੇ ਜਾਂ ਗਰਦਨ 'ਤੇ ਮਲਣ ਨਾਲ ਸਰਦੀਆਂ ਵਿੱਚ ਹੋਣ ਵਾਲੀਆਂ ਛਾਹੀਆਂ ਦੂਰ ਹੋ ਜਾਂਦੀਆਂ ਹਨ।
* ਦੁੱਧ ਦੀ ਮਲਾਈ ਵਿੱਚ ਥੋੜ੍ਹਾ ਜਿਹਾ ਸ਼ਹਿਦ ਮਿਲਾ ਕੇ ਪੇਸਟ ਬਣਾ ਲਵੋ। ਇਸ ਪੇਸਟ ਨੂੰ ਅੱਖਾਂ ਦੇ ਹੇਠਾਂ ਲਗਾਉਣ ਦੇ ਨਾਲ ਕਾਲਾਪਣ ਦੂਰ ਹੁੰਦਾ ਹੈ। ਜੇ ਇਸ ਨੂੰ ਬੁੱਲਾਂ 'ਤੇ ਲਗਾਇਆ ਜਾਵੇ ਤਾਂ ਨਾ ਹੀ ਬੁੱਲ ਸੁੱਕਣਗੇ ਅਤੇ ਨਾ ਹੀ ਫਟਣਗੇ।
* ਦੁੱਧ ਵਿੱਚ ਕੱਚੇ ਨਾਰੀਅਲ ਨੂੰ ਬਾਰੀਕ ਪੀਸ ਲਵੋ। ਇਸ ਪੇਸਟ ਨੂੰ ਚਿਹਰੇ, ਗਰਦਨ ਅਤੇ ਹੱਥਾਂ ਪੈਰਾਂ 'ਤੇ ਮਲੋ। ਚਮੜੀ ਨਿਖਰ ਜਾਵੇਗੀ।
* ਜੇਕਰ ਤੁਹਾਡੀ ਚਮੜੀ ਤੇਲੀ ਪ੍ਰਕਿਰਤੀ ਦੀ ਹੈ ਤਾਂ ਦੁੱਧ ਵਿੱਚ ਖੀਰੇ ਦਾ ਰਸ ਮਿਲਾਓ ਅਤੇ ਜੇ ਚਮੜੀ ਖੁਸ਼ਕ ਹੈ ਤਾਂ ਸੰਤਰੇ ਦਾ ਰਸ ਮਿਲਾਓ। ਇਸ ਲੋਸ਼ਨ ਨੂੰ ਚਿਹਰੇ 'ਤੇ ਮਲੋ, ਸੁੱਕਣ 'ਤੇ ਫਿਰ ਮਲੋ, ਉਸ ਤੋਂ ਬਾਅਦ ਤਾਜ਼ੇ ਪਾਣੀ ਨਾਲ ਧੋ ਲਵੋ। ਚਿਹਰਾ ਚਮਕ ਉੱਠੇਗਾ।

ਇਸ ਗੱਲ ਦਾ ਧਿਆਨ ਰੱਖੋ ਕਿ ਦੁੱਧ ਸ਼ੁੱਧ ਹੋਵੇ। ਬਣਾਉਟੀ ਦੁੱਧ ਜਾਂ ਕੈਮੀਕਲ ਨਾਲ ਤਿਆਰ ਕੀਤਾ ਦੁੱਧ ਸੁੰਦਰਤਾ ਨਹੀਂ ਸਗੋਂ ਚਮੜੀ ਦੇ ਹੋਰ ਕਈ ਰੋਗ ਦੇ ਸਕਦਾ ਹੈ।




# ਪੰਜਾਬੀ ਸਿਨੇਮਾ- ਇਕ ਇਤਿਹਾਸ



ਭੁਪਿੰਦਰ ਪੰਧੇਰ, ਫਰਿਜ਼ਨੋ
bhupinderbs@yahoo.com

ਅੱਜ ਪੰਜਾਬੀ ਸਿਨੇਮਾ ਆਪਣੀ ਨਿਵੇਕਲੀ ਪਹਿਚਾਣ ਬਣਾਉਣ ਵਿਚ ਕਾਮਯਾਬ ਹੋਇਆ ਹੈ। ਸੂਝਵਾਨ ਨਿਰਮਾਤਾ, ਨਿਰਦੇਸ਼ਕ, ਪਟਕਥਾ, ਸੰਵਾਦ ਅਤੇ ਉਚ ਤਕਨੀਕ ਕਾਰਨ ਸਿਖਰਾਂ ਨੂੰ ਛੋਹ ਰਿਹਾ ਹੈ। ਅੱਜ ਪੰਜਾਬੀ ਸਿਨੇਮੇ ਦੀ ਮਕਬੂਲੀਅਤ ਅੰਤਰ ਰਾਸ਼ਟਰੀ ਪੱਧਰ ਤੇ ਹੋ ਗਈ ਹੈ।

ਪੰਜਾਬੀ ਫਿਲਮਾਂ ਦੇ ਇਤਿਹਾਸ ਵੱਲ ਜਾਈਏ ਤਾਂ 1930-32 ਦੇ ਦਹਾਕੇ ਦੀਆਂ ਫਿਲਮਾਂ 'ਹੀਰ ਰਾਂਝਾ', 'ਚਮਨ' ਅਤੇ 'ਪਿੰਡ ਦੀ ਕੁੜੀ' ਤੋਂ ਕਿੰਨੇ ਸਾਲਾਂ ਬਾਅਦ ਜਦੋਂ ਕਮਲਾ ਮੂਵੀਟੋਨ ਦੀ 'ਮੰਗਤੀ' ਰਿਲੀਜ਼ ਹੋਈ, ਉਸਨੇ ਪਹਿਲੀ ਵਾਰ ਪੰਜਾਬੀ ਸਿਨੇਮਾ ਦਾ ਨਵਾਂ ਇਤਿਹਾਸ ਸਿਰਜਿਆ। ਇਸ ਫਿਲਮ ਦੀ ਸਫਲਤਾ ਨੇ ਪੰਜਾਬੀ ਫਿਲਮਾਂ ਬਣਾਉਣ ਵਾਲਿਆਂ ਲਈ ਨਵਾਂ ਜੋਸ਼ ਭਰ ਦਿੱਤਾ ਸੀ। ਉਂਝ ਉਸ ਸਮੇਂ ਕਹਾਣੀ ਨਾਲੋਂ ਗੀਤ ਸੰਗੀਤ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਸੀ। 1944 ਵਿਚ ਬਣੀ 'ਗੁਲ ਬਲੋਚ' ਵਿਚ ਮੁਹੰਮਦ ਰਫੀ ਸਾਹਿਬ ਪਹਿਲੀ ਵਾਰ ਪਿਠਵਰਤੀ ਗਾਇਕ ਬਣੇ ਸਨ। ਉਹਨਾਂ ਸਮਿਆਂ ਵਿਚ ਪਿੱਠਵਰਤੀ ਗਾਇਕਾਂ ਵਜੋਂ ਲਤਾ ਮੰਗੇਸ਼ਕਰ, ਸਮਸ਼ਾਦ ਬੇਗਮ, ਆਸ਼ਾ ਭੌਂਸਲੇ, ਸੁਮਨ ਕਲਿਆਣਪੁਰ, ਮਹਿੰਦਰ ਕਪੂਰ, ਜਸਪਾਲ ਸਿੰਘ, ਸੁਰਿੰਦਰ ਕੋਹਲੀ, ਕ੍ਰਿਸ਼ਨਾ ਕੱਲੇ ਅਤੇ ਬਾਅਦ ਵਿਚ ਦਿਲਰਾਜ ਕੌਰ, ਮੀਨੂੰ ਪ੍ਰਸ਼ੋਤਮ ਅਤੇ ਸਵਿਤਾ ਸਾਥੀ ਦੇ ਨਾਂ ਵਰਣਨਯੋਗ ਹਨ। ਪੰਜਾਬੀ ਫਿਲਮਾਂ ਲਈ ਪਹਿਲਾ ਪੁਰਸਕਾਰ ਦਾ ਮਾਣ ਬਲਰਾਜ ਸਾਹਨੀ ਦੀ 1964 ਵਿਚ ਬਣੀ 'ਸਤਲੁਜ ਦੇ ਕੰਢੇ' ਨੂੰ ਪ੍ਰਾਪਤ ਹੋਇਆ। ਇਸ ਤੋਂ ਬਾਅਦ ਇਸੇ ਕੜੀ ਵਿਚ 'ਨਾਨਕ ਨਾਮ ਜਹਾਜ ਹੈ', 'ਚੰਨ ਪ੍ਰਦੇਸੀ', 'ਮੜ੍ਹੀ ਦਾ ਦੀਵਾ', 'ਕਚਹਿਰੀ', 'ਦੇਸ ਹੋਇਆ ਪ੍ਰਦੇਸ', 'ਮੈਂ ਮਾਂ ਪੰਜਾਬ ਦੀ', 'ਸ਼ਹੀਦ ਊਧਮ ਸਿੰਘ' ਅਤੇ 'ਸ਼ਹੀਦੇ ਮੁਹੱਬਤ ਬੂਟਾ ਸਿੰਘ' ਦੇ ਨਾਂ ਸ਼ਾਮਲ ਕੀਤੇ ਜਾ ਸਕਦੇ ਹਨ। ਸਭ ਤੋਂ ਵੱਧ ਪੁਰਸਕਾਰ ਜਿੱਤਣ ਦਾ ਸਿਹਰਾ 'ਵਾਰਿਸ ਸ਼ਾਹ-ਇਸ਼ਕ ਦਾ ਵਾਰਿਸ' ਦੇ ਸਿਰ ਜਾਂਦਾ ਹੈ, ਜਿਸ ਨੇ ਚਾਰ ਪੁਰਸਕਾਰ ਇਕੱਠੇ ਜਿੱਤ ਕੇ ਪੰਜਾਬੀ ਸਿਨੇਮਾ ਦੇ ਇਤਿਹਾਸ ਵਿਚ ਨਵੀਆਂ ਪੈੜਾਂ ਪਾਈਆਂ ਹਨ।







ਪੁਰਾਣੀਆਂ ਫਿਲਮਾਂ ਦੇ ਗੀਤ ਸੰਗੀਤ ਵੱਲ ਉਚੇਚਾ ਧਿਆਨ ਦੇਣ ਕਾਰਨ ਉਸ ਸਮੇਂ ਦੇ ਗੀਤ ਅੱਜ ਵੀ ਸਾਡੇ ਚੇਤਿਆਂ ਵਿਚ ਵੱਸੇ ਹੋਏ ਹੋਏ ਹਨ। ਸ਼ਮਸ਼ਾਦ ਬੇਗਮ ਦਾ ਗੁਡੀ ਫਿਲਮ ਦਾ ਗੀਤ 'ਕੱਚੀ ਟੁੱਟ ਗਈ ਜਿਨ੍ਹਾਂ ਦੀ ਯਾਰੀ', ਯਮਲਾ ਜੱਟ ਦਾ ਗੀਤ 'ਲੰਬਾ ਲੰਬਾ ਬਾਜਰੇ ਦਾ ਸਿੱਟਾ', ਭੰਗੜੇ ਦਾ ਗੀਤ 'ਰੱਬ ਨਾ ਕਰੇ', ਜੱਟ ਕੁੜੀਆਂ ਤੋਂ ਡਰਦਾ ਮਾਰਾ', 'ਪਿੰਡ ਦੀ ਕੁੜੀ' ਦਾ ਗੀਤ 'ਲਾਈਆਂ ਤੇ ਤੋੜ ਨਿਭਾਵੀਂ", ਭੰਗੜਾ ਦਾ ਗੀਤ 'ਬੱਤੀ ਬਾਲ ਕੇ ਬਨੇਰੇ ਉਤੇ ਰੱਖਨੀ ਆਂ', 'ਸਤਲੁਜ ਦੇ ਕੰਢੇ' ਦਾ ਗੀਤ 'ਸੁਣ ਮੇਰੇ ਮਾਹੀ' 'ਮਨਜੀਤੇ ਜਗ ਜੀਤ' ਦਾ ਆਸ਼ਾ ਭੌਂਸਲੇ ਦਾ ਗਾਇਆ 'ਜਦੋਂ ਜਦੋਂ ਵੀ ਬਨੇਰੇ ਬੋਲੇ ਕਾਂ', ਨਾਨਕ ਦੁਖੀ ਸਭ ਸੰਸਾਰ ਦਾ ਗੀਤ 'ਮੇਰੇ ਮਨ ਵਿਚ ਤੂੰਬਾ ਵੱਜਦਾ ਏ' ਵਗੈਰਾ ਅੱਜ ਵੀ ਬੜੀ ਸ਼ਿੱਦਤ ਨਾਲ ਸੁਣਿਆ ਜਾਂਦਾ ਹੈ। 1959 ਵਿਚ ਬਣੀ ਫਿਲਮ 'ਦੋ ਲੱਛੀਆਂ' ਦਾ ਗੀਤ 'ਤੇਰੀ ਕਣਕ ਦੀ ਰਾਖੀ ਮੁੰਡਿਆ'। ਅੱਜ ਦੇ ਸਮੇਂ ਵਿਚ ਵੀ ਵਿਆਹ ਸ਼ਾਦੀਆਂ ਸਮੇਂ ਡੀ. ਜੇ. ਦਾ ਸ਼ਿੰਗਾਰ ਬਣ ਰਿਹਾ ਹੈ। ਜਦਕਿ ਅੱਜ ਦੀ ਫਿਲਮਾਂ ਦੇ ਗੀਤ 50 ਸਾਲ ਤਾਂ ਕੀ ਦਰਸ਼ਕਾਂ ਨੂੰ 50 ਦਿਨ ਵੀ ਯਾਦ ਨਹੀਂ ਰਹਿੰਦੇ।

ਦਸੰਬਰ 1971 ਵਿਚ ਰਿਲੀਜ਼ ਹੋਈ 'ਨਾਨਕ ਨਾਮ ਜਹਾਜ਼ ਹੈ' ਨੂੰ ਮਿਲੀ ਬੇਹਿਸਾਬ ਸਫਲਤਾ ਤੋਂ ਬਾਅਦ ਧਾਰਮਿਕ ਵਿਸ਼ੇ ਨੂੰ ਮੁੱਖ ਰੱਖ ਕੇ ਕਈ ਫਿਲਮਾਂ ਬਣੀਆਂ, ਜਿਹਨਾਂ ਵਿਚ 'ਨਾਨਕ ਦੁਖੀਆ ਸਭੁ ਸੰਸਾਰ', ਸੱਚਾ ਮੇਰਾ ਰੂਪ ਹੈ, ਮਿੱਤਰ ਪਿਆਰੇ ਨੂੰ, ਦੁੱਖ ਭੰਜਨ ਤੇਰਾ ਨਾਮ, ਮਨ ਜੀਤੇ ਜਗੁ ਜੀਤ, ਸਵਾ ਲਾਖ ਸੇ ਏਕ ਲੜਾਊਂ, ਗੁਰੂ ਮਾਨਿਓ ਗ੍ਰੰਥ, ਸਤਿ ਸ੍ਰੀ ਅਕਾਲ, ਭਗਤ ਧੰਨਾ ਜੱਟ, ਪਾਪੀ ਤਾਰੇ ਅਨੇਕ' ਅਤੇ ਫਿਰ ਕਾਫੀ ਸਮੇਂ ਦੇ ਬਾਅਦ ਆਈ 'ਉਚਾ ਦਰ ਬਾਬੇ ਨਾਨਕ ਦਾ' ਦੇ ਨਾਂ ਵਰਣਨਯੋਗ ਹਨ। ਇਹਨਾਂ ਧਾਰਮਿਕ ਵਿਸ਼ੇ ਨਾਲ ਸਬੰਧਤ ਫਿਲਮਾਂ ਵਿਚਲੇ ਸ਼ਬਦਾਂ ਦੇ ਨਾਲ ਨਾਲ ਇਹਨਾਂ ਵਿਚਲੇ ਸਮਾਜਿਕ ਗੀਤਾਂ ਨੂੰ ਵੀ ਬਹੁਤ ਮਕਬੂਲੀਅਤ ਮਿਲੀ ਸੀ। ਜਿਹਨਾਂ ਵਿਚ 'ਮਿੱਤਰ ਪਿਆਰੇ ਨੂੰ' ਦਾ ਧਰਤੀ ਨੂੰ ਕਲੀ ਕਰਾਦੇ ਵੇ ਨੱਚੂੰਗੀ ਸਾਰੀ ਰਾਤ, ਭਗਤ ਧੰਨਾ ਜੱਟ ਦਾ ਗੀਤ 'ਸੱਪ ਦੀ ਤੋਰ ਨਾ ਤੁਰੀਏ ਨੀ ਕੁੜੀਏ', ਨਾਨਕ ਨਾਮ ਜਹਾਜ਼ ਹੈ ਦੇ ਗੀਤ 'ਕਰਤਾਰੋ ਦੀ ਅੱਖ ਮੁੰਡਿਆ', 'ਹਾੜਾ ਨੀ ਹਾੜਾ ਹਨੇਰ ਪੈ ਗਿਆ' ਦੇ ਨਾਂ ਅੱਜ ਵੀ ਪੰਜਾਬੀ ਸਿਨੇਮਾ ਪ੍ਰੇਮੀਆਂ ਦੇ ਚੇਤੇ ਵਿਚ ਵੱਸੇ ਹੋਏ ਹਨ।

ਉਦੋਂ ਜਦੋਂ ਇੰਦਰਜੀਤ ਹਸਨਪੁਰੀ ਵਰਗੇ ਸੁਲਝੇ ਹੋਏ ਇਨਸਾਨ ਇਸ ਖੇਤਰ ਨਾਲ ਜੁੜੇ ਤਾਂ ਫਿਲਮਾਂ ਦੇ ਮੁਹਾਂਦਰੇ 'ਚ ਹੋਰ ਵੀ ਨਿਖਾਰ ਆਇਆ। ਜਿੱਥੇ ਉਹਨਾਂ ਸਹੀ ਪੰਜਾਬੀ ਉਚਾਰਣ ਵਾਲੇ ਕਲਾਕਾਰ ਸਾਹਮਣੇ ਲਿਆਂਦੇ, ਉਥੇ ਉਸ ਸਮੇਂ ਦੀ ਮਸ਼ਹੂਰ ਗਾਇਕਾ ਨਰਿੰਦਰ ਬੀਬਾ ਨੂੰ ਵੀ ਫਿਲਮਾਂ ਵਿਚ ਗਾਉਣ ਦਾ ਮੌਕਾ ਦਿੱਤਾ। ਵਰਿੰਦਰ, ਦਲਜੀਤ ਕੌਰ ਤੇ ਮੇਹਰ ਮਿੱਤਲ ਵਰਗੇ ਠੇਠ ਪੰਜਾਬੀ ਕਲਾਕਾਰ ਨੂੰ ਫਿਲਮਾਂ ਨਾਲ ਜੋੜਨਾ ਹਸਨਪੁਰੀ ਦੀ ਹੀ ਦੇਣ ਹੈ, ਨਹੀਂ ਤਾਂ ਇਸ ਤੋਂ ਪਹਿਲਾਂ ਹਿੰਦੀ ਫਿਲਮਾਂ ਦੇ ਕਲਾਕਾਰ ਜਿਹਨਾਂ ਦਾ ਪੰਜਾਬੀ ਨਾਲ ਦੂਰ ਦਾ ਵਾਸਤਾ ਵੀ ਨਹੀਂ ਹੁੰਦਾ ਸੀ, ਉਹ ਪੰਜਾਬੀ ਫਿਲਮਾਂ ਦੇ ਕਰਤਾ ਧਰਤਾ ਹੁੰਦੇ ਸਨ। ਇਹਨਾਂ ਨੇ 'ਤੇਰੀ ਮੇਰੀ ਇਕ ਜਿੰਦੜੀ, ਦਾਜ ਅਤੇ ਸੁਖੀ ਪਰਿਵਾਰ' ਵਰਗੀਆਂ ਹਿੱਟ ਫਿਲਮਾਂ ਦੇ ਨਿਰਮਾਣ ਦੇ ਨਾਲ ਨਾਲ ਅਣਗਿਣਤ ਪੰਜਾਬੀ ਫਿਲਮਾਂ ਦੇ ਗੀਤ ਵੀ ਲਿਖੇ। ਭਾਖੜੀ ਭਰਾਵਾਂ ਦੀ ਪੰਜਾਬੀ ਫਿਲਮ ਜਗਤ ਨੂੰ ਦੇਣ ਵੀ ਭੁਲਾਈ ਨਹੀਂ ਜਾ ਸਕਦੀ। ਬੇਸ਼ੱਕ ਉਹਨਾਂ ਦੀਆਂ ਫਿਲਮਾਂ ਦੇ ਅਦਾਕਾਰ ਜ਼ਿਆਦਾਤਰ ਗੈਰ ਪੰਜਾਬੀ ਸਤੀਸ਼ ਕੌਲ ਅਤੇ ਭਾਵਨਾ ਭੱਟ ਰਹੇ ਪਰ ਇਹ ਵੀ ਸੱਚ ਹੈ ਕਿ ਸਭ ਤੋਂ ਵੱਧ ਹਿੱਟ ਫਿਲਮਾਂ ਇਹਨਾਂ ਨੇ ਹੀ ਦਿੱਤੀਆਂ।




ਉਦੋਂ ਫਿਰ ਵਰਿੰਦਰ ਦੇ ਫਿਲਮਾਂ ਵਿਚ ਪ੍ਰਵੇਸ਼ ਤੋਂ ਬਾਅਦ ਫਿਲਮਾਂ ਹੋਰ ਵੀ ਵਧੀਆ ਬਣਨ ਲੱਗੀਆਂ। ਵਰਿੰਦਰ ਨੇ ਹਮੇਸ਼ਾ ਵਕਤ ਦੀ ਨਬਜ਼ ਪਛਾਣ ਕੇ ਵਿਸ਼ੇ ਦੀ ਚੋਣ ਕੀਤੀ ਅਤੇ ਸਫਲਤਾ ਹਾਸਲ ਵੀ ਕੀਤੀ। ਉਸ ਸਮੇਂ ਦੀਆਂ ਅਭਿਨੇਤਰੀਆਂ ਜ਼ਿਆਦਾਤਰ ਹਿੰਦੀ ਫਿਲਮਾਂ 'ਚੋਂ ਲਈਆਂ ਜਾਂਦੀਆਂ ਸਨ। ਉਹਨਾਂ ਦਾ ਵਾਰਤਾਲਾਪ ਪੱਖ ਬੇਸ਼ੱਕ ਗੈਰ-ਪੰਜਾਬੀ ਹੋਣ ਕਾਰਨ ਕਮਜ਼ੋਰ ਹੁੰਦਾ ਸੀ ਪਰ ਨਾਚ ਗਾਣਿਆਂ ਸਮੇਂ ਪੂਰੀ ਤਰ੍ਹਾਂ ਸੰਪੂਰਨ ਸਨ। ਇਸ ਸਮੇਂ ਵਰਿੰਦਰ ਦੀਆਂ ਸਫਲ ਫਿਲਮਾਂ 'ਧਰਮਜੀਤ', 'ਸੰਤੋ ਬੰਤੋ' ਅਤੇ 'ਲੰਬੜਦਾਰਨੀ' ਵਗੈਰਾ ਹਿੰਦੀ ਫਿਲਮਾਂ ਦੀ ਉਘੀ ਨਰਤਕੀ ਅਤੇ ਅਭਿਨੇਤਰੀ ਅਰੁਣਾ ਇਰਾਨੀ ਨਾਲ ਆਈਆਂ। ਹੋਰ ਕਈ ਫਿਲਮਾਂ ਸੋਮਾ ਅਨੰਦ, ਸੋਭਨੀ ਸਿੰਘ, ਭਾਵਨਾ ਭੱਟ, ਅਰਪਣਾ ਚੌਧਰੀ, ਕੋਮਿਲਾ ਫਿਰਕ, ਸਰਿਤਾ ਅਤੇ ਦਲਜੀਤ ਕੌਰ ਨਾਲ ਆਈਆਂ ਪਰ ਸਭ ਤੋਂ ਸਫਲ ਜੋੜੀ 'ਪ੍ਰੀਤੀ ਸਪਰੂ' ਨਾਲ ਬਣੀ। ਇਹਨਾਂ ਦੋਵਾਂ ਨੇ 'ਸਰਪੰਚ, ਦੁਸ਼ਮਣੀ ਦੀ ਅੱਗ, ਜਿਗਰੀ ਯਾਰ, ਜੱਟ ਸੂਰਮੇ ਅਤੇ ਯਾਰੀ ਜੱਟ ਦੀ' ਤੋਂ ਬਿਨਾਂ ਹੋਰ ਵੀ ਬਹੁਤ ਸਾਰੀਆਂ ਹਿੱਟ ਫਿਲਮਾਂ ਦਿੱਤੀਆਂ।

ਉਦੋਂ ਕੁ ਹੀ ਪੰਜਾਬੀ ਗਾਇਕ ਕਲਾਕਾਰਾਂ ਨੂੰ ਫਿਲਮਾਂ ਵਿਚ ਲੈਣ ਦਾ ਰੁਝਾਨ ਸ਼ੁਰੂ ਹੋਇਆ। ਗੁਰਦਾਸ ਮਾਨ ਦਾ ਫਿਲਮ 'ਲੌਂਗ ਦਾ ਲਿਸ਼ਕਾਰਾ' ਵਿਚ ਛੋਟਾ ਜਿਹਾ ਪਰ ਪ੍ਰਭਾਵਸ਼ਾਲੀ ਰੋਲ ਦੇਖਣ ਨੂੰ ਮਿਲਿਆ। ਗੁਰਦਾਸ ਮਾਨ ਦੀ ਹੀਰੋ ਵਜੋਂ ਪਹਿਲੀ ਫਿਲਮ 'ਮਾਮਲਾ ਗੜਬੜ ਹੈ' ਜੋ ਕਿ ਦਲਜੀਤ ਕੌਰ ਨਾਲ ਸੀ, ਬੇਹੱਦ ਸਫਲ ਰਹੀ ਸੀ। ਇਸ ਤੋਂ ਬਾਅਦ 'ਗੱਭਰੂ ਪੰਜਾਬ ਦਾ' ਅਤੇ 'ਕੀ ਬਣੂੰ ਦੁਨੀਆਂ ਦਾ' ਵਿਚ ਇਨ੍ਹਾਂ ਦੀ ਪਤਨੀ ਮਨਜੀਤ ਮਾਨ ਹੀਰੋਇਨ ਆਈ। ਫਿਰ 'ਕੁਰਬਾਨੀ ਜੱਟ ਦੀ ਅਤੇ ਪ੍ਰਤੀਗਿਆ' ਪ੍ਰੀਤੀ ਸਪਰੂ ਨਾਲ ਆਈਆਂ। ਉਂਝ ਇਹਨਾਂ ਤੋਂ ਪਹਿਲਾਂ ਮੁਹੰਮਦ ਸਦੀਕ, ਕੇ. ਦੀਪ, ਰਣਜੀਤ ਕੌਰ, ਕੁਲਦੀਪ ਕੌਰ, ਕੁਲਦੀਪ ਮਾਣਕ, ਜਗਮੋਹਨ ਕੌਰ, ਨਰਿੰਦਰ ਬੀਬਾ ਅਤੇ ਸੁਰਿੰਦਰ ਸ਼ਿੰਦਾ ਦੀ ਕਿਸੇ ਨਾ ਕਿਸੇ ਫਿਲਮ ਵਿਚ ਐਂਟਰੀ ਹੋ ਚੁੱਕੀ ਸੀ। ਮੁਹੰਮਦ ਸਦੀਕ ਅਤੇ ਰਣਜੀਤ ਕੌਰ ਦਾ ਫਿਲਮ 'ਸੈਦਾ ਜੋਗਣ, ਪੁੱਤ ਜੱਟਾਂ ਦੇ, ਰਾਣੋ ਅਤੇ ਗੁੱਡੋ' ਵਰਗੀਆਂ ਫਿਲਮਾਂ ਵਿਚ ਸਫਲ ਦਾਖਲਾ ਹੋ ਚੁੱਕਾ ਸੀ। ਉਦੋਂ ਹੀ ਕੁਲਦੀਪ ਮਾਣਕ ਨੇ 'ਲੰਬੜਦਾਰਨੀ' ਵਿਚ ਜੀ. ਟੀ. ਰੋਡ ਤੇ ਦੁਹਾਈਆਂ ਵਾਲੇ ਚਰਚਿਤ ਗੀਤ ਨਾਲ ਆਪਣਾ ਨਾਂ ਫਿਲਮਾਂ ਵਿਚ ਵੀ ਪੱਕਾ ਕਰ ਲਿਆ ਸੀ। ਫਿਰ ਉਸ ਤੋਂ ਬਾਅਦ ਤਾਂ ਬਲਵੀਰੋ ਭਾਬੀ ਦੇ ਤਕਰੀਬਨ ਸਾਰੇ ਗੀਤ ਹੀ ਕੁਲਦੀਪ ਮਾਣਕ ਦੇ ਗਾਏ ਹੋਏ ਸਨ। ਗਾਇਕਾਂ ਵਿਚ ਸੁਰਿੰਦਰ ਸ਼ਿੰਦਾ 'ਪਟੋਲਾ' ਵਿਚ, ਮਲਕੀਤ ਸਿੰਘ ਤੇ ਹੰਸ ਰਾਜ ਹੰਸ ਵੀ ਪ੍ਰੀਤੀ ਸਪਰੂ ਦੀ ਫਿਲਮ 'ਮਹਿੰਦੀ ਸ਼ਗਨਾਂ ਦੀ' ਵਿਚ ਬਤੌਰ ਹੀਰੋ ਆ ਚੁੱਕੇ ਹਨ। ਉਹਨਾਂ ਦਿਨਾਂ ਵਿਚ ਆਪਣੇ ਮਹਿਬੂਬ ਕਲਾਕਾਰਾਂ ਨੂੰ ਫਿਲਮੀ ਪਰਦੇ ਤੇ ਦੇਖਣ ਦਾ ਇਕ ਵੱਖਰਾ ਹੀ ਚਾਅ ਹੁੰਦਾ ਸੀ, ਕਿਉਂਕਿ ਉਦੋਂ ਅੱਜ ਵਾਂਗ ਹਰ ਇਕ ਗਾਇਕ ਦਾ ਆਪਦੇ ਗੀਤਾਂ ਦਾ ਵੀਡੀਓ ਬਣਾਉਣ ਦਾ ਰਿਵਾਜ ਨਹੀਂ ਪਿਆ ਸੀ।

ਜਦੋਂ 1986 ਵਿਚ ਜਗਜੀਤ ਸਿੰਘ ਦੀ ਨਿ-ਰਦੇਸ਼ਨਾਂ ਹੇਠ ਬਣੀ 'ਗੱਭਰੂ ਪੰਜਾਬ ਦਾ' ਵਿਚ ਪਹਿਲੀ ਵਾਰ ਦੀਦਾਰ ਸੰਧੂ ਅਤੇ ਅਮਰ ਨੂਰੀ ਦਾ ਅਖਾੜਾ ਫਿਲਮਾਇਆ ਗਿਆ ਤਾਂ ਦਰਸ਼ਕਾਂ ਦੀ ਭੀੜ ਇਹਨਾਂ ਨੂੰ ਪਰਦੇ ਤੇ ਦੇਖਣ ਲਈ ਟੁੱਟ ਪਈ ਸੀ। ਇਸ ਫਿਲਮ ਦੀ ਸਫਲਤਾ ਦੇਖ ਕੇ ਤਾਂ ਅਗਲੀਆਂ ਫਿਲਮਾਂ ਵਿਚ ਅਖਾੜੇ ਫਿਲਮਾਉਣ ਦਾ ਰਿਵਾਜ਼ ਹੀ ਪੈ ਗਿਆ ਸੀ। ਫਿਰ ਇਸੇ ਕੜੀ ਵਿਚ ਅਮਰ ਚਮਕੀਲਾ ਅਤੇ ਅਮਰਜੋਤ ਦਾ ਅਖਾੜਾ 'ਪਟੋਲਾ' ਵਿਚ ਫਿਲਮਾਇਆ ਗਿਆ ਸੀ। ਜਿਸ ਤਰ੍ਹਾਂ ਕਿ ਆਪਣੇ ਸਮੇਂ ਦੀ ਮਸ਼ਹੂਰ ਫਿਲਮ 'ਬਦਲਾ ਜੱਟੀ ਦਾ' ਵਿਚ ਸੁਰਜੀਤ ਬਿੰਦਰਖੀਆ ਅਤੇ ਦਿਲਸ਼ਾਦ ਅਖ਼ਤਰ ਦਾ ਅਖਾੜਾ ਫਿਲਮਾਇਆ ਗਿਆ। ਸੋ ਇਹ ਫਾਰਮੂਲਾ ਵੀ ਕਿਸੇ ਫਿਲਮ ਨੂੰ ਹਿੱਟ ਕਰਾਉਣ ਦਾ ਜ਼ਰੀਆ ਬਣ ਗਿਆ ਸੀ।

ਉਹਨਾਂ ਦਿਨਾਂ ਵਿਚ ਜਦੋਂ 'ਪੁੱਤ ਜੱਟਾਂ ਦੇ', ਬਦਲਾ ਜੱਟੀ ਦਾ, ਅਣਖ ਜੱਟਾਂ ਦੀ, ਯਾਰੀ ਜੱਟ ਦੀ, ਮਿਰਜ਼ਾ ਜੱਟ ਅਤੇ ਜੱਟ ਤੇ ਜ਼ਮੀਨ' ਵਗੈਰਾ ਫਿਲਮਾਂ ਸਫਲ ਹੋਈਆਂ ਤਾਂ ਧੜਾਧੜ 'ਜੱਟ' ਸ਼ਬਦ ਨਾਲ ਫਿਲਮਾਂ ਦਾ ਨਾਂ ਰੱਖ ਕੇ ਪਾਕਿਸਤਾਨੀ ਪੰਜਾਬੀ ਫਿਲਮਾਂ ਦੀ ਨਕਲ ਕਰਕੇ ਹੂਬਹੂ ਪਹਿਰਾਵਾ, ਵਾਰਤਾਲਾਪ ਅਤੇ ਸੰਗੀਤ ਦੀ ਨਕਲ ਕਰਕੇ ਫਿਲਮਾਂ ਬਣਨ ਲੱਗੀਆਂ। ਉਦੋਂ ਸੂਝਵਾਨ ਦਰਸ਼ਕ ਇਸ ਤਰ੍ਹਾਂ ਦੀ ਮਾਰਧਾੜ ਬੇਹੂਦਾ ਗਾਲੀ ਗਲੋਚ, ਡਾਂਗਾਂ ਸੋਟੇ ਦੀਆਂ ਲੜਾਈਆਂ ਦੇਖਣ ਤੋਂ ਅੱਕ ਕੇ ਫਿਲਮਾਂ ਦੇਖਣ ਤੋਂ ਕਿਨਾਰਾ ਕਰਨ ਲੱਗਿਆ। ਫਿਰ ਇਸ ਤਰ੍ਹਾਂ ਲੱਗਣ ਲੱਗਿਆ ਕਿ ਪੰਜਾਬੀ ਸਿਨੇਮਾ ਦਾ ਵਿਨਾਸ਼ ਸ਼ੁਰੂ ਹੋ ਗਿਆ ਪਰ ਜਦੋਂ 1999 ਵਿਚ ਗੁਰਦਾਸ ਮਾਨ ਅਤੇ ਦਿਵਿਆ ਦੱਤਾ ਨੂੰ ਲੈ ਕੇ ਬਣੀ 'ਸ਼ਹੀਦ ਏ ਮੁਹੱਬਤ ਬੂਟਾ ਸਿੰਘ' ਰਿਲੀਜ਼ ਹੋਈ ਤਾਂ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਦੇਖ ਕੇ ਫਿਰ ਆਸ ਦੀ ਕਿਰਨ ਜਾਗੀ। ਫਿਰ ਇਸ ਆਸ ਦੀ ਕਿਰਨ ਨੂੰ ਮਨਮੋਹਨ ਸਿੰਘ ਅਤੇ ਹਰਭਜਨ ਮਾਨ ਦੀ ਜੋੜੀ ਨੇ ਆਪਣੀ ਪਹਿਲੀ ਹੀ ਢਾਈ ਕਰੋੜ ਰੁਪਏ ਦੇ ਬਜਟ ਵਾਲੀ ਫਿਲਮ 'ਜੀ ਆਇਆਂ ਨੂੰ' ਤੋਂ ਸੱਚ ਕਰ ਦਿਖਾਇਆ। ਉਂਝ ਇਸ ਫਿਲਮ ਦਾ ਨਾਂ ਵੀ ਮੌਕੇ ਦੇ ਲਿਹਾਜ ਨਾਲ ਬੜਾ ਢੁਕਵਾਂ ਸੀ ਕਿਉਂਕਿ ਇਸ ਫਿਲਮ ਨੇ ਹੀ ਪੰਜਾਬ ਸਿਨੇਮੇ ਤੋਂ ਮੂੰਹ ਮੋੜ ਚੁੱਕੇ ਦਰਸ਼ਕਾਂ ਨੂੰ 'ਜੀ ਆਇਆਂ ਨੂੰ' ਕਿਹਾ। ਇਸ ਕਰਕੇ ਪੰਜਾਬੀ ਸਿਨੇਮਾ ਨੂੰ ਮੁੜ ਸੁਰਜੀਤ ਕਰਨ ਦਾ ਅਸਲੀ ਸਿਹਰਾ ਮਨਮੋਹਨ ਸਿੰਘ ਤੇ ਹਰਭਜਨ ਮਾਨ ਦੀ ਜੋੜੀ ਸਿਰ ਬੱਝਦਾ ਹੈ।

ਅੱਜ ਪੰਜਾਬੀ ਸਿਨੇਮਾ ਕਿੱਥੋਂ ਦਾ ਕਿੱਥੇ ਪਹੁੰਚ ਗਿਆ ਹੈ। ਕਿਸੇ ਸਮੇਂ ਫਿਲਮਾਂ ਦੇ ਗੀਤ ਨਹਿਰਾਂ, ਪੁਲਾਂ, ਸਰ੍ਹੋਂ, ਕਮਾਦ ਜਾਂ ਫਿਰ ਹਰੀਆਂ ਭਰੀਆਂ ਕਣਕਾਂ ਵਿਚ ਫਿਲਮਾਏ ਜਾਂਦੇ ਸੀ ਪਰ ਅੱਜ ਦੀਆਂ ਫਿਲਮਾਂ ਵਿਚ ਗਲੈਮਰ ਹਾਵੀ ਹੋ ਗਿਆ ਹੈ। ਫਿਲਮਾਂ ਦੀ ਵਧੇਰੇ ਸ਼ੂਟਿੰਗ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਆਸਟ੍ਰੇਲੀਆ ਦੀਆਂ ਦਿਲਕਸ਼ ਲੁਕੇਸ਼ਨਾਂ ਤੇ ਕੀਤੀ ਜਾਂਦੀ ਹੈ। ਇਸੇ ਕਰਕੇ ਪੰਜਾਬੀ ਫਿਲਮਾਂ ਦਾ ਬਜਟ ਹਿੰਦੀ ਫਿਲਮਾਂ ਦੇ ਬਰਾਬਰ ਪਹੁੰਚਦਾ ਹੋ ਗਿਆ ਹੈ। ਅੱਜ ਪੰਜਾਬੀ ਫਿਲਮਾਂ ਇਕੋ ਸਮੇਂ ਕਈ ਕਈ ਦੇਸ਼ਾਂ ਵਿਚ ਰਿਲੀਜ਼ ਹੋ ਰਹੀਆਂ ਹਨ।

ਸਾਨੂੰ ਇਸ ਗੱਲ ਦਾ ਮਾਣ ਵੀ ਹੈ ਕਿ ਅਜੋਕੀਆਂ ਪੰਜਾਬੀ ਫਿਲਮਾਂ ਹਿੰਦੀ ਫਿਲਮਾਂ ਦੇ ਬਰਾਬਰ ਟੱਕਰ ਲੈਣ ਦੇ ਸਮਰੱਥ ਹੋਈਆਂ ਹਨ। ਇਸ ਦੀ ਤਾਜ਼ਾ ਮਿਸਾਲ ਪਿਛਲੇ ਸਾਲਾਂ ਵਿਚ ਰਿਲੀਜ਼ ਹੋਈਆਂ ਧਰਤੀ, ਮੇਲ ਕਰਾਦੇ ਰੱਬਾ, ਜੀਨੇ ਮੇਰਾ ਦਿਲ ਲੁੱਟਿਆ, ਕੈਰੀ ਆਨ ਜੱਟਾ ਅਤੇ ਜੱਟ ਐਂਡ ਜੂਲੀਅਟ ਦੇ ਨਾਂ ਵਰਣਨਯੋਗ ਹਨ। ਅੱਜ ਪੰਜਾਬੀ ਸਿਨੇਮਾ ਬੇਸ਼ੱਕ ਲੀਹ ਤੇ ਆ ਚੁੱਕਾ ਹੈ ਪਰ ਅਜੇ ਵੀ ਪੰਜਾਬੀ ਸਿਨੇਮਾ ਲਈ ਬਹੁਤ ਕੁਝ ਕਰਨਾ ਬਾਕੀ ਹੈ। ਜਿਸ ਤਰ੍ਹਾਂ ਇਸ ਸਾਲ ਹੁਣ ਤੱਕ 4-5 ਫਿਲਮਾਂ ਰਿਲੀਜ਼ ਹੋ ਚੁੱਕੀਆਂ ਹਨ ਪਰ ਅਜੇ ਤੱਕ ਕੋਈ ਵੀ ਫਿਲਮ ਖਾਸ ਕ੍ਰਿਸ਼ਮਾ ਨਹੀਂ ਦਿਖਾ ਸਕੀ। ਵੈਸੇ ਵੀ ਸਾਡੇ ਫਿਲਮਸਾਜ਼ ਲਕੀਰ ਦੇ ਫਕੀਰ ਵਾਂਗ ਕਾਮੇਡੀ ਵਿਸ਼ੇ ਪਿੱਛੇ ਹੀ ਹੱਥ ਧੋ ਕੇ ਪਏ ਹੋਏ ਹਨ। ਪਰ ਵਖਰੇਵੇਂ ਅਤੇ ਬਹੁਲਤਾ ਹੋਣ ਦੇ ਬਾਵਜੂਦ ਕਲਾਤਮਕ ਦ੍ਰਿਸ਼ਟੀਕੋਣ ਤੋਂ ਇਹ ਅਜੇ ਵੀ ਮਾਤ ਖਾ ਰਹੇ ਹਨ।

ਇਸ ਸਾਲ 60-70 ਨਵੀਆਂ ਫਿਲਮਾਂ ਦੇ ਨਿਰਮਾਣ ਹੋਣ ਦਾ ਅਨੁਮਾਨ ਹੈ। ਹੁਣ ਪੰਜਾਬੀ ਫਿਲਮਾਂ ਦੇ ਵੱਧ ਰਹੇ ਕਾਰੋਬਾਰ ਨੂੰ ਦੇਖ ਕੇ ਕਈ ਵਪਾਰੀ ਕਿਸਮ ਦੇ ਲੋਕ ਵੀ ਗੈਰ ਮਿਆਰੀ ਫਿਲਮਾਂ ਬਣਾਉਣ ਵਿਚ ਰੁੱਝੇ ਹੋਏ ਹਨ। ਜੇਕਰ ਇਸ ਤਰ੍ਹਾਂ ਦੇ ਲੋਕਾਂ ਦੀ ਘੁਸਪੈਠ ਹੋ ਗਈ ਤਾਂ ਜਲਦੀ ਹੀ ਉਚਾਈਆਂ ਵੱਲ ਲੂੰ ਜਾ ਰਹੇ ਪੰਜਾਬੀ ਸਿਨੇਮਾ ਨੂੰ ਪਤਨ ਵੱਲ ਜਾਣੋਂ ਕੋਈ ਨਹੀਂ ਰੋਕ ਸਕੇਗਾ।


Manohar Lal Brothers
Jewellers
(415) 404-6580
Flagship Store: A-57, Central Market, Lajpat Nagar 2, New Delhi, India
+91-11-4666-6444 | +91-11-29832982 | info@mlbjewels.com